# ਸਮਤਾ

ਜੂਨ 1984 (ਅੰਕ 49)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਜੂਨ 1984

49

ਮੁੱਲ—ਦੋ ਰੁਪਏ

## ਸੰਪਾਦਕੀ/ਕਾਲੇ ਹਾਸ਼ੀਏ ਦਾ ਇਤਿਹਾਸ :

ਪੰਜਾਬ ਦਾ ਇਤਹਾਸ ਜਦੋਂ ਲਿਖਿਆ ਜਾਏਗਾ ਤਾਂ 1947 ਤੋਂ ਬਾਅਦ ਵੀਹਵੀਂ ਸਦੀ ਦਾ ਅੱਠਵਾਂ ਦਹਾਕਾ ਫੇਰ ਕਾਲੇ ਹਾਸ਼ੀਏ ਨਾਲ ਲਿਖਿਆ ਜਾਏਗਾ। ਇਸ ਕਾਲੇ ਹਾਸ਼ੀਏ ਵਾਲੇ ਇਤਹਾਸ ਵਿਚ ਤਿੰਨ ਪਾਤਰਾਂ ਦਾਂ ਨਾਂ ਵਾਰ ਵਾਰ ਆਏਗਾ। ਇਹ ਤਿੰਨ ਪਾਤਰ ਹੋਣਗੇ ਇੰਦਰਾ ਬੀਬੀ, ਲੌਂਗੋਵਾਲ ਅਤੇ ਭਿੰਡਰਾਂ ਵਾਲਾ। ਇੰਦਰਾ ਦਾ ਜ਼ਿਕਰ ਆਵੇਗਾ ਕਿ ਇਹ ਭਾਰਤ ਦੀ ਪ੍ਰਧਾਨ ਮੰਤਰੀ ਸੀ। ਇਹ ਇਕ ਚਾਤੁਰ ਨੀਤੀਵਾਨ ਸੀ। ਸਿਆਸੀ ਤਾਕਤ ਹਾਸਿਲ ਕਰਨ ਲਈ ਜਾਂ ਹਾਸਿਲ ਕੀਤੀ ਸਿਆਸੀ ਤਾਕਤ ਨੂੰ ਕਾਇਮ ਰਖਣ ਲਈ, ਉਹ ਹਰ ਘਟੀਆ ਤੋਂ ਘਟੀਆ ਜਾਂ ਕਮੀਨੀ ਹਰਕਤ ਕਰ ਸਕਦੀ ਸੀ। ਇਹਦੀ ਮਿਸਾਲ ਦਿੱਤੀ ਜਾਏਗੀ ਕਿ 8 ਫਰਵਰੀ 1984 ਨੂੰ ਇਕ 'ਪੰਜਾਬ ਬੰਦ' ਦਾ ਅੰਦੋਲਨ ਜਦੋਂ ਅਕਾਲੀਆਂ ਵਲੋਂ ਸਫ਼ਲ ਤਰੀਕੇ ਨਾਲ ਚਲਾਇਆ ਗਿਆ ਤਾਂ ਉਹਦੀ ਸਫ਼ਲਤਾ ਨੂੰ ਧੁੰਧਲਾ ਕਰਨ ਲਈ ਉਹਦੇ ਅਪਣੇ ਇਸ਼ਾਰੇ ਤੇ ਹਰਿਆਨਾ ਵਿਚ 14 ਫਰਵਰੀ ਸਿੱਖਾਂ ਵਿਰੁਧ ਦੰਗੇ ਕਰਵਾਏ। ਇਦਰਾ ਬੀਬੀ ਦਾ ਜ਼ਿਕਰ ਆਵੇਗਾ ਕਿ ਇਕ ਇਸਤਰੀ ਨੀਤੀਵਾਨ ਹੁੰਦਿਆਂ ਹੋਇਆਂ ਵੀ ਅਤੇ ਦੋ ਬਚਿਆਂ ਦੀ ਮਾਂ ਹੁੰਦਿਆਂ ਹੋਇਆਂ ਵੀ ਸਿਆਸਤ ਦੀ ਖੇਡ ਵਿਚ ਮਾਸੂਮਾਂ ਦਾ ਡੁਲ੍ਹਿਆ ਲਹੂ ਉਹਦੇ ਵਾਸਤੇ ਕੋਈ ਕੀਮਤ ਨਹੀਂ ਰੱਖਦਾ ਸੀ। ਇੰਦਰਾ ਬੀਬੀ ਬਾਰੇ ਇਤਹਾਸ ਵਿਚ ਇਹ ਵੀ ਲਿਖਿਆ ਜਾਏਗਾ ਕਿ ਉਹ ਨਿਹਾਇਤ ਹੀ ਜ਼ਿੱਦੀ ਕਿਸਮ ਦੀ ਔਰਤ ਸੀ ਤੇ ਆਪਣੀ ਘਰੇਲੂ ਅਤੇ ਸਿਆਸੀ ਜ਼ਿੰਦਗੀ ਵਿਚ ਉਹ ਕਿਸੇ ਕਿਸਮ ਦੀ ਵਿਰੋਧਤਾ ਬਰਦਾਸ਼ਤ ਨਹੀਂ ਕਰ ਸਕਦੀ ਸੀ। ਮਿਸਾਲਾਂ ਉਹਦੀ ਆਪਣੀ ਨੂੰਹ ਨਾਲ ਸਲੂਕ ਬਾਰੇ ਤੇ ਅਪਣੀ ਪਾਰਟੀ ਦੇ ਸੀਨੀਅਰ ਲੀਡਰਾਂ ਨੂੰ ਵਾਰੀ ਵਾਰੀ ਪਾਰਟੀ ਤੋਂ ਬਾਹਰ ਰਖਣ ਦੀਆਂ ਦਿੱਤੀਆਂ ਜਾਣਗੀਆਂ। ਕਾਲੇ ਹਾਸ਼ੀਏ ਦੇ ਇਤਹਾਸ ਦਾ ਦੂਜਾ ਪਾਤਰ ਹੋਵੇਗਾ ਸੰਤ ਲੌਂਗੋਵਾਲ। ਇਸ ਦਾ ਸੰਖੇਪ ਵਿਚ ਜ਼ਿਕਰ ਇਸ ਤਰ੍ਹਾਂ ਆਏਗਾ ਕਿ ਇਹ ਇਕ ਸੰਤਨੁਮਾ ਸਿੱਖਾਂ ਦਾ ਲੀਡਰ ਸੀ, ਜਿਸਨੂੰ ਆਪ ਵੀ ਕਦੀ ਪਤਾ ਨਹੀਂ ਲਗ ਸਕਿਆ ਕਿ ਉਹ ਸਿਆਸਤ ਵਿਚ ਕਿਉਂ ਆਇਆ? ਉਹਨੇ ਅਪਣੇ ਸਿਰ ਤੇ ਇਹੋ ਜਿਹੀਆਂ ਜ਼ਿਮੇਵਾਰੀਆਂ ਲਈਆਂ ਜਿਨ੍ਹਾਂ ਨੂੰ ਨਿਭਾਉਣ ਵਾਸਤੇ ਉਹਦੇ ਕੋਲ ਨਾ ਹੀ ਸੂਝ ਤੇ ਨਾਂ ਹੀ ਇਰਾਦਾ ਸੀ। ਮਿਸਾਲਾਂ ਦਿੱਤੀਆਂ ਜਾਣਗੀਆਂ ਕਿ ਉਹਦੇ ਦੇਖਦਿਆਂ ਦੇਖ-ਦਿਆਂ ਹੀ ਮੋਰਚੇ ਦੀ ਆੜ ਲੈ ਕੇ ਪੰਜਾਬ ਦਾ ਸਾਰਾ ਸਮਾਜ ਦੁਸ਼ਮਣ ਲਾਣਾ ਹਰਿਮੰਦਰ ਸਾਹਿਬ ਵਿਚ ਡੇਰਾ ਲਗਾਕੇ ਬੈਠ ਗਿਆ, ਪਰ ਉਹਨੇ ਆਪਣੀਆਂ ਅੱਖਾਂ ਬੰਦ ਰਖੀਆਂ। ਕਾਲੇ ਹਾਸ਼ੀਏ ਦੇ ਇਤਹਾਸ ਦਾ ਤੀਜਾ ਪਾਤਰ ਹੋਵੇਗਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ। ਇਸਦਾ ਜ਼ਿਕਰ ਆਵੇਗਾ ਕਿ ਇਕ ਐਸਾ ਸੰਤ ਸੀ, ਜਿਸਨੂੰ ਪਹਿਲੋ ਪਹਿਲ ਲੋਕ ਇਸ ਤਰ੍ਹਾਂ ਜਾਣਦੇ ਸਨ ਕਿ ਉਹ ਇਕ ਡੇਰੇ ਦਾ ਮੁੱਖੀ ਹੈ, ਸਿੱਖੀ ਦਾ ਪਰਚਾਰ ਇਹਦਾ ਮਿਸ਼ਨ ਸੀ। ਪਿੰਡਾਂ ਵਿਚ ਜਾ ਕੇ ਇਹ ਅਮ੍ਰਿਤ ਪਰਚਾਰ ਕਰਦਾ ਸੀ। ਇਕ ਗਿਆਨੀ ਜ਼ੈਲ ਸਿੰਘ ਹੁੰਦਾ ਸੀ (ਜੋ

**ਇਸ ਅੰਕ ਵਿਚ**—ਸੰਪਾਦਕੀ—ਕਾਲੇ ਹਾਸ਼ੀਏ ਦਾ ਇਤਹਾਸ, ਕੁਝ ਚਿੱਠੀਆਂ, ANTI, 47 ਫਰੰਟ।
ਵਿਚਾਰ ਚਰਚਾ : ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮਤਭੇਦਾਂ ਦਾ ਮਸਲਾ।
ਪੁਸਤਕ ਪਹਿਚਾਣ : '...ਤੇ ਦੇਵ ਪੁਰਸ਼ ਹਾਰ ਗਏ', ਡਾਕਟਰ ਕਾਵ੍ਹਰ।
ਕਵਿਤਾ : ਹਾਥੀਆਂ ਦੀ ਲੜਾਈ—ਉਦੇ ਪ੍ਰਕਾਸ਼
ਕਹਾਣੀਆਂ : 'ਅਪਣੀ ਧਿਰ—ਪਰਾਈ ਸਾਂਝ'/ਲਾਲ ਸਿੰਘ, 'ਬੀਜ ਤੇ ਮਿੱਟੀ'/ਹਰੀ ਪ੍ਰਕਾਸ਼ ਸ਼ਰਮਾ
ਦਸਤਾਵੇਜ਼ : ਕ੍ਰਾਂਤੀਕਾਰੀ ਸਾਹਿਤ ਸਭਾ ਦੇ ਨੁਮਾਇੰਦਿਆਂ ਦੀ ਜਸਵੰਤ ਕੰਵਲ ਨਾਲ ਮੁਲਾਕਾਤ
ਪਾਠਕ ਲੇਖਕ ਫੋਰਮ : ਫਿਰਕਾਪ੍ਰਸਤੀ ਵਿਰੁਧ ਸਾਂਝੇ ਐਕਸ਼ਨਾਂ ਬਾਰੇ ਤੇ ਹੋਰ ਫੁੱਟਕਲ ਵਿਸ਼ਿਆਂ ਬਾਰੇ

**ਬੀਬੀ ਅਮਰ ਕੌਰ ਜੀ** ਸਾਡੇ ਦਰਮਿਆਨ ਨਹੀਂ ਰਹੇ। ਇਸ ਦੌਰ ਵਿਚ ਜਦੋਂ ਜਮਹੂਰੀ ਤਾਕਤ ਫਿਰਕੂ ਜਨੂੰਨ ਵਿਰੁੱਧ ਇਕ ਜ਼ੋਰਦਾਰ ਸੰਘਰਸ਼ ਕਰ ਰਹੀਆਂ ਹਨ,। ਬੀਬੀ ਜੀ ਦੀ ਹਾਜ਼ਰੀ ਸਾਡੇ ਲੲਂਈ ਇਕ ਵੱਡੀ ਪ੍ਰੇਰਨਾ ਸੀ ਉਹਨਾਂ ਦੇ ਰਾਹੀਂ ਸਾਨੂੰ ਸ਼ਹੀਦ ਭਗਤ ਸਿੰਘ ਨਾਲ ਨੇੜਤਾ ਦਾ ਅਹਿਸਾਸ ਹੁੰਦਾ ਸੀ। ਅਦਾਰਾ 'ਸਮੇਤਾ' ਉਹਨਾਂ ਦੇ ਵਿਛੜ ਜਾਣ ਤੇ ਸਾਰੇ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦਾ ਹੈ।

—ਸੰਪਾਦਕ

ਬਾਅਦ ਵਿਚ ਭਾਰਤ ਦਾ ਪ੍ਰਧਾਨ ਵੀ ਬਣਿਆ) ਉਹ ਕਿਸੇ ਵੇਲੇ ਪੰਜਾਬ ਦਾ ਮੁੱਖ ਮੰਤਰੀ ਹੁੰਦਾ ਸੀ। 1977 ਵਿਚ ਅਕਾਲੀਆਂ ਕੋਲੋਂ ਹਾਰ ਖਾਣ ਦੇ ਬਾਅਦ ਉਸਨੂੰ ਕਿਸੇ ਐਸੇ ਵਿਅਕਤੀ ਦੀ ਭਾਲ ਸੀ, ਜੋ ਅਕਾਲੀਆਂ ਲਈ ਸਿਰਦਰਦੀ ਬਣ ਸਕੇ। ਉਹਦੀ ਨਜ਼ਰ ਸੰਤ ਭਿੰਡਰਾਂਵਾਲਾ ਦੀ ਸ਼ਕਤੀਸ਼ਾਲੀ ਸ਼ਖਸੀਅਤ ਉਤੇ ਜਾ ਪਈ। ਆ ਮੱਥਾ ਟੇਕਿਆ ਤੇ ਅਰਜ਼ ਕੀਤੀ 'ਸੰਤ ਜੀ, ਅਕਾਲੀਆਂ ਨੇ ਸਿੱਖੀ ਦਾ ਬੇੜਾ ਗਰਕ ਕਰ ਦਿੱਤਾ ਹੈ। ਤੁਹਾਡੇ ਵਰ-ਗੀਆਂ ਸ਼ਕਤੀਆਂ ਨੂੰ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਦੀ ਰਾਖੀ ਕਰਨੀ ਚਾਹੁੰਦੀ ਹੈ (ਮੈਂ ਗੋਬਿੰਦ ਮਾਰਗ ਬਣਵਾਕੇ ਇਸਦਾ ਮੁੱਢ ਕੀਤਾ ਹੈ)' ਸੰਤ ਜੀ ਨੇ ਅਕਾਲੀਆਂ ਨਾਲ ਅਪਨੀ ਪਹਿਲੀ ਟੱਕਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਲਈ, ਜਦੋਂ ਉਹਨਾਂ ਦਾ ਨੰਬਰ ਦੋ ਭਾਈ ਅਮਰੀਕ ਸਿੰਘ ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਤੋਂ ਹਾਰਿਆ। ਸੰਤ ਜੀ ਆਖਿਆ ਕੋਈ ਗੱਲ ਨਹੀਂ। ਇਕ ਹੋਰ ਫਰੰਟ ਹੈ, ਜਿਸ ਤੇ ਕੰਮ ਕਰਦਿਆਂ ਅਗੇ ਆਇਆ ਜਾ ਸਕਦਾ ਹੈ, ਉਹ ਫਰੰਟ ਹੈ 'ਨਿਰੰਕਾਰੀਆਂ ਨੂੰ ਮਾਰ ਕੇ ਸਿੱਖੀ ਦੀ ਸੇਵਾ ਕਰਨੀ ...। ਸੰਤ ਜੀ ਦੇ ਇਤਿਹਾਸ ਵਿੱਚ ਨਿੱਕਾ ਜਿਹਾ ਇਹ ਵੀ ਜ਼ਿਕਰ ਆਵੇਗਾ ਕਿ ਨਿਰੰਕਾਰੀਆਂ ਵਿਰੁੱਧ ਸੰਘਰਸ਼ ਵਿਚ ਜਿਹੜੇ ਪਹਿਲੇ ਸਿੰਘ ਸ਼ਹੀਦ ਹੋਏ, ਉਹ ਇਹਨਾਂ ਕੋਲੋਂ ਹੀ ਪ੍ਰੇਰਨਾ ਲੈ ਕੇ ਹੋਏ (ਇਹ ਵਖਰੀ ਗੱਲ ਹੈ ਕਿ ਅਰਦਾਸਾ ਸੋਧਨ ਤੋਂ ਬਾਅਦ ਇਹਨਾਂ ਨੇ ਆਪ ਮੌਤ ਦੇ ਮੂੰਹ ਜਾਣਾ ਠੀਕ ਨਾ ਸਮਝਿਆ)। ਸੰਨ 1980 ਵਿਚ ਜਦੋਂ ਇਹਨਾਂ ਨੂੰ ਸਿਆਸਤ ਵਿਚ ਲਿਆਉਣ ਵਾਲਾ ਗਿਆਨੀ ਜ਼ੈਲ ਸਿੰਘ ਭਾਰਤ ਦਾ ਗ੍ਰਹਿਮੰਤਰੀ ਬਣ ਗਿਆ ਤਾਂ ਸੰਤ ਜੀ ਨੂੰ ਲੋਕਾਂ ਦੇ ਧਿਆਨ ਦਾ ਕੇਂਦਰ ਬਣਾਉਣ ਲਈ ਕਈ ਕਿਸਮ ਦੇ ਡਰਾਮੇ ਖੇਡੇ ਤੇ ਉਹ ਉਹਨਾਂ ਵਿਚ ਪੂਰੀ ਤਰ੍ਹਾਂ ਕਾਮਯਾਬ ਵੀ ਹੋਇਆ। ਸੰਤ ਜੀ ਇਕ ਸ਼ਕਤਸ਼ਾਲਾ ਤਾਕਤ ਦੇ ਤੌਰ ਤੇ ਕਾਇਮ ਹੋ ਗਏ। 1980 ਤੋਂ ਬਾਅਦ ਅਕਾਲੀਆਂ ਨੂੰ ਵੀ ਲੋੜ ਸੀ ਕਿ ਉਹ ਕੇਂਦਰ ਅਤੇ ਕਾਂਗਰਸ ਦੇ ਵਿਰੁਧ ਟਿਕ ਲੜਾਈ ਲੜਣ। ਧੁਰਾ ਉਹਨਾਂ ਦੀ ਸਿਆਸਤ ਦਾ ਵੀ 'ਪੰਥ ਖਤਰੇ ਵਿਚ ਹੈ' ਸੀ। ਇਸ ਲਈ ਪੰਥ ਦੀ ਏਕਤਾ ਦੇ ਨਾਂ ਤੇ ਉਹਨਾਂ ਵੀ ਸੰਤ ਭਿੰਡਰਾਂਵਾਲੇ ਨੂੰ ਆ ਮੱਥਾ ਟੇਕਿਆ ਤੇ ਮੋਰਚਿਆਂ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਵਿਚ ਉਹਨਾਂ ਦਾ ਡੇਰਾ ਆ ਲਗਵਾਇਆ। ਮੰਜੀ ਸਾਹਿਬ ਰੋਜ਼ ਤਕਰੀਰਾਂ ਹੋਣ ਲਗੀਆਂ। ਪਹਿਲੇ ਸੰਤ ਲੋਂਗੋਵਾਲ ਬੋਲਦੇ, ਇਹ ਮੋਰਚਾ ਸਿਰਫ ਸਿਖਾਂ ਦਾ ਨਹੀਂ, ਇਹ ਸਮੁੱਚੇ ਪੰਜਾਬੀਆਂ ਦਾ ਹੈ। ਫੇਰ ਸੰਤ ਭਿੰਡਰਾਂਵਾਲੇ ਬੋਲਦੇ ਸਿੱਖਾਂ ਨੂੰ ਹਿੰਦੂਆਂ ਦੀ ਗੁਲਾਮੀ ਦੇ ਸੰਗਲ ਤੋੜਣੇ ਪੈਣਗੇ। ਇਹਦੇ ਲਈ ਮੋਟਰਸਾਈਕਲ ਖ੍ਰੀਦੋ, ਹਥਿਆਰ ਖ੍ਰੀਦੋ'... ਬਸ ਫੇਰ ਕੀ ਸੀ। ਕਾਲੇ ਹਾਸ਼ੀਏ ਵਾਲਾ ਇਤਹਾਸ ਹੋਰ ਕਾਲਾ ਹੁੰਦਾ ਗਿਆ। ਹੁਣ ਪੰਜਾਬ ਜਾਂਦਾ ਕਿਥੇ ਹੈ ? ਵਪਾਰ ਬੰਦ, ਬਸਾਂ ਬੰਦ,ਕਤਲੋ ਗਾਰਤ ਦੀਆਂ ਵਾਰਦਾਤਾਂ, ਹਿੱਟਲਿਸਟ ਵਰਗੇ ਸ਼ਬਦਾਵਲੀ ਦੀ ਈਜਾਦ। ਹਾਹਾਕਾਰ ਮੱਚ ਗਈ। ਲੋਕ ਸਹਿਮ ਗਏ। ਲੋਗੋਂਵਾਲ ਕਹਿੰਦੇ 'ਮੋਰਚਾ ਤਾਂ ਵਾਪਸ ਲਵਾਂਗੇ, ਜੇ ਮੰਗਾਂ ਮੰਨੀਆਂ ਜਾਣ' ਇੰਦਰਾ ਕਹਿੰਦੀ : 'ਮੰਗਾਂ ਤਾਂ ਮੰਨੀਆਂ ਜਾਣਗੀਆਂ, ਜੇ ਹਿੰਸਕ ਕਾਰਵਾਈਆਂ ਬੰਦ ਕੀਤੀਆਂ ਜਾਣ'। ਹਿੰਸਕ ਕਾਰਵਾਈਆਂ ਦੀ ਜ਼ਿੰਮੇਵਾਰੀ ਕਿਸ ਤੇ ਹੈ ? ਲੋਗੋਂਵਾਲ ਕਹਿੰਦੇ ਹਨ 'ਸਰਕਾਰ ਕਰਵਾਉਂਦੀ ਹੈ।' ਭਿੰਡਰਵਾਲਾ ਕਹਿੰਦੇ ਹਨ 'ਮੈਂ ਤਾਂ ਗੁਲਾਮੀ ਦੇ ਸੰਗਲ ਤੋੜ ਰਿਹਾ ਹਾਂ' ਤੇ ਸਿਲਸਿਲਾ ਜਾਰੀ ਰਿਹਾ।...ਕਾਲੇ ਹਾਸ਼ੀਏ ਵਾਲਾ ਇਤਹਾਸ ਦਾ ਕਾਂਡ ਜਿਥੇ ਖਤਮ ਹੋਵੇਗਾ, ਉਥੇ ਅਖੀਰ ਵਿਚ ਲਿਖਿਆ ਹੋਵੇਗਾ—ਇਹ ਕਾਂਡ ਲੰਮਾ ਹੋ ਜਾਣਾ ਸੀ, ਪਰ ਕੁਝ ਲੋਕ ਪੱਖੀ ਤਾਕਤਾਂ ਫੇਰ ਪੰਜਾਬ ਵਿਚ ਉਠੀਆਂ ਤੇ ਉਹਨਾਂ ਨੇ ਇਹਨਾਂ ਤਿੰਨਾਂ ਪਾਤਰਾਂ ਨੂੰ ਲਲਕਾਰ ਕੇ ਆਖਿਆ 'ਪੰਜਾਬ ਸਾਡਾ ਹੈ। ਇਹ ਸਿਖਾਂ ਦਾ ਹੈ, ਇਹ ਹਿੰਦੂਆਂ ਦਾ ਹੈ, ਇਹ ਮੁਸਲਮਾਨਾਂ ਦਾ ਵੀ ਹੈ, ਇਹ ਉਹਨਾਂ ਦਾ ਵੀ ਹੈ, ਜਿਨ੍ਹਾਂ ਨੂੰ ਸਾਰੇ ਧਰਮਾਂ ਵਾਲੇ ਨੀਵੀਂ ਜਾਤਾਂ ਦੇ ਆਖਦੇ ਰਹੇ। ਅਸੀਂ ਇਥੇ ਇਕੱਠੇ ਰਹਿਣਾ ਹੈ। ਅਸੀਂ ਤੁਹਾਡੀ ਸਿਆਸਤ ਤੋਂ ਤੰਗ ਆ ਚੁੱਕੇ ਹਾਂ। ਅਸੀਂ ਇਸ ਕਤਲੋਗਾਰਤ ਤੋਂ ਤੰਗ ਆ ਚੁੱਕੇ ਹਾਂ। ਅਸੀਂ ਤੁਹਾਡੇ ਤੋਂ ਨਾਬਰ ਹਾਂ। ਅਸੀਂ ਆਪਣੀਆਂ ਹੋਣੀਆਂ ਦੇ ਆਪ ਮਾਲਕ ਬਣਾਂਗੇ।'

ਆਓ ਇਸ ਕਾਲੇ ਹਾਸ਼ੀਏ ਦੇ ਇਤਿਹਾਸ ਦੇ ਆਖਰੀ ਸ਼ਬਦਾਂ ਦੇ ਰਚਨਹਾਰੇ ਬਣੀਏ ਤੇ ਇਸ ਇਤਿਹਾਸ ਨੂੰ ਸਥਾਪਤ ਕਰਨ ਵਾਲੀ ਆਖਰੀ ਲਾਈਨ ਤੇ ਹਸਤਾਖਤ ਕਰੀਏ।

**ਗੁਰਸ਼ਰਨ ਸਿੰਘ**

## ਇਕ ਚਿੱਠੀ

ਸਮਤਾ ਮਈ 84 'ਚ ਨਛੱਤਰ ਗਿੱਲ ਤੇ ਅਮਰਜੀਤ ਮਾਨਸਾ ਦੀ ਲਿਖਤ ਸਮਤਾ ਦੀਆਂ ਹਨੇਰੇ 'ਚ ਟਕਰਾਂ' ਖੁਦ ਉਹਨਾਂ ਦੋਹਾਂ ਦੀਆਂ ਹਨੇਰੇ 'ਚ ਟਕਰਾਂ ਹੀ ਨਿਬੜੀ ਹੈ ਤੇ ਉਸ ਚੌਖਟ ਤੋਂ ਰਤਾ ਭਰ ਵੀ ਬਾਹਰ ਨਹੀਂ ਜਾਂਦੀ ਜਿਸ ਚੌਖਟ 'ਚ ਸਾਡੇ ਬਹੁਤੇ ਥੱਬੇ ਪੱਖੀ ਪਰਚਿਆਂ ਦੇ ਪੰਨਿਆਂ ਦੇ ਪੰਨੇ ਕਾਲੇ ਹੁੰਦੇ ਹਨ ਮਸਲਨ ਆਪਣੀ ਦਲੀਲ ਲੋਕਾਂ ਤੱਕ ਲੈ ਜਾਣ ਦੀ ਬਜਾਏ ਦੂਸਰੇ ਦੀ ਦਲੀਲ 'ਚ ਨੁਕਸ ਕੱਢਣੇ। ਭਾਰਤ 'ਚ ਕਮਿਊਨਿਸਟ ਲਹਿਰ ਦਾ ਇਹੋ ਸਭ ਤੋਂ ਵੱਡਾ ਦੁਖਾਂਤ ਰਿਹਾ ਹੈ। ਜੋ ਸਾਰੀਆਂ ਧਿਰਾਂ ਆਪਣੇ ਆਪ ਨੂੰ ਠੀਕ ਸਿਧ ਕਰਨ ਤੇ ਦੂਸਰੀ ਧਿਰ ਨੂੰ ਗ਼ਲਤ ਸਾਬਤ ਕਰਨ ਤੇ ਜਿੰਨਾ ਜ਼ੋਰ ਲਾਉਂਦੀਆਂ ਹਨ ਉਸ ਤੋਂ ਅੱਧਾ ਜ਼ੋਰ ਵੀ ਕਮਿਊਨਿਸਟ ਸਿਧਾਂਤ ਨੂੰ ਲੋਕਾਂ ਤਕ ਖੜਨ ਤੇ ਲਾਉਂਦੀਆਂ ਤੇ ਇਥੇ ਕਮਿਊਨਿਸਟ ਵਿਚਾਰਧਾਰਾ ਦੀ ਹਾਲਤ ਅਜ ਵਾਂਗ ਪਤਲੀ ਨਾ ਹੁੰਦੀ।

ਅਜ ਹਾਲਤ ਇਹ ਹੈ ਕਿ ਅਸੀਂ ਆਪਣੇ, ਇਤਿਹਾਸ, ਫ਼ਲਸਫ਼ੇ, ਸਭਿਆਚਾਰਕ ਕਦਰਾਂ ਕੀਮਤਾਂ ਦੀ ਉਸਾਰੂ ਸੋਧ, ਹਰ ਪੱਖ ਲਈ ਪੁਰਜ਼ੂਆਜ਼ੀ ਦੇ ਰਹਿਮਾਂ ਤੇ ਹਾਂ ਤੇ ਸਾਰੀਆਂ ਪਾਰਟੀਆਂ ਦੇ ਬਹੁਤੇ ਕਾਮਰੇਡ ਰਟੇ ਰਟਾਏ ਚਾਰ ਫ਼ਿਕਰਿਆਂ ਤੋਂ ਵਧ ਮਾਰਕਸਵਾਦ ਦਾ ਕੁਝ ਨਹੀਂ ਜਾਣਦੇ ਹੁੰਦੇ। ਉਹਨਾਂ ਨੂੰ ਰੂਸ ਜਾਂ ਚੀਨ ਦੀ ਕਮਿਊਨਿਸਟ ਲਹਿਰ ਬਾਰੇ ਤਾਂ ਵਾਕਫ਼ੀ ਹੋਵੇਗੀ ਪਰ ਖੁਦ ਆਪਣੇ ਦੇਸ਼ ਦੀ ਕਮਿਊਨਿਸਟ ਲਹਿਰ ਬਾਰੇ ਨਹੀਂ। ਖੁਦ ਆਪਣੇ ਸੂਬੇ ਦੇ ਇਤਿਹਾਸ ਬਾਰੇ ਅਲਫ਼ ਬੇ ਨਹੀਂ ਜਾਣਦੇ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਰਣਜੀਤ ਸਿੰਘ, ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਇਹ ਹੈ ਉਹਨਾਂ ਲਈ ਪੰਜਾਬ ਦੇ ਇਤਿਹਾਸ ਦਾ ਅਰਥ। ਕੀ ਇਸ ਸਮੇਂ 'ਚ ਲੋਕਾਂ ਨੇ ਜਬਰ ਦਾ ਵਿਰੋਧ ਨਹੀਂ ਕੀਤਾ, ਕਿੰਨੇ ਲੋਕ ਆਸ਼ਿਕ ਫਾਂਸੀ ਚਾੜੇ ਗਏ। ਦੁਲੇ ਭੱਟੀ ਵਾਂਗ 'ਡਾਕੂ' ਪਰਚਾਰ ਕੇ ਕਤਲ ਕੀਤੇ ਗਏ. ਅਸੀਂ ਇਸ ਪਾਸੇ ਵਲ ਧਿਆਨ ਵੀ ਨਹੀਂ ਦਿੱਤਾ ਕਿ ਇਤਿਹਾਸ ਨੂੰ ਕੁਝ ਰਾਜਿਆਂ ਮਹਾਰਾਜਿਆਂ ਜਾਂ ਧਾਰਮਿਕ ਗੁਰੂਆਂ ਨੇ ਚਮਤਕਾਰਾਂ ਦੇ ਅੜਿਆਂ ਚੋਂ ਕਢ ਕੇ ਲੋਕ ਇਤਿਹਾਸ ਬਣਾ ਪੇਸ਼ ਕਰੀਏ। ਦੁੱਲਾ ਭੱਟੀ ਸਾਡੇ ਲਈ ਅਜੇ ਵੀ ਡਾਕੂ ਈ ਹੈ (ਭਾਵੇਂ ਕੁਝ ਹਲਕਿਆਂ ਵਲੋਂ ਇਹ ਯਤਨ ਸ਼ੁਰੂ ਹੋਏ ਹਨ ਪਰ ਸਮੂਚੇ ਰੂਪ 'ਚ ਦੇਖਿਆ ਉਹ ਆਟੇ 'ਚ ਲੂਣ ਬਰਾਬਰ ਵੀ ਨਹੀਂ) ਤੇ ਫਿਰ ਅਸੀਂ ਫ਼ਿਰਕਾਪ੍ਰਸਤੀ, ਫਿਰਕੂ ਜਨੂੰਨ ਦਾ ਮੁਕਾਬਲਾ ਕਿਸ ਵਿਚਾਰਧਾਰਕ ਆਧਾਰ ਤੇ ਕਰ ਸਕਦੇ ਹਾਂ ਜਦੋਂ ਸਾਡੇ ਕੋਲ ਕੋਈ ਅਧਾਰ ਵੀ ਨਹੀਂ।

1947 ਤੋਂ ਪਹਿਲਾਂ ਤਕ ਦੇ ਬਸਤੀਵਾਦੀ ਪ੍ਰਬੰਧ ਨੂੰ ਛੱਡ ਵੀ ਦੇਈਏ ਤਾਂ ਮਗਰੋਂ ਜੋ ਕੁਝ ਕਾਂਗਰਸ ਦੀ ਅਗਵਾਈ ਵਾਲੀ ਹਕੂਮਤ ਵਲੋਂ ਪ੍ਰਚਾਰਿਆ, ਪੜ੍ਹਾਇਆ ਜਾ ਰਿਹਾ ਹੈ ਉਸ 'ਚੋਂ ਫਿਰਕੂ ਝਖੜ ਨਹੀਂ ਉਠਣਗੇ ਤਾਂ ਹੋਰ ਕੀ ਹੋਵੇਗਾ ਕਿ ਉਨ੍ਹਾਂ ਧਰਮਨਿਰਪੱਖਤਾ ਦੀਆਂ ਦੁਹਾਈਆਂ ਭਾਵੇਂ ਕਿੰਨੀਆ ਵੀ ਪਾਈਆਂ ਜਾਣ। ਅਜ ਸਾਡੇ ਮਾਰਕਸਵਾਦੀ ਸੋਚ ਰਖਣ ਵਾਲਿਆਂ ਲਈ ਇਹ ਕੇਡੀ ਸ਼ਰਮ ਦੀ ਗਲ ਹੈ ਕਿ ਸ਼ਹੀਦ ਭਗਤ ਸਿੰਘ ਦਾ ਨਾਂ ਹਰ ਕੋਈ ਆਪਣੀ ਡੋਲਦੀ ਕੁਰਸੀ ਨੂੰ ਕਾਇਮ ਰੱਖਣ ਲਈ ਵਰਤ ਰਿਹਾ ਹੈ। ਇਸ ਪਰ ਕਸੂਰ ਕਿਹਦਾ ਹੈ? ਨਿਰਸੰਦੇਹ ਸਾਡਾ ਜਿਹੜੇ ਉਹਦੀ ਸੋਚ ਦੇ ਵਾਰਸ ਹੁੰਦਿਆਂ ਉਹਦੀਆਂ ਲਿਖਤਾਂ, ਉਹਦੇ ਨਿਸ਼ਾਨਿਆਂ ਨੂੰ ਆਮ ਲੋਕਾਂ ਤਕ ਨਹੀਂ ਲਿਜਾ ਸਕੇ ਤੇ ਉਹ ਵੀ ਅਜ ਭਗਤ ਸਿੰਘ ਦੇ ਵਾਰਸ ਬਣ ਰਹੇ ਹਨ ਜਿਨ੍ਹਾਂ ਭਗਤ ਸਿੰਘ ਨੂੰ ਫਾਂਸੀ ਦੁਆਉਣ ਪਿਛੇ ਰੋਲ ਅਦਾ ਕੀਤਾ ਤੇ ਉਹ ਵੀ ਜਿਹੜੇ ਕਹਿ ਰਹੇ ਹਨ 'ਖਾਲਿਸਤਾਨ 'ਚ ਕਮਿਊਨਿਸਟਾਂ ਲਈ ਕੋਈ ਥਾਂ ਨਹੀਂ ਹੋਵੇਗੀ' ਉਂਜ ਖੱਬੀ ਧਿਰ ਦੇ ਕਿਸੇ ਵੀ ਗਰੁੱਪ ਨੂੰ ਗਲਤ ਸਿਧ ਕਰਨ ਤੇ ਆਪਣੀ ਪੁਜ਼ੀਸ਼ਨ ਨੂੰ ਠੀਕ ਸਾਬਤ ਕਰਨ ਲਈ ਸਾਡਾ ਸਾਰਾ ਜ਼ੋਰ ਲਗ ਜਾਂਦਾ ਹੈ ਪਰ ਉਸਤੋਂ ਅੱਧਾ ਜ਼ੋਰ ਵੀ ਜੇ ਕਿਤੇ ਅਸੀਂ ਖੱਬੀ ਸਿਆਸਤ ਨੂੰ ਲੋਕਾਂ ਤਕ ਖੜਨ ਤੇ ਲਾਇਆ ਹੁੰਦਾ ਤਾਂ ਪੰਜਾਬ ਦਾ ਅਜ ਇਹ ਹਾਲ ਨਾ ਹੁੰਦਾ।

ਸਾਥੀ ਗਿੱਲ ਤੇ ਮਾਨਸਾ ਲਈ ਹੋਰ ਵਧੇਰੇ ਪਰਚੇ ਹਨ। ਉਨ੍ਹਾਂ ਦੀ ਸੋੜੀ ਸੋਚਣੀ ਦੇ ਮੋਰਚੇ ਦੇ ਜਿਹੜੇ ਇਹੋ ਕੰਮ ਕਰ ਰਹੇ ਹਨ, ਉਹ ਸਮਤਾ ਤੇ ਕਿਉਂ ਆਪਣਾ ਇਹ 'ਇਨਕਲਾਬੀ' ਦ੍ਰਿਸ਼ਟੀਕੋਣ ਠੋਸਣਾ ਚਾਹੁੰਦੇ ਹਨ। ਇਸ ਲਿਖਤ ਦੇ ਜੁਆਬ 'ਚ ਤੁਹਾਡੀ ਸੋਧ ਠੀਕ ਹੈ। ਸੱਚਮੁੱਚ ਹੀ ਸਾਨੂੰ ਬਣੇ ਬਣਾਏ ਦ੍ਰਿਸ਼ਟੀਕੋਣਾਂ ਦੇ ਚੌਖਟਿਆਂ ਤੋਂ ਬਾਹਰ ਆ ਕੇ ਗੱਲ ਕਰਨੀ ਹੋਵੇਗੀ ਤਾਂ ਹੀ ਕੋਈ ਸਾਰਥਕ ਗੱਲ ਹੋ ਸਕੇਗੀ। ਨਹੀਂ ਤਾਂ ਇਸ ਜਨੂੰਨ ਦੇ ਹੜ੍ਹ ਚ ਸੰਭਲਣਾ ਬਹੁਤ ਮੁਸ਼ਕਲ ਹੋਵੇਗਾ। ਪ੍ਰੀਤ ਲੜੀ ਦੇ ਸੁਮੀਤ ਸਿੰਘ ਤੋਂ ਬਾਅਦ ਸੁਖਰਾਜ ਖਦਰ ਦਾ ਕਤਲ ਤੇ ਹੋਰ ਕਈ ਕਮਿਊਨਿਸਟਾਂ ਨੂੰ ਮਾਰਨ ਦੀਆਂ ਕੋਸ਼ਿਸ਼ਾਂ, ਧਮਕੀਆਂ—ਪਰ ਅਸੀਂ ਇਸਦੇ ਮੁਕਾਬਲੇ 'ਚ ਕੀ ਕਰ ਰਹੇ ਹਾਂ? ਇਸ ਸਾਂਝੇ ਦੁਸ਼ਮਣ ਦੇ ਮੁਕਾਬਲੇ 'ਤੇ ਵੀ ਅਸੀਂ ਉਹੋ ਪੁਰਾਣੀਆਂ ਬੋਲੀਆਂ ਬੋਲ ਰਹੇ ਹਾਂ। ਇੱਕੋ

ਜਾਂ ਦੂਸਰੇ ਢੰਗ ਨਾਲ ਇਕ ਦੂਸਰੀ ਧਿਰ ਉਤੇ ਤੋਹਮਤਾਂ ਲਾ ਰਹੇ ਹਾਂ—ਜੇ ਅਸੀਂ ਵਿਚਾਰਧਾਰਕ ਤੌਰ ਤੇ ਵੀ ਮੈਦਾਨ 'ਚ ਨਹੀਂ ਆਉਂਦੇ, 'ਬਾਕੀ' ਤਾਂ ਬਹੁਤ 'ਵੱਡੀਆਂ' ਗੱਲਾਂ ਹਨ।

ਅਕਾਲੀਆਂ ਦੇ 'ਧਰਮ ਯੁਧ' ਬਾਰੇ ਹੁਣ ਕੋਈ ਭੁਲੇਖਾ ਨਹੀਂ ਰਹਿ ਜਾਣਾ ਚਾਹੀਦਾ ਕਿ ਇਹ 'ਕੁਝ ਜਨੂੰਨੀਆਂ' ਦੇ ਮੁੜ ਮਧਯੁੱਗ ਦੇ ਮਜ਼ਬੀ-ਰਾਜਾਂ ਵੱਲ ਜਾਣ ਦੇ 'ਸੁਪਨੇ ਦੀ ਸਾਜ਼ਿਸ਼ ਦਾ ਇਕ ਹਿੱਸਾ ਹੈ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਅਕਾਲੀ ਆਗੂ ਕਿਹੜੀ ਬੋਲੀ ਬੋਲ ਰਿਹਾ ਹੈ। ਜੇ ਮੋਰਚੇ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਦੇ ਪੈਂਤੜਿਆਂ, ਬਿਆਨਾਂ ਤੇ ਐਕਸ਼ਨਾਂ ਦਾ ਗੰਭੀਰਤਾ ਨਾਲ ਅਧਿਅਨ ਕਰੀਏ ਤੇ ਸਿੱਖ ਪਰਸਨੱਲ ਲਾ, ਔਰਤਾਂ ਨੂੰ ਜਾਇਦਾਦ ਦੇ ਹੱਕ ਤੋਂ ਵਾਂਝਿਆ ਕਰਨਾ ਇਹਤੋਂ ਕੀ ਕੁਝ ਸਮਝਿਆ ਨਹੀਂ ਜਾ ਸਕਦਾ?

ਬਲਬੀਰ ਪਰਵਾਨਾ

## 2. ਐਡੀਟਰ ਇੰਡੋਕਨੇਡੀਅਨ ਟਾਈਮਜ਼ ਵੈਨਕੂਵਰ ਦੇ ਨਾਂ ਇਕ ਚਿੱਠੀ

(ਨਸਲਵਾਦ ਵਿਰੁੱਧ ਸੰਘਰਸ਼ ਕਮੇਟੀ ਕਨੇਡਾ ਵੱਲੋਂ ਨਾਟਕ 'ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ', ਕੀਤਾ ਗਿਆ ਤਾਂ ਉਹਦੇ ਵਿਰੁੱਧ 'ਇੰਡੋਕਨੇਡੀਅਨ ਟਾਈਮਜ਼' ਵਿਚ ਕੁਝ ਚਿੱਠੀਆਂ ਛਪੀਆਂ। ਨਾਟਕ ਦੇ ਲੇਖਕ ਦੀ ਹੈਸੀਅਤ ਵਿਚ ਇਹਨਾਂ ਚਿੱਠੀਆਂ ਦਾ ਜਵਾਬ ਮੇਰੇ ਵੱਲੋਂ ਦਿੱਤਾ ਗਿਆ। ਇਹ ਪਾਠਕਾਂ ਦੀ ਦਿਲਚਸਪੀ ਲਈ ਇਥੇ ਦਿਤਾ ਜਾ ਰਿਹਾ ਹੈ)

ਆਪ ਜੀ ਦੇ ਅਖਬਾਰ 27 ਅਪ੍ਰੈਲ, 4 ਮਈ ਦੇ ਅੰਕਾਂ ਵਿਚ ਮੇਰੇ ਲਿਖੇ ਨਾਟਕ 'ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਬਾਰੇ ਪ੍ਰੀਤਮ ਸਿੰਘ ਸਰੀ ਅਤੇ ਮਨੋਹਰ ਸਿੰਘ ਅਟਵਾਲ ਵੱਲੋਂ ਕੁਝ ਟਿੱਪਣੀਆਂ ਪੜ੍ਹਨ ਨੂੰ ਮਿਲੀਆਂ ਹਨ। ਮੈਂ ਇਹਨਾਂ ਸੱਜਣਾਂ ਦਾ ਧਿਆਨ ਕੁਝ ਗੱਲਾਂ ਵੱਲ ਦਵਾਉਣਾ ਚਾਹੁੰਦਾ ਹਾਂ।

ਪਹਿਲੀ ਗੱਲ ਇਹ ਕਿ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਹੀ ਦੋ ਧਿਰਾਂ ਨਹੀਂ ਹਨ। ਇਕ ਧਿਰ ਹੋਰ ਵੀ ਹੈ ਅਤੇ ਇਹ ਧਿਰ ਇਸ ਵੇਲੇ ਵੱਡੀ ਗਿਣਤੀ ਵਿਚ ਹੈ, ਜੋ ਇਹ ਸਮਝਦੀ ਹੈ ਕਿ ਇਕ ਪਾਸੇ ਇੰਦਰਾ ਅਤੇ ਉਹਦੀ ਕਾਂਗਰਸ ਹਿੰਦੋਸਤਾਨ ਵਿਚ ਇਕ ਭ੍ਰਿਸ਼ਟ ਅਤੇ ਨਿਕੰਮੇ ਰਾਜ ਦੀ ਜਨਮਦਾਤਾ ਹੈ ਤਾਂ ਦੂਜੇ ਪਾਸੇ ਇਹ ਵੀ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਅਕਾਲੀਆਂ ਕੋਲ ਵੀ ਲੋਕਾਂ ਦੇ ਫੌਰੀ ਮਸਲਿਆਂ ਦਾ ਕੋਈ ਹੱਲ ਨਹੀਂ ਅਤੇ ਉਹ 'ਧਰਮ ਯੁੱਧ' ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਪਿਛਲੇ 17 ਸਾਲਾਂ ਵਿਚ ਅਕਾਲੀਆਂ ਨੇ ਪੰਜਾਬ ਵਿਚ ਤਿੰਨ ਵਾਰ ਰਾਜ ਕੀਤਾ ਹੈ ਅਤੇ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਉਹਨਾਂ ਦਾ ਰਾਜ ਕਿਸੇ ਗੱਲੋਂ ਵੀ ਕਾਂਗਰਸ ਦੇ ਰਾਜ ਨਾਲੋਂ ਰੱਤੀ ਮਾਤਰਾ ਵਿਚ ਵੀ ਚੰਗਾ ਨਹੀਂ ਸੀ। ਕਨੇਡਾ ਵਿਚ ਵੱਸਦੇ ਪੰਜਾਬੀ, ਜਿਨ੍ਹਾਂ ਵਿਚ ਬਹੁਤੇ ਸਿੱਖ ਭਰਾ ਹਨ, ਇਹ ਕਿਉਂ ਨਹੀਂ ਜਾਣਦੇ?

ਇਹ ਨਾਟਕ ਤੀਜੀ ਧਿਰ ਦੀ ਸੋਚਣੀ ਵਾਲੇ ਲੇਖਕ ਦਾ ਹੈ। ਇੰਦਰਾ ਰਾਜ ਦੇ ਵਿਰੁੱਧ ਲੜਨ ਵਿਚ ਇਸ ਤੀਜੀ ਧਿਰ ਦਾ ਵੱਡਾ ਹਿੱਸਾ ਹੈ। ਐਮਰਜੈਂਸੀ ਦੇ ਦਰਮਿਆਨ ਪੰਜਾਬੀ ਲੇਖਕਾਂ ਵਿਚੋਂ ਇਸ ਨਾਟਕ ਦੇ ਲੇਖਕ ਦਾ ਦਾਅਵਾ ਹੈ ਕਿ ਉਹਨੇ ਆਪਣੇ ਨਾਟਕਾਂ ਵਿਚ ਇੰਦਰਾ ਦੀ ਤਾਨਾਸ਼ਾਹੀ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਅਤੇ ਹਰ ਕਿਸਮ ਦਾ ਮਾਨਸਿਕ ਅਤੇ ਸਰੀਰਕ ਤਸੀਹਾ ਆਪਣੇ ਉਪਰ ਝੱਲਿਆ। ਪਰ ਇਸਦੇ ਨਾਲ ਹੀ ਆਪਣੇ ਲੋਕਾਂ ਨੂੰ ਅਕਾਲੀ 'ਸਰਦਾਰਾਂ' ਅਤੇ ਫਿਰਕੂ ਜਨੂੰਨੀਆਂ ਬਾਰੇ ਚੇਤਨ ਕਰਨਾ ਅਤੇ ਖਬਰਦਾਰ ਕਰਨਾ ਤੀਜੀ ਧਿਰ ਵਾਲਿਆਂ ਦਾ ਵੱਡਾ ਫਰਜ਼ ਹੈ।

ਇਹ ਨਾਟਕ ਪੰਜਾਬ ਦੇ ਪਿੰਡਾਂ ਵਿਚ, ਸ਼ਹਿਰਾਂ ਦੀਆਂ ਸੜਕਾਂ ਤੇ ਇਕ ਸੌ ਤੋਂ ਵੱਧ ਵਾਰ ਖੇਡਿਆ ਜਾ ਚੁੱਕਾ ਹੈ ਅਤੇ ਇਸ ਦੌਰ ਦਾ ਸਾਰਿਆਂ ਨਾਲੋਂ ਵੱਧ ਮਕਬੂਲ ਨਾਟਕ ਹੈ ਕਿਉਂਕਿ ਇਹ ਸ਼ਕਤੀਸ਼ਾਲੀ ਤਰੀਕੇ ਨਾਲ ਸਾਧਾਰਨ ਪੰਜਾਬੀਆਂ ਦੇ ਜਜ਼ਬਿਆਂ ਦੀ ਤਰਜਮਾਨੀ ਕਰਦਾ ਹੈ, ਜੋ ਇਸ ਯੁੱਧ ਅਤੇ ਪੰਜਾਬ ਹਰਿਆਣਾ ਵਿਚ ਕਤਲੋਗ਼ਾਰਤ ਤੋਂ ਤੰਗ ਆ ਚੁੱਕੇ ਹਨ। ਕੁਰਸੀ (ਕਾਂਗਰਸ) ਤੇ ਮੋਰਚਾ (ਅਕਾਲੀ) ਦੇ ਦਰਮਿਆਨ ਜਿਹੜਾ ਸੰਘਰਸ਼ ਚਲ ਰਿਹਾ ਹੈ, ਉਹ ਇਕ ਸਾਧਾਰਨ ਬੰਦੇ ਦੇ ਰੁਜ਼ਗਾਰ ਦੇ ਮਸਲੇ, ਥਾਨਿਆਂ ਵਿਚ ਧੀਆਂ ਭੈਣਾਂ ਦੀ ਖੁਆਰੀ ਦੇ ਮਸਲੇ, ਕਿਸਾਨਾਂ ਨੂੰ ਆਪਣੀ ਜਿਣਸ ਦੇ ਵਾਜਬੀ ਭਾਅ ਦੇ ਮਸਲੇ ਆਦਿਕ ਨੂੰ ਹੱਲ ਨਹੀਂ ਕਰਦਾ। ਵੱਧ ਪਾਣੀਆਂ ਦਾ ਮਸਲਾ ਹਰਿਆਨਾ ਅਤੇ ਰਾਜਸਥਾਨ ਦੇ ਪਾਣੀ ਬੰਦ ਕਰਕੇ ਨਹੀਂ ਹਲ ਹੋ ਸਕਦਾ। ਉਥੇ ਵੀ ਇਹ ਪਾਣੀ ਸਾਧਾਰਨ ਕਿਸਾਨਾਂ ਕੋਲ ਜਾ ਰਿਹਾ ਹੈ, ਜਿਸ ਵਿਚ ਸਿੱਖ ਕਿਸਾਨਾਂ ਦੀ ਗਿਣਤੀ ਬਹੁਤ ਵਡੀ ਹੈ, ਸਗੋਂ ਨਵੇਂ ਡੈਮ ਬਨਾਉਣ ਅਤੇ ਨਵੇਂ ਬਿਜਲੀ ਘਰ ਬਨਾਉਣ ਵਿਚ ਹੱਲ ਹੈ। ਪੰਜਾਬ ਲਈ ਅੰਮ੍ਰਿਤਸਰ, ਜਲੰਧਰ, ਲੁਧਿਆਨਾ, ਪਟਿਆਲਾ ਆਦਿਕ ਸ਼ਹਿਰਾਂ ਦਾ ਅਤੇ ਹਜ਼ਾਰਾਂ ਪਿੰਡ ਦਾ ਵਿਕਾਸ ਸਫੈਦ ਹਾਥੀ ਚੰਡੀਗੜ੍ਹ ਲੈਣ ਨਾਲੋਂ ਵਡਾ ਮੱਸਲਾ ਹੈ। ਨਾਟਕ ਵਿਚ ਇਹ ਸਭ ਕੁਝ ਦਿਖਾਇਆ ਗਿਆ ਹੈ।

ਕੈਨੇਡਾ ਅਤੇ ਹੋਰ ਬਾਹਰਲੇ ਦੇਸ਼ਾਂ ਵਿਚ ਵੱਸਦੇ ਸਿਖਾਂ ਨੂੰ ਬਦੇਸ਼ੀ ਆਲੇ ਦੁਆਲੇ ਵਿਚ ਅਪਣਾ ਸਭਿਆ-

ਚਾਰ ਬਚਾਉਣਾ ਜ਼ਰੂਰ ਮੁਸ਼ਕਿਲ ਹੈ। ਉਹਨਾਂ ਦੇ ਬੱਚੇ ਅਪਣਾ ਸਿੱਖੀ ਸਰੂਪ ਨਹੀਂ ਕਾਇਮ ਰੱਖ ਸਕਦੇ, ਇਹਦੇ ਬਾਰੇ ਉਹਨਾਂ ਦਾ ਸੋਚਣਾ ਬਣਦਾ ਹੈ। ਪਰ ਇਹਦਾ ਇਹ ਮਤਲਬ ਨਹੀਂ ਕਿ ਪੰਜਾਬ ਵਿਚ ਵੀ ਸਿੱਖ ਪੰਥ ਨੂੰ ਕੋਈ ਬਾਹਰ ਤੋਂ ਖਾਈ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕ੍ਰੋੜਾਂ ਦਾ ਬੱਜਟ ਸਿੱਖੀ ਪਰਚਾਰ ਲਈ ਹੈ। ਗੁਰਦੁਆਰਿਆਂ ਦੀ ਗਿਣਤੀ ਹਰ ਦਿਨ ਵੱਧਦੀ ਜਾ ਰਹੀ ਹੈ। ਪੰਜਾਬ ਦੇ ਰਾਜ ਭਾਗ ਵਿਚ ਸਿਖ ਅਫ਼ਸਰਸ਼ਾਹੀ ਦਾ ਪੂਰੀ ਗ਼ਲਬਾ ਇਹ ਚਿੱਟੇ ਦਿਨ ਵਰਗੀਆਂ ਸਚਾਈਆਂ ਹਨ। ਪੰਜਾਬ ਨੂੰ ਉਜਾੜਣ ਵਿਚ ਇੰਦਰਾ ਦੇ ਨਾਲ ਨਾਲ ਅਕਾਲੀਆਂ ਦਾ ਵੀ ਪੂਰਾ ਹਿਸਾ ਹੈ। ਇਹ ਪੰਜਾਬ ਦੇ ਸਾਧਾਰਨ ਲੋਕਾਂ ਦਾ ਫ਼ਤਵਾ ਹੈ (ਜਿਸ ਵਿਚ ਸਿੱਖ, ਹਿੰਦੂ, ਹਰੀਜਨ ਸਭ ਲੋਕ ਸ਼ਾਮਿਲ ਹਨ) ਇਹ ਕੋਈ ਇੰਦਰਾ ਦੇ ਚਾਟੜਿਆਂ ਦਾ ਫ਼ਤਵਾ ਨਹੀਂ। ਕੈਨੇਡਾ ਵਾਲੇ ਮੇਰੇ ਵੀਰੋ ਇਹਨਾਂ ਨੂੰ ਸਮਝੋ। ਅਪਣੇ ਕੀਮਤੀ ਧੰਨ ਨਾਲ ਪੰਜਾਬ ਨੂੰ ਉਜਾੜਣ ਵਿੱਚ ਹਿੱਸਾ ਨਾ ਪਾਓ।

ਇਹ ਨਾਟਕ ਹਾਥੀ ਦੇ ਦੰਦ ਨਹੀਂ, ਜਿਸ ਤਰ੍ਹਾਂ ਕਿ ਮਨੋਹਰ ਸਿੰਘ ਹੋਰਾਂ ਨੇ ਲਿਖਿਆ ਹੈ। ਇਹ ਸ਼ਪਸ਼ਟ ਦੰਦ ਹਨ। ਕਾਂਗਰਸ ਅਤੇ ਅਕਾਲੀਆਂ ਦੀ ਸਿਆਸਤ ਦੇ ਵਿਰੁਧ ਦੰਦ ਹਨ। ਇਹ ਅੰਦਰੋਂ ਤੇ ਬਾਹਰੋਂ ਇਕ ਸੱਚ ਵਾਂਗ ਇਕੋ ਹਨ।

—ਗੁਰਸ਼ਰਨ ਸਿੰਘ ਨਾਟਕਕਾਰ

### 3. ਇਕ ਹੋਰ ਚਿੱਠੀ

ਇਹ ਗੱਲ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਪਾਕਿਸਤਾਨ ਬਨਾਉਣ ਵਿਚ ਬਹੁਤ ਸਰਗਰਮ ਹਿੱਸਾ ਉਹਨਾਂ ਇਲਾਕਿਆਂ ਦੇ ਮੁਸਲਮਾਨਾ ਨੇ ਪਾਇਆ ਜੋ ਹੁਣ ਪਾਕਿਸਤਾਨ ਦਾ ਹਿੱਸਾ ਨਹੀਂ। ਪਾਕਿਸਤਾਨ ਬਣਨ ਦਾ ਨੁਕਸਾਨ ਵੀ ਬਹੁਤਾ ਉਹਨਾਂ ਨੂੰ ਹੀ ਹੋਇਆ ਜਦੋਂ ਉਹ ਆਪ ਹਿੰਦੋਸਤਾਨ ਵਿਚ ਇਕ ਤਰਸਯੋਗ ਘੱਟ ਗਿਣਤੀ ਵਿਚ ਰਹਿ ਗਏ। ਇਹ ਵੇਖਿਆ ਜਾ ਰਿਹਾ ਹੈ ਕਿ ਖਾਲਿਸਤਾਨ ਲਹਿਰ ਵਿਚ ਬਹੁਤੀ ਸਰਗਰਮੀ ਉਹ ਵਿਖਾ ਰਹੇ ਹਨ, ਜੋ ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿਖ ਹਨ। ਖਾਲਿਸਤਾਨ ਬਣਨ ਨਾਲ ਹਰਿਆਨਾ, ਦਿਲੀ ਜਾਂ ਹਿੰਦੋਸਤਾਨ ਵਿਚ ਹੋਰ ਇਲਾਕਿਆਂ ਵਾਲੇ ਸਿਖਾਂ ਨੂੰ ਹੀ ਬਹੁਤਾ ਨੁਕਸਾਨ ਹੋਣਾ ਹੈ। ਇਸ ਗੱਲ ਦਾ ਅਸੀਂ ਪਤਾ ਨਹੀਂ ਕਿਉਂ ਅਹਿਸਾਸ ਨਹੀਂ ਕਰਦੇ? ਸਾਨੂੰ ਇਕ ਸ਼ਾਵਨ-ਵਾਦੀ ਜਹੀ ਫੂਕ ਹੈ ਕਿ ਅਸੀਂ ਸਿੱਖ ਬੜੇ ਬਹਾਦਰ ਹਾਂ ਤੇ ਇਕ ਸਿੱਖ ਸਵਾ ਲੱਖ ਹਿੰਦੂਆਂ ਦੇ ਬਰਾਬਰ ਹੈ। ਪਰ ਸਚਾਈ ਇਹ ਹੈ ਕਿ ਅਜ ਦੇ ਅਧੁਨਿਕ ਯੁੱਗ ਵਿਚ ਇਕ ਬੰਦਾ ਇਕੋ ਹੀ ਬੰਦੇ ਦੇ ਬਰਾਬਰ ਹੈ। ਅਗਰ ਪੰਜਾਬ ਦੇ ਹਿੰਦੂਆਂ ਨੂੰ ਪੰਜਾਬ ਤੋਂ ਬਾਹਰ ਆਉਣਾ ਪਿਆ ਤਾਂ ਲੱਖਾਂ ਸਿਖਾਂ ਦਾ ਭੱਵਿਖ ਹਨੇਰੇ ਵਿਚ ਹੈ ਜੋ ਪੰਜਾਬ ਤੋਂ ਬਾਹਰ ਰਹਿ ਰਹੇ ਹਨ। ਸ... ਇਸ ਖਤਰੇ ਬਾਰੇ ਖੁਸ਼ਵੰਤ ਸਿੰਘ ਹੋਰਾਂ ਨੇ ਸਹੀ ਆਵਾਜ਼ ਉਠਾਈ ਹੈ ਕਿ ਪੰਜਾਬ ਦੇ ਬਾਹਰ ਰਹਿ ਰਹੇ ਲੋਕਾਂ ਨੂੰ ਕੋਈ ਫੰਡ ਅੰਮ੍ਰਿਤਸਰ ਨਹੀਂ ਭੇਜਣਾ ਚਾਹੀਦਾ, ਕਿਉਂਕਿ ਇਹ ਫੰਡ ਉਹਨਾਂ ਹਥਿਆਰਾਂ ਨੂੰ ਖ੍ਰੀਦਨ ਲਈ ਵਰਤਿਆ ਜਾਏਗਾ, ਜੋ ਉਨ੍ਹਾਂ ਦੇ ਭਵਿੱਖ ਨੂੰ ਤਬਾਹ ਕਰ ਰਹੇ ਹਨ।

ਧਰਮ ਦੇ ਝਰੋਖੇ ਤੋਂ: **ਹਰਦੀਪ ਸਿੰਘ ਬੰਬਈ**

### ਇਕ ਸਵਾਲ

ਜਦ ਧਰਮ, ਮਜ਼੍ਹਬ, ਰਿਲੀਜਨ ਇਕੋ ਈਸ਼ਵਰੀ ਗਿਆਨ ਦਿੰਦੇ ਹਨ, ਇਕੋ ਉਪਦੇਸ਼ ਦਿੰਦੇ ਹਨ ਖਾਲਕ ਦੀ ਖ਼ਲਕ ਨਾਲ ਪਿਆਰ ਕਰੋ, ਸਰਬਤ ਦਾ ਭਲਾ ਕਰੋ, ਵਿਰੋਧੀ ਨੂੰ ਖ਼ਿਮਾ ਕਰੋ, ਉਸਦੀ ਵਿਰੋਧਤਾਈ ਨੂੰ ਬਰਦਾਸ਼ਤ ਕਰੋ, ਫਿਰ ਧਰਮਾਂ ਦੀ ਗਿਣਤੀ ਇਤਨੀ ਕਿਉਂ, ਇਕ ਦੂਸਰੇ ਤੋਂ ਅੜਰੇ ਕਿਉਂ, ਇਕ ਧਰਮ ਨੂੰ ਮੰਨਣ ਵਾਲੇ ਦੂਸਰੇ ਧਰਮ ਨੂੰ ਮੰਨਣ ਵਾਲਿਆਂ ਵਿਚ ਲੜਾਈ ਕਿਉਂ?

ਇਕੋ ਧਰਮ ਵਿਚ ਬਹੁਤੀਆਂ ਵੰਨਗੀਆਂ ਕਿਉਂ? ਜਿਵੇਂ ਇਸਲਾਮ ਵਿਚ ਸ਼ੀਹਾ ਸੁੰਨੀ, ਮਿਰਜ਼ਈ, ਬਹੂਰਾਈ; ਇਸਾਈ ਵਿਚ ਕੈਥਲਿਕ, ਪ੍ਰੋਟੈਸਟਿੰਟ; ਹਿੰਦੂਆਂ ਵਿਚ ਸਨਾਤਨੀ, ਸਮਾਜੀ; ਸਿੱਖਾਂ ਵਿਚ ਨਾਮਧਾਰੀ, ਨਿਰੰਕਾਰੀ, ਰਾਧਾ ਸਵਾਮੀ ਆਦਿ ਕਿਉਂ?

"ਮਜ਼੍ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ" ਫਿਰ ਪਾਕਿਸਤਾਨ ਬੰਗਲਾ ਦੇਸ਼ ਲੜੇ ਕਿਉਂ? ਇਰਾਨ ਇਰਾਕ ਲੜਦੇ ਕਿਉਂ?

"ਸਵੈ ਧਰਮ ਸਰੇਅ ਪਰ ਧਰਮ ਭਇਆ ਭਹ, ਪਰ ਧਰਮ ਪਰੀਤੇਜਮ ਮਾਮਕਮ ਸਰਨਮ ਬ੍ਰਜ" ਅਰਥਾਤ ਦੂਸਰੇ ਦਾ ਧਰਮ ਡਰੌਣਾ ਹੈ, ਮੇਰਾ ਧਰਮ ਸਰਬ ਸਰੇਸ਼ਠ ਹੈ ਤਾਂ ਕਿ ਦੂਸਰਾ ਧਰਮ ਛੱਡ ਕੇ ਮੇਰੇ ਧਰਮ ਵਿਚ ਆ ਜਾਉ। ਦੂਸਰੇ ਦੇ ਧਰਮ ਦੀ ਨਿੰਦਾ ਕੀਤੀ ਜਾਂਦੀ ਹੈ ਕਿਉਂ? ਆਪਣੇ ਧਰਮ ਦੇ ਗੁਣ ਗਾਏ ਜਾਂਦੇ ਹਨ ਕਿਉਂ?

ਸਾਰੀਆਂ ਪਾਰਟੀਆਂ ਕੌਮੀ ਤੇ ਸੂਬਾਈ ਦਾਅਵਾ ਕਰਦੀਆਂ ਹਨ ਕਿ ਉਹ ਫਿਰਕਾਪ੍ਰਸਤ ਨਹੀਂ ਹਨ, ਉਨ੍ਹਾਂ ਦੇ ਮੋਰਚੇ ਫਿਰਕਾਪ੍ਰਸਤੀ ਤੇ ਅਧਾਰਤ ਨਹੀਂ ਹਨ, ਫਿਰਕੂ ਸਦਭਾਵਨਾ ਦਾ ਉਹ ਪਰਚਾਰ ਕਰਦੇ ਹਨ, ਫਿਰਕਾਪ੍ਰਸਤੀ ਦੇ ਵਿਰੁੱਧ ਹਨ, ਸਾਰੀਆਂ ਪਾਰਟੀਆਂ ਰਲ ਕੇ ਕੌਮੀ ਏਕਤਾ ਦਾ ਸਮਾਗਮ ਕਰਦੀਆਂ ਹਨ, ਕੱਠੀਆਂ ਅਮਨ ਮਾਰਚ ਕਰਦੀਆਂ ਹਨ। ਫਿਰਕਾਪ੍ਰਸਤੀ ਮੁਰਦਾਬਾਦ ਦੇ ਨਾਹਰੇ ਲਾਉਂਦੀਆਂ ਹਨ, ਫਿਰ ਇਹਨਾਂ ਰਾਜਸੀ ਪਾਰਟੀਆਂ ਵਿਚ ਫਿਰਕੂ ਭਾਵਨਾ ਫਿਰਕੂ ਪਾਲਸੀ ਹਾਵੀ ਹੁੰਦੀ ਹੈ ਕਿਉਂ?

ਹਿੰਦ ਸਰਕਾਰ ਸੇਕੂਲਰ ਧਰਮ ਨਿਰਪੇਖ ਦਾ ਦਾਅਵਾ ਕਰਦੀ ਹੈ, ਪਰ ਹਰ ਕੰਮ ਇਸਦੇ ਖਾਸ ਇਕ

[illegible] ਹੁਦ ਹਨ ਕਿਉਂ ?

ਜਦ ਕਿ ਵਿਦਿਆ ਵਿਗਿਆਨਕ ਹੈ, ਸਾਰੇ ਫਿਰਕੇ ਦੇ ਲੋਕ ਇਕੱਠੇ ਪੜ੍ਹਦੇ ਹਨ ਫਿਰ ਸਕੂਲ ਕਾਲਜ, ਯੂਨੀਵਰਸਿਟੀਆਂ ਦੇ ਨਾਮ ਖਾਸ ਖਾਸ ਫਿਰਕਿਆਂ ਦੇ ਨਾਮ ਨਾਲ ਜੋੜੇ ਜਾਂਦੇ ਹਨ, ਕਿਉਂ ? ਜਿਵੇਂ ਖਾਲਸਾ ਸਕੂਲ, ਹਿੰਦੂ ਕਾਲਜ, ਹਿੰਦੂ ਯੂਨੀਵਰਸਿਟੀ, ਮੁਸਲਿਮ ਯੂਨੀਵਰਸਿਟੀ ਆਦਿ । ਕਿਸੇ ਵਿਦਿਆਲੇ ਵਿਚ ਸਿਰਫ ਗੀਤਾ, ਵੇਦ, ਗਾਇਤ੍ਰੀ; ਕਿਸੇ ਵਿਚ ਸਿਰਫ ਗੁਰਬਾਣੀ ਕਿਸੇ ਵਿਚ ਸਿਰਫ ਕੁਰਾਨ ਤੇ ਬਾਈਬਲ ਪੜ੍ਹਾਈ ਜਾਂਦੀ ਹੈ; ਕਿਉਂ ? ਜੇ ਮਾਨਵ ਸਮਾਜ ਇਕ ਹੈ ਇਸਦਾ ਮਾਨਵੀ ਧਰਮ ਵੀ ਇਕ ਹੈ ਇਸਨੂੰ ਇਕ ਧਰਮ ਕਰਕੇ ਪੜਾਇਆ ਨਹੀਂ ਜਾਂਦਾ ਕਿਉਂ ? ਧਰਮ ਅਨੇਕ ਮਾਨਵੌਂਤਾਂ ਏਕ ਕਿਹਾ ਜਾਂਦਾ ਹੈ ਕਿਉਂ ?

ਇਹ ਸਵਾਲ ਮਮੂਲੀ ਨਹੀਂ । ਇਸੇ ਸਵਾਲ ਨੇ ਦੁਨੀਆਂ ਨੂੰ ਔਖਿਆਂ ਕੀਤ੍ਹਾ ਹੋਇਆ ਹੈ । ਇਸ ਸਵਾਲ ਦਾ ਹੱਲ ਲੱਭੇ ਬਗੈਰ ਦੁਨੀਆਂ ਸੌਖੀ ਨਹੀਂ ਹੋ ਸਕਦੀ । ਲੜਾਈ ਝਗੜੇ ਖਤਮ ਨਹੀਂ ਹੋਣ ਲੱਗੇ । ਇਸਨੂੰ ਨਿੱਜੀ ਸਮਝਕੇ ਨਾ ਛੱਡੋ । ਬਚਪਨ ਤੋਂ ਹੀ ਇਸਦੀ ਇਹੋ ਜਹੀ ਗੁੜਤੀ ਮਿਲਦੀ ਹੈ, ਇਸਦੇ ਜਨੂੰਨ ਦੀ ਚੰਗਿਆੜੀ ਮਘਦੀ ਰਹਿੰਦੀ ਹੈ ਜੋ ਵਡਿਆਂ ਹੋ ਕੇ ਭਾਂਬੜ ਬਣਕੇ ਵਿਰਾਟ ਰੂਪ ਅਖਤਿਆਰ ਕਰਦੀ ਹੈ । ਧਾਰਮਕ ਅਦਾਰੇ ਵਿਹਲੜਾਂ ਦੇ ਡੇਰੇ ਬਣ ਜਾਂਦੇ ਹਨ । ਰਚਨਾਤਮਕ ਕੰਮ ਤਾਂ ਕਿਤੇ ਰਿਹਾ 'ਵਿਹਲੜ ਮਨ ਸ਼ੈਤਾਨ ਦਾ ਚਰਖਾ ਬਣ ਜਾਂਦਾ ਹੈ ਤੇ ਵਿਹਲੜਾਂ ਦਾ ਸਭਿਆਚਾਰ ਸਿਰਜਦਾ ਹੈ' 'ਇਹਨ੍ਹਾਂ ਧਰਮਸਾਲਾਂ ਦੀਆਂ ਰੋਟੀਆਂ, ਤਿੰਨ ਕੰਮ ਕਰੇਨ । ਹੱਡ ਗਾਲਣ, ਮੱਤ ਮਾਰਨ ਤੇ ਚੰਗੇ ਕੰਮ ਕਰਨ ਨਾ ਦੇਣ।'

ਕੀ 'ਧਰਮ' ਦਾਸ ਤੇ ਜਗੀਰਦਾਰੀ ਜੁਗ ਦੀ ਉਪਜ ਨਹੀਂ ? ਉਸੇ ਪ੍ਰਬੰਧ ਨੂੰ ਮਜ਼ਬੂਤ ਕਰਨ ਦ ਈ ਇਹ ਵਡਾ ਹਥਿਆਰ ਨਹੀਂ ? ਫਿਰ ਇਸ ਵਿਚੋਂ ਪ੍ਰੋਗਰੈਸਿਵਇਜ਼ਮ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿਉਂ ? ਇਸ ਦੇ ਦੋ ਅਰਥ ਹਾਂ ਪੱਖੀ ਤੇ ਨਾ ਪੱਖੀ ਕੀਤੇ ਜਾਂਦੇ ਹਨ ਕਿਉਂ ? ਇਕੋ ਸਿੱਕੇ ਦੇ ਦੋਵੇਂ ਪਾਸੇ ਕਿਹਾ ਨਹੀਂ ਜਾਂਦਾ, ਕਿਉਂ ? ਇਹ ਉਸੇ ਜੁਗ ਨੂੰ ਮੁੜ ਸੁਰਜੀਤ ਨਹੀਂ ਕਰੇਗਾ ? ਇਸਦੇ ਮਾਰੂ ਸਿੱਟੇ ਨੱਜ਼ਰ ਨਹੀਂ ਆਏ ? ਇਸਨੂੰ ਨਿੱਜੀ ਸਮਝਕੇ ਛੱਡ ਦਿੱਤਾ ਜਾਂਦਾ ਹੈ ਕਿਉਂ ? ਰਾਜ ਸੱਤਾ ਆਪਣੇ ਹਿਤ ਲਈ ਇਸਨੂੰ ਹਵਾ ਦਿੰਦੀ ਹੈ । 'ਧਰਮ ਅਨੇਕ' ਦਾ ਨਾਹਰਾ ਉਸਦੇ ਹਿੱਤ ਵਿਚ ਜਾਂਦਾ ਹੈ ।

'ਕੌਮੀ ਏਕਤਾ' ਸਮਾਗਮ, ਸਦਭਾਵਨਾ ਕਮੇਟੀਆਂ, ਅਮਨ ਮਾਰਚ ਲੁਟੇਰੀ ਜਮਾਤ ਦੇ ਭੁਲੇਖੇ ਪਾਊ ਟੈਂਪਰੇਰੀ ਕੀਉਰੇਟਿਵ ਇਲਾਜ ਹਨ । ਪਰਮਾਨੈਂਟ ਪ੍ਰੀਵੈਂਟਿਵ ਇਲਾਜ ਤਾਂ ਸਰਮਾਏ ਦਾ ਪ੍ਰਬੰਧ 'ਦਾ ਖ਼ਾਤਮਾ, ਇਸ ਵਲ ਕਦਮ ਪੁਟੇ ਨਹੀਂ ਜਾਂਦੇ, ਕਿਉਂ ? ਬਹੁ-ਪਾਰਟੀਆਂ ਦੀ ਹੋਂਦ ਮਹਾਜਨੀ ਚੌਖਟੇ ਦਾ ਹੀ ਪ੍ਰਤੀਕ ਹੈ। ਜਿਸਦਾ ਖਾਸਾ ਆਪਾ ਵਿਰੋਧ ਉਤੇ ਅਧਾਰਤ ਹੈ। ਇਸ ਮਹਾਜਨੀ ਪ੍ਰਬੰਧ ਨੂੰ ਭਾਂਜ ਦੇਣੀ ਕਿਰਤੀਆਂ ਦਾ ਹੀ ਕੰਮ ਹੈ । ਸੋ ਸਭੇ ਕਿਰਤੀ ਇਕ ਝੰਡੇ ਥੱਲੇ ਕੱਠੇ ਹੋ ਕੇ ਕਿਰਤੀ ਰਾਜ ਪ੍ਰਬੰਧ ਦੀ ਸਥਾਪਨਾ ਵਲ ਕਦਮ ਚੁੱਕਦੇ ਨਹੀਂ ਕਿਉਂ ? ਕਿਰਤੀਆਂ ਦੀ ਸਰਦਾਰੀ ਥੱਲੇ ਕਿਰਤੀ ਰਾਜ ਪ੍ਰਬੰਧ ਹੀ ਫਿਰਕਾ ਪਰਸਤੀ ਦਾ ਭੋਗ ਪਵੇਗਾ । ਬਹੁ ਪਾਰਟੀਆਂ ਖਤਮ ਹੋਣਗੀਆਂ, ਸਹੁ ਧਰਮ ਖਤਮ ਹੋਣਗੇ । ਇਕੋ ਕਿਰਤੀ ਵਰਗ ਆਪਣੀ ਜੱਥੇਬਾਦੀ ਰਾਹੀਂ ਰਾਜ ਕਰੇਗੀ, ਇਕੋ ਮਾਨਵ ਧਰਮ ਰਹੇਗਾ 'ਜਥੇ ਮਨੁੱਖ ਦੇ ਹਥੋਂ ਮਨੁਖ ਦੀ ਲੁਟ ਨਹੀਂ ਹੋਵੇਗੀ ਸਹੀ ਮਾਹਨਿਆ ਵਿਚ ਸਰਬਤ ਦਾ ਭਲਾ ਹੋਵੇਗਾ ਦੁਨੀਆਂ ਵਿਚ ਅਮਨ ਹੋਵੇਗਾ ਸਿਰਫ ਗਲੀ ਬਾਤੀ ਨਹੀਂ 'ਅਮਲ ਸੇ ਜ਼ਿੰਦਗੀ ਬਨਤੀ ਹੈ ਜਨ੍ਹਤ ਭੀ ਜਹਨਮ ਭੀ' ਕਿਰਤੀਓ ਉਠੋ ਜਾਗੋ "ਆਪਣ ਹੱਥੀ ਆਪਣਾ ਆਪੇ ਹੀ ਕਾਜ ਸਵਾਰੀਏ, ਅਤੇ ਜਨਤਕ ਲਹਿਰ ਸਾਰੀਏ" ਜੁਹਾਨੂੰ ਜਗੀਰਦਾਰ ਸਰਮਾਏਦਾਰ ਆਪਣੇ ਧਾਰਮਕ ਆਗੂਆਂ ਦੇ ਜ਼ਰੀਏ ਆਪਣੇ ਸੁਆਰਥ ਲਈ ਵਖੋ ਵਖ ਫਿਰਕਿਆਂ ਵਿਚ ਵੰਡਕੇ ਲੜਾਂਦੇ ਹਨ, ਇਹਨਾਂ ਦੀ ਚਾਲਾਂ ਤੋਂ ਬਚੋ।

ਆਰ, ਵੀ. ਪਰਤਾਪ

## 47, ਵਿਰੁੱਧ ਫਰੰਟ (Anti 47, Front)

ਪੰਜਾਬ ਦੀ ਮੌਜੂਦਾ ਸਥਿਤੀ ਦੀ ਗੰਭੀਰਤਾ ਨੂੰ ਵੇਖਦੇ ਹੋਏ ਕੈਲੀਫੋਰਨੀਆਂ ਵਿਚ ਬੈਠੇ ਪੰਜਾਬੀ ਦੇਸ਼ ਭਗਤਾਂ ਨੇ ਉਪਰਲੇ ਨਾਂ ਦਾ ਇਕ ਫਰੰਟ ਕਾਇਮ ਕੀਤਾ ਹੈ, ਉਹ ਅਮਰੀਕਾ ਕਨੇਡਾ, ਜਰਮਨੀ, ਇੰਗਲੈਂਡ ਆਦਿਕ ਵਿਚ ਬੈਠੇ ਕੁਲ ਹਿੰਦੋਸਤਾਨੀਆਂ ਨੂੰ, ਜਿਨ੍ਹਾਂ ਵਿਚ ਬਹੁਤੇ ਪੰਜਾਬੀ ਹਨ, ਨੂੰ ਫਿਰਕੂ ਜਨੂੰਨ ਦੇ ਵਿਰੁੱਧ ਰਾਏ ਆਮਾ ਲਾਮਬੰਦ ਕਰਕੇ 47 ਦੀਆਂ ਘਟਨਾਵਾਂ ਨੂੰ ਮੁੜ ਦੁਹਰਾਉਣ ਤੋਂ ਰੋਕਣਾ ਚਾਹੁੰਦੇ ਹਨ । ਉਹਨਾਂ ਦਾ ਨਜ਼ਰੀਆ ਪੰਜਾਬ ਦੀ ਸਮੁੱਚੀ ਖੱਬੀ ਲਹਿਰ ਦੇ ਨਜ਼ਰੀਏ ਨਾਲ ਮਿਲਦਾ ਹੈ। ਉਹ ਜਿਥੇ ਇੰਦਰਾ ਗਾਂਧੀ ਦੀ ਅਗਵਾਈ ਵਿਚ ਚਲਦੀ ਸੈਂਟਰ ਦੀ ਤਾਨਾਸ਼ਾਹੀ ਦੇ ਵਿਰੁੱਧ ਹਨ ਉਥੇ ਉਹ ਸਮਝਦੇ ਹਨ ਕਿ ਫਿਰਕੂ ਜਨੂੰਨੀ ਸੰਸਾਰ ਪੱਧਰ ਤੇ ਇਕ ਬੜੀ ਹੀ ਖਤਰੇ ਵਾਲੀ ਲਹਿਰ ਦੇ ਹੀ ਭਾਗ ਹਨ, ਜਿਸ ਦਾ ਸਾਰਾ ਖਾਸਾ ਫਾਸ਼ੀ ਤਾਨਾਸ਼ਾਹੀ ਹੈ । Anti, 47 Front, P.O Box 2805, Bakers Field CA 93303 U. S. A. ਦਾ ਬਣਨਾ ਸਾਨੂੰ ਉਸ ਲੜਾਈ ਵਿਚ ਉਤਸ਼ਾਹ ਦੇਂਦਾ ਹੈ, ਜੋ ਅਸੀਂ ਇਥੇ ਲੜ ਰਹੇ ਹਾਂ ।

o

# ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮਤਭੇਦਾਂ ਦਾ ਮਸਲਾ

**ਆਰ. ਪੀ. ਸਿੰਘ**

ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮਤਭੇਦਾਂ ਦਾ ਮਸਲਾ ਤੇ ਇਹਨਾਂ ਦਾ ਇਕ ਕਮਿਊਨਿਸਟ ਜਥੇਬੰਦੀ ਵਿਚ ਜਥੇਬੰਦ ਹੋ ਸਕਣਾ ਇਨਕਲਾਬੀ ਕਮਿਊਨਿਸਟ ਲਹਿਰ ਨਾਲ ਸੰਬੰਧਿਤ ਸਾਰੇ ਵਿਅਕਤੀਆਂ ਲਈ ਲੰਮੇ ਸਮੇਂ ਤੋਂ ਚਿੰਤਾ ਤੇ ਨਿਰਾਸ਼ਤਾ ਦਾ ਵਿਸ਼ਾ ਬਣਿਆ ਹੋਇਆ ਹੈ । ਹਿੰਦੁਸਤਾਨ ਦੀਆਂ ਦੋਹਵਾਂ ਸਥਾਪਿਤ ਕਮਿਊਨਿਸਟ ਪਾਰਟੀਆਂ ਵਲੋਂ ਭਾਰਤੀ ਇਨਕਲਾਬ ਦੀ ਦਰੁਸਤ ਸੇਧ ਨਾਲ ਅਗਵਾਈ ਮੁਹਈਆ ਕਰਨ ਵਿਚ ਰਹੀ ਨਕਾਮੀ ਤੋਂ ਬਾਅਦ ਇਹਨਾਂ ਨੇ ਆਪਣਾ ਕਮਿਊਨਿਸਟ ਚਰਿਤਰ ਤੇ ਪਤ੍ਰਤ ਵੀ ਤੇਜ਼ੀ ਨਾਲ ਗਵਾਈ ਹੈ । ਇਹਨਾਂ ਹਾਲਤਾਂ ਵਿਚ ਭਾਰਤ ਦੇ ਮਿਹਨਤਕਸ਼ ਲੋਕਾਂ ਤੇ ਖੱਬੇ ਪੱਖੀ ਬੁਧੀਜੀਵੀਆਂ ਦੀ ਇਕੋ ਆਸ 1967 ਦੇ ਨਕਸਲਬਾੜੀ ਉਭਾਰ ਵਿਚੋਂ ਪੈਦਾ ਹੋਏ ਕਮਿਊਨਿਸਟ ਇਨਕਲਾਬੀਆਂ ਤੇ ਹੀ ਰਹੀ ਹੈ । ਕਿਉਂਕਿ ਚਾਹੇ ਇਹ ਵੀ ਅਜੇ ਤੱਕ ਭਾਰਤੀ ਸਮਾਜ ਦੀਆਂ ਠੋਸ ਹਾਲਤਾਂ ਮੁਤਾਬਿਕ ਦਰੁਸਤ ਨੀਤੀ ਘੜਕੇ ਤੇ ਅਮਲ ਵਿਚ ਲਾਗੂ ਕਰਕੇ ਭਾਰਤੀ ਇਨਕਲਾਬ ਨੂੰ ਅੱਗੇ ਲਿਜਾਣ ਵਿਚ ਅਸਫਲ ਰਹੇ ਹਨ ਪ੍ਰੰਤੂ ਫਿਰ ਵੀ ਕਮਿ: ਇਨਕਲਾਬੀਆਂ ਦੇ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਅਸੂਲਾਂ ਤੇ ਇਮਾਨਦਾਰੀ ਤੇ ਦ੍ਰਿੜਤਾ ਨਾਲ ਖੜ੍ਹਨ ਅਤੇ ਇਨਕਲਾਬ ਲਈ ਸਮਰਪਿਤ ਹੋਣ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਇਥੋਂ ਤੱਕ ਕਿ ਹਰ ਕਿਸਮ ਦੇ ਵਿਰੋਧੀਆਂ ਵਲੋਂ ਕੀਤਾ ਗਿਆ ਕੋਈ ਵੀ ਪ੍ਰਚਾਰ ਲੋਕਾਂ ਦੇ ਮਨਾਂ ਵਿਚੋਂ ਇਹਨਾਂ ਦੇ ਸੂਰਬੀਰ ਇਨਕਲਾਬੀਆਂ ਵਾਲੇ ਬਣੇ ਹੋਏ ਨਕਸ਼ੇ ਨੂੰ ਧੁੰਦਲਾ ਨਹੀਂ ਸਕਿਆ ਇਸੇ ਲਈ ਇਨਕਲਾਬੀ ਲਹਿਰ ਨਾਲ ਲਗਾਅ ਰੱਖਣ ਵਾਲੇ ਹਰ ਵਿਅਕਤੀ ਦੇ ਮਨ ਵਿਚ ਇਹ ਗਲ ਰੜਕਦੀ ਹੈ ਕਿ ਡੇਢ ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਹਿੰਦੁਸਤਾਨ ਦੇ ਇਮਾਨਦਾਰ ਕਮਿਊਨਿਸਟ ਇਕ ਪਲੇਟਫਾਰਮ ਤੇ ਇਕਠੇ ਹੋ ਕੇ ਇਕ ਮੁਲਕ ਪੱਧਰੀ ਪਾਰਟੀ ਦੀ ਉਸਾਰੀ ਕਿਉਂ ਨਹੀਂ ਕਰ ਸਕੇ ? ਇਹਨਾਂ ਦੀ ਸ਼ਕਤੀ ਦਾ ਵੱਡਾ ਹਿੱਸਾ ਕਦੇ ਆਪਸੀ ਬਹਿਸ ਤੇ ਕਦੇ ਇਕ ਦੂਜੇ ਉਤੇ ਊਜਾਂ ਲਾਉਣ ਵਿਚ ਕਿਉਂ ਜ਼ਾਇਆ ਹੋ ਰਿਹਾ ਹੈ ? ਕੀ ਕਮਿ: ਇਨ: ਵਿਚਕਾਰ ਜੋ ਮੱਤਭੇਦ ਜੋ ਵੱਖ-2 ਰਾਵਾਂ ਹਨ ਉਹਨਾਂ ਨੂੰ ਇਕ ਪਾਰਟੀ ਦੇ ਢਾਂਚੇ ਅੰਦਰ ਨਹੀਂ ਵਿਚਾਰਿਆ ਜਾ ਸਕਦਾ ? ਅੱਜੇ ਜਦੋਂ ਕਿ ਆਰਥਿਕ ਸੰਕਟ ਦੇ ਹੋਰ ਡੂੰਘਾ ਹੋ ਜਾਣ ਨਾਲ ਨਾ ਕੇਵਲ ਆਰਥਿਕ ਪੱਖ ਤੋਂ ਸਗੋਂ ਸਮਾਜਿਕ ਤੇ ਰਾਜਨੀਤਕ ਪੱਖ ਤੋਂ ਵੀ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ ਤਾਂ ਲੋਕਾਂ ਦੇ ਗੁੱਸੇ ਨੂੰ ਸਹੀ ਦਿਸ਼ਾ ਵਿਚ ਅਗਵਾਈ ਦੇਣ ਵਾਲੀ ਇਕ ਜੁੱਟ ਸ਼ਕਤੀ ਵਾਲੀ ਪਾਰਟੀ ਦੀ ਘਾਟ ਹੋਰ ਵੀ ਤਿੱਖੀ ਤਰ੍ਹਾਂ ਚੁਭ ਰਹੀ ਹੈ । ਪਾਰਟੀ ਜਿਹੜੀ ਕਿ ਇਸ ਸਾਰੇ ਵਰਤਾਰੇ ਵਿਚ ਠੋਸ ਦਖਲ-ਅੰਦਾਜ਼ੀ ਕਰ ਸਕੇ, ਜਿਹੜੀ ਕਿ ਇਸ ਸਾਮਰਾਜੀ-ਜਗੀਰੂ ਤਾਣੇਬਾਣੇ ਦੀਆਂ ਤੰਦਾਂ ਕੱਟ ਸਕੇ ਤੇ ਸਮਾਜ ਨੂੰ ਤਿਖੀਆਂ ਇਨਕਲਾਬੀ ਤਬਦੀਲੀਆਂ ਦੇ ਰਾਹ ਪਾ ਸਕੇ ।

ਇਸ ਸਾਰੇ ਸੁਆਲ ਦੇ ਸਨਮੁਖ ਆਮ ਵਰਕਰਾਂ ਜਾਂ ਹਮਦਰਦਾਂ ਦੀ ਹਾਲਤ ਇਹ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕਿ ਸਾਡੇ ਦੇਸ਼ ਦੇ ਵੱਖ ਵੱਖ ਕਮਿ. ਇਨ. ਗਰੁੱਪ ਕਿਹੜੇ ਕਿਹੜੇ ਇਲਾਕਿਆਂ ਵਿਚ ਕਿਹੜੀਆਂ 2 ਹਾਲਤਾਂ ਥੱਲੇ ਕੰਮ ਕਰ ਰਹੇ ਹਨ ? ਉਹਨਾਂ ਦੀਆਂ ਕੀ ਕੀ ਨੀਤੀਆਂ ਹਨ ? ਕਿਹੜੇ 2 ਦਾਅਪੇਚ ਅਪਣਾਏ ਜਾ ਰਹੇ ਹਨ ? ਇਹਨਾਂ ਨੀਤੀਆਂ ਤੇ ਦਾਅਪੇਚਾਂ ਦੇ ਕੀ ਸਿੱਟੇ ਨਿਕਲੇ ? ਕੀ ਪ੍ਰਾਪਤੀਆਂ ਤੇ ਕੀ ਘਾਟਾਂ ਰਹੀਆਂ ? ਸਾਡੇ ਨਾਲ ਦੂਸਰੇ ਗਰੁਪਾਂ ਦੇ ਕੀ ਮਤਭੇਦ ਹਨ ? ਹੁਣ ਤਕ ਏਕਤਾ ਕਿਉਂ ਨਹੀਂ ਹੋ ਸਕੀ ? ਆਦਿ ਸੁਆਲਾਂ ਦੇ ਸਨਮੁਖ ਕੁਝ ਵੀ ਤਸੱਲੀਬਖਸ਼ ਰੂਪ 'ਚ ਪਤਾ ਨਹੀਂ ਹੁੰਦਾ । ਅਤੇ ਜਦ ਆਗੂ ਵਿਅਕਤੀਆਂ ਨਾਲ ਕਮਿ ਇਨ. ਦੀ ਫੁੱਟ ਦਾ ਮਸਲਾ ਉਠਾਇਆ ਜਾਂਦਾ ਹੈ ਤਾਂ ਉਹ ਇਹ ਕਿ ਰੂਸ ਵਿਚ ਵੀ ਇਨਕਲਾਬ ਆਉਣ ਤੱਕ ਮਜ਼ਦੂਰ ਜਮਾਤ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲੇ ਅਨੇਕ ਗਰੁਪ ਸਨ, ਸਹੀ ਲਾਈਨ ਵਾਲੀ ਪਾਰਟੀ ਗਲਤ ਲਾਈਨਾਂ ਨੂੰ ਭਾਂਜ ਦੇ ਕੇ ਹੀ ਉਸਾਰੀ ਜਾ ਸਕਦੀ ਹੈ ਜਾਂ ਅਜਿਹੀ ਹੀ ਕੋਈ ਦਲੀਲ ਦੇਣ ਦੀ ਕੋਸ਼ਿਸ਼ ਕਰਦੇ ਹਨ ਤੇ ਫਿਰ ਹਰ ਕੋਈ ਆਪਣੇ ਆਪ ਨੂੰ ਬਲਸ਼ਵਿਕ ਤੇ ਦੂਸਰਿਆਂ ਨੂੰ ਮੇਨਸ਼ਵਿਕ, ਅਰਾਜਕਤਾਵਾਦੀ, ਸੋਸ਼ਲਿਸਟ-ਇਨਕਲਾਬੀ ਆਦਿ ਸਮਝ ਕੇ ਸਿਧਾਂਤਕ ਗੋਲਾਬਾਰੀ ਕਰ ਦਿੰਦਾ ਹੈ. ਆਪਣੇ ਆਪ ਨੂੰ ਬਿਲਕੁਲ ਠੀਕ ਲਾਈਨ ਦਾ ਝੰਡਾ ਬਰਦਾਰ, ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰ-ਧਾਰਾ ਨੂੰ ਸੁਜਿੰਦ ਰੂਪ 'ਚ ਲਾਗੂ ਕਰਨ ਵਾਲੇ ਤੇ ਦੂਸਰਿਆਂ ਨੂੰ ਸੋਧਵਾਦੀ, ਸੁਧਾਰਵਾਦੀ, ਮੌਕਾਪ੍ਰਸਤ, ਕੱਟੜਵਾਦੀ, ਫੁਟਪਾਊ, ਭੰਗਪਾਊ, ਆਦਿ ਆਦਿ ਸਿੱਧ ਕਰਦੇ ਰਹਿੰਦੇ ਹਨ ।

ਉਪਰੋਕਤ ਸਾਰੇ ਪ੍ਰਸੰਗ ਵਿਚ ਇਸ ਲੇਖ ਵਿਚ

ਕਮਿ. ਇਨਕਲਾਬੀਆਂ ਵਿਚਕਾਰ ਕੀ ਮਤਭੇਦ ਹਨ ? ਉਹ ਬੁਨਿਆਦੀ ਨੀਤੀਆਂ ਨਾਲ ਸੰਬੰਧਿਤ ਹਨ ਜਾਂ ਦਾਅਪੇਚਕ ? ਇਹ ਮਤਭੇਦ ਕਿਵੇਂ ਉਭਰੇ ਤੇ ਇਹਨਾਂ ਦਾ ਕਿਧਰ ਨੂੰ ਵਿਕਾਸ ਹੋਇਆ ਤੇ ਹੋ ਰਿਹਾ ਹੈ ? ਭਾਰਤੀ ਕਮਿਊਨਿਸਟ ਲਹਿਰ ਦੀਆਂ ਸਮਸਿਆਵਾਂ ਤੇ ਬਹਿਸ ਕਰਦੇ ਸਮੇਂ ਇਹਨਾਂ ਵਲੋਂ ਇਕ ਦੂਜੇ ਪ੍ਰਤੀ ਕੀ ਦ੍ਰਿਸ਼ਟੀਕੋਣ ਤੇ ਵਤੀਰਾ ਅਪਣਾਇਆਂ ਜਾਂਦਾ ਹੈ ? ਕਿੰਨ੍ਹਾਂ ਗੱਲਾਂ ਦੁਆਲੇ ਇਹਨਾਂ ਦੀ ਮੁੜ ਸਫਬੰਦੀ ਹੋ ਸਕਦੀ ਹੈ ! ਆਦਿ ਸੁਆਲਾਂ ਨੂੰ ਮੁੱਖ ਰੂਪ 'ਚ ਪੰਜਾਬ ਦੇ ਕਮਿ ਇਨਕਲਾਬੀ ਗਰੁੱਪਾਂ/ਪਾਰਟੀਆਂ ਦੇ ਸਬੰਧ ਵਿਚ ਰੱਖ ਕੇ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ।

ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮਤਭੇਦਾਂ ਨੂੰ ਅਸੀਂ ਦੋ ਦੌਰਾਂ ਵਿਚ ਵੰਡ ਸਕਦੇ ਹਾਂ ।

(1) 1967-77 ਤੱਕ ਦਾ ਦਹਾਕਾ (2) 1977 ਤੋਂ ਹੁਣ ਤੱਕ ।

1967 ਦੀ ਬਸੰਤ ਰੁੱਤ ਵਿੱਚ ਨਕਸਲਬਾੜੀ ਦੇ ਇਲਾਕੇ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਜਮਾਤੀ ਸੰਘਰਸ਼ ਦੇ ਹਥਿਆਰਬੰਦ ਬਗਾਵਤ ਦਾ ਰੂਪ ਧਾਰਨ ਕਰ ਜਾਣ ਨਾਲ ਦੇਸ਼ ਦੇ ਸਾਰੇ ਭਾਗਾਂ ਵਿਚੋਂ ਕਮਿ. ਇਨਕਲਾਬੀ ਸੋਧਵਾਦੀਆਂ ਨਾਲੋਂ ਨਿਖੇੜਾ ਕਰ ਕੇ ਅੱਗੇ ਆਏ ਅਤੇ ਆਪਣੀਆਂ ਕਾਰਵਾਈਆਂ ਦਾ ਤਾਲਮੇਲ ਬਿਠਾਉਣ ਤੇ ਮੁਲਕ ਪੱਧਰੀ ਪਾਰਟੀ ਵਿੱਚ ਜਥੇਬੰਦ ਹੋਣ ਲਈ ਇਕ ਤਾਲਮੇਲ ਢਾਂਚਾ ਕਾਇਮ ਕਰ ਲਿਆ ਗਿਆ । ਇਸ ਸਮੇਂ ਸਾਰੇ ਕਮਿ ਇਨ. ਵਿਚਕਾਰ ਇਹਨਾਂ ਬੁਨਿਆਦੀ ਨੁਕਤਿਆਂ ਤੇ ਸਹਿਮਤੀ ਸੀ ਕਿ 1. ਮਾਓ ਵਿਚਾਰਧਾਰਾ ਅੱਜ ਦੇ ਯੁੱਗ ਵਿੱਚ ਮਾਰਕਸਵਾਦ ਲੈਨਿਨਵਾਦ ਦਾ ਵਿਕਸ਼ਿਤ ਰੂਪ ਹੈ 2. ਸਟਾਲਿਨ ਦੀ ਮੌਤ ਤੋਂ ਬਾਅਦ ਰੂਸ ਇਕ ਸਮਾਜਵਾਦੀ ਮੁਲਕ ਤੋਂ ਸਾਮਰਾਜੀ ਤਾਕਤ ਵਿੱਚ ਤਬਦੀਲ ਹੋ ਗਿਆ ਹੈ 3. ਭਾਰਤ ਇਕ ਅਰਧ ਜਗੀਰੂ-ਅਰਧ ਬਸਤੀਵਾਦੀ ਦੇਸ਼ ਹੈ 4. ਇਸ ਲਈ ਭਾਰਤੀ ਇਨਕਲਾਬ ਦਾ ਰਾਹ ਚੀਨ ਦੀ ਤਰ੍ਹਾਂ ਲੰਮਕਵੇਂ ਲੋਕ ਯੁੱਧ ਦਾ ਰਾਹ ਹੋਵੇਗਾ ਜਿਸਦਾ ਪੂਰਾ ਜ਼ਰਈ ਇਨਕਲਾਬ ਹੋਵੇਗਾ 5. ਕੌਮਾਂਤਰੀ ਹਾਲਤਾਂ ਦੇ ਮੁਲਅੰਕਣ ਬਾਰੇ ਕੋਈ ਬੁਨਿਆਦੀ ਰੱਟਾ ਨਹੀਂ ਸੀ । ਇਸ ਦੌਰ ਵਿੱਚ ਮਤਭੇਦ ਉਪਰੋਕਤ ਬੁਨਿਆਦੀ ਲਾਈਨ ਨੂੰ ਮੌਕੇ ਦੀਆਂ ਠੋਸ ਹਾਲਤਾਂ ਮੁਤਾਬਿਕ ਲਾਗੂ ਕਰਨ ਵਿਚ ਉਭਰੇ ਯਾਨੀ ਕਿ ਮਤਭੇਦ ਦਾਅਪੇਚਕ ਕਿਸਮ ਦੇ ਸਨ । ਸ਼ੁਰੂ ਵਿਚ ਹੀ ਦੋ ਮੁੱਖ ਉਲਟ ਰੁਝਾਨ ਵੇਖਣ ਵਿਚ ਆਏ । ਇੱਕ ਚਾਰੂ ਮਜੂਮਦਾਰ ਦੀ ਅਗਵਾਈ ਵਿਚ ਵੱਡੀ ਬਹੁ ਗਿਣਤੀ ਵਲੋਂ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਈਨ ਲਿਆਂਦੀ ਗਈ ਜਿਸ ਅਨੁਸਾਰ ਰਾਜਸੱਤਾ ਤੇ ਕਬਜੇ ਨੂੰ ਨਿਸ਼ਾਨਾ ਬਣਾਕੇ ਸਾਰੇ ਦੇਸ਼ ਵਿੱਚ ਤੁਰੰਤ ਹਥਿਆਰਬੰਦ ਗੁਰੀਲਾ ਯੁੱਧ ਛੇੜ ਦੇਣ ਦਾ ਰਾਹ ਦਿਤਾ ਗਿਆ । ਇਹਨਾਂ ਸਾਥੀਆਂ ਨੇ ਆਪਣੇ ਆਪ ਨੂੰ CPIML ਨਾਂ ਦੀ ਪਾਰਟੀ ਵਿਚ ਵਕਤੀ ਤੌਰ ਤੇ ਜਥੇਬੰਦ ਕਰ ਲਿਆ ਪ੍ਰੰਤੂ ਇਹ ਸਾਥੀ ਬਾਹਰਮੁਖੀ ਹਾਲਤਾਂ ਦੇ ਸਨਮੁਖ ਬਹੁਤਾ ਚਿਰ ਆਪਣੇ ਆਪ ਨੂੰ ਇੱਕ ਪਾਰਟੀ ਵਿਚ ਜਥੇਬੰਦ ਨਾਂ ਰੱਖ ਸਕੇ ਅਤੇ ਛੇਤੀ ਹੀ ਇਸ ਦੀ ਨੁਮਾਇੰਦਗੀ ਕਰਦੇ ਵੱਖ 2 ਇਲਾਕਿਆਂ ਵਿੱਚ ਕਈ ਗਰੁੱਪ ਹੋਂਦ ਵਿੱਚ ਆ ਗਏ ਜਿਨ੍ਹਾਂ ਵਿੱਚੋਂ ਪੰਜਾਬ ਵਿਚ ਦੋ ਗਰੁੱਪ ਸੀ. ਓ. ਸੀ ਤੇ ਸੈਂਟਰਲ ਟੀਮ ਸੀ. ਪੀ. ਆਈ. ਐਮ. ਐਲ. ਦੇ ਨਾਂ ਨਾਲ ਕੰਮ ਕਰ ਰਹੇ ਸਨ ।

ਇਸਦੇ ਉਲਟ ਦੂਸਰੇ ਰੁਝਾਨ ਦੇ ਸਾਥੀ ਹਥਿਆਰ ਬੰਦ ਗੁਰੀਲਾ ਯੁੱਧ ਛੇੜਨ ਦੀ ਪੂਰਵ ਸ਼ਰਤ ਵਜੋਂ ਇੱਕ ਜਨਤਕ ਲਹਿਰ ਦੀ ਉਸਾਰੀ ਜ਼ਰੂਰੀ ਸਮਝਦੇ ਸਨ । ਇਸ ਅਨੁਸਾਰ ਆਮ ਲੋਕਾਂ ਨੂੰ ਆਰਥਕ ਤੇ ਸਮਾਜਿਕ ਮੱਸਲਿਆ ਤੇ ਲਾਮਬੰਦ ਕਰਦੇ ਹੋਏ ਘੋਲ ਦੇ ਦੂਸਰੇ ਰੂਪਾਂ ਨੂੰ ਵਰਤੋਂਦੇ ਤੇ ਵਿਕਸਿਤ ਕਰਦੇ ਹੋਏ ਹਥਿਆਰਬੰਦ ਘੋਲ ਦੀ ਪੱਧਰ ਤੇ ਪਹੁੰਚਿਆ ਜਾਵੇਗਾ । ਇਸ ਦੂਸਰੇ ਰੁਝਾਨ ਦੀ ਨੁਮਾਇੰਦਗੀ ਮੁੱਖ ਤੌਰ ਤੇ ਆਂਧਰਾ ਪ੍ਰਦੇਸ਼ ਵਿਚ ਟੀ ਨਾਗੀ ਰੈਡੀ ਦੀ ਅਗਵਾਈ ਵਿਚ ਤੇ ਪੰਜਾਬ ਵਿਚ ਪ੍ਰੋ ਹਰਭਜਨ ਸੋਹੀ ਦੀ ਅਗਵਾਈ ਵਿਚ ਕੁਝ ਕਮਿ. ਇਨ. ਕਰਦੇ ਸਨ ਬਾਅਦ ਵਿਚ ਇਸ ਲਾਈਨ ਦੇ ਚੋਰਵੇਂ ਗਰੁੱਪਾਂ ਤੇ ਕੁਝ ਹੋਰ ਸਾਥੀਆਂ ਨੇ ਆ ਣੇ ਆਪ ਨੂੰ ਭਾਰਤੀ ਕਮਿਊਨਿਸਟ ਇਨਕਲਾਬੀਆਂ ਦਾ ਏਕਤਾ ਕੇਂਦਰ (UCCRIML) ਵਿੱਚ ਜਥੇਬੰਦ ਕਰ ਲਿਆ ।

ਇਸੇ ਦੌਰ ਵਿਚ ਹੀ ਬਾਅਦ ਵਿਚ ਚਾਰੂ ਮਜੂਮਦਾਰ ਦੀ ਲਾਈਨ ਦੇ ਸਪਸ਼ਟ ਤੌਰ ਤੇ ਅਸਫਲ ਹੋ ਜਾਣ ਤੇ ਇਕ ਤੀਜਾ ਰੁਝਾਨ ਪੈਦਾ ਹੋਇਆ ਜਿਸਨੂੰ ਦੂਸਰੇ ਕਮਿ. ਇਨਕਲਾਬੀਆਂ ਵਲੋਂ ਸੱਜੀ ਮੌਕਾਪ੍ਰਸਤੀ ਦਾ ਨਾਂ ਦਿੱਤਾ ਗਿਆ । ਇਹ ਵਿਅਕਤੀ ਖੱਬੀ ਮਾਅਰਕੇਬਾਜ਼ੀ ਦਾ ਵਿਰੋਧ ਕਰਨ ਅਤੇ ਹੁਣ ਦੀਆਂ ਹਾਲਤਾਂ ਵਿਚ ਘੋਲ ਦੇ ਦੂਸਰੇ ਰੂਪਾਂ ਨੂੰ ਵਰਤਣ ਦਾ ਦਾਅਵਾ ਕਰਦੇ 12 ਪਾਰਲੀਮੈਂਟਰੀ ਚੋਣਾਂ ਵਿਚ ਭਾਗ ਲੈਣ ਤੇ ਬੁਰਜੂਆ ਪਾਰਟੀਆਂ ਨਾਲ ਸਾਂਝਾ ਪਾਉਣ ਵਲ ਚਲੇ ਗਏ. ਇਸ ਰੁਝਾਨ ਦੀ ਅਗਵਾਈ ਸ. ਨ. ਸਿੰਘ ਤੇ ਚੰਦਰ ਪੂਲਾ ਰੈਡੀ ਕਰਦੇ ਸਨ ।

ਇਸ ਸਾਰੇ ਦੌਰ ਵਿਚ ਚਾਹੇ ਸਿਧਾਂਤਕ ਮਤਭੇਦ ਕੋਈ ਬਹੁਤੇ ਨਹੀਂ ਸਨ ਸਗੋਂ ਅਰਧ ਜਗੀਰੂ ਅਰਧ ਬਸਤੀਵਾਦੀ ਦੇਸ਼ ਵਿਚ ਲਮਕਵੇਂ ਲੋਕ ਯੁੱਧ ਦੀ ਲਾਈਨ ਨੂੰ ਭਾਰਤ ਦੀਆਂ ਇਸ ਸਮੇਂ ਦੀਆਂ ਠੋਸ ਹਾਲਤਾਂ ਵਿਚ ਅਮਲੀ ਤੌਰ ਤੇ ਕਿਵੇਂ ਲਾਗੂ ਕੀਤਾ ਜਾਵੇ ਇਸ ਬਾਰੇ ਹੀ ਸਨ ਪ੍ਰੰਤੂ ਫਿਰ ਵੀ ਇਸ ਸਾਰੇ ਸਮੇਂ ਵਿਚ ਭਾਰਤੀ ਇਨਕਲਾਬ ਦੀਆਂ ਅਮਲੀ ਸਮਸਿਆਵਾਂ ਤੇ ਸਾਥੀਆਨਾ

ਢੰਗ ਨਾਲ ਬਹਿਸ ਵਿਚਾਰ ਕਰਨ ਦੀ ਥਾਂ ਘਟੀਆ ਦੂਸ਼ਣਬਾਜ਼ੀ ਕੀਤੀ ਗਈ। ਇਕ ਦੂਜੇ ਤੇ 'ਗਦਾਰ' 'ਭਗੌੜੇ' 'ਸੋਧਵਾਦੀ' ਆਦਿ ਵਿਸ਼ੇਸ਼ਣ ਲਾਏ ਜਾਂਦੇ ਰਹੇ। ਇਕ ਦੂਜੇ ਨਾਲ ਵੱਖਰੀ ਰਾਇ ਰੱਖਣ ਵਾਲੇ ਸਾਥੀਆਂ ਦੀ ਬਜਾਇ ਦੁਸ਼ਮਣਾਂ ਵਾਲਾ ਵਰਤਾਉ ਕੀਤਾ ਜਾਂਦਾ ਰਿਹਾ। ਭਾਵੇਂ ਬਾਅਦ ਵਿਚ ਕੁਝ ਜਨਤਕ ਜਥੇਬੰਦੀਆਂ ਆਦਿ ਵਿਚ ਵੱਖ 2 ਗਰੁਪਾਂ ਦੇ ਵਰਕਰਾਂ ਵਲੋਂ ਇਕੱਠਾ ਕੰਮ ਕੀਤਾ ਜਾਂਦਾ ਰਿਹਾ ਪਰ ਫਿਰ ਵੀ ਸੱਚੇ ਕਮਿ. ਇਨਕਲਾਬੀਆਂ ਨੂੰ ਇਕ ਪਾਰਟੀ ਵਿਚ ਜਥੇਬੰਦ ਨਹੀਂ ਕੀਤਾ ਜਾ ਸਕਿਆ। ਸੋ ਇਹਨਾਂ ਹਾਲਤਾਂ ਵਿਚ ਇਸ ਦੌਰ ਦੇ ਅੰਤ ਵਿਚ ਪੰਜਾਬ ਵਿਚ ਹੇਠ ਲਿਖੇ ਚਾਰ ਗਰੁਪ ਕੰਮ ਕਰ ਰਹੇ ਸਨ।

1 ਭਾਰਤੀ ਕਮਿ. ਇਨਕਲਾਬੀ ਏਕਤਾ ਕੇਂਦਰ।
2. ਕੇਂਦਰੀ ਟੀਮ ਸੀ.ਪੀ.ਆਈ. ਐਮ. ਐਲ.।
3. ਸੀ.ਓ ਸੀ. ਸੀ.ਪੀ.ਆਈ. ਐਮ.ਐਲ.।
4 ਐਸ.ਐਨ—ਪੂਲਾ ਰੈਡੀ ਗਰੁੱਪ।

ਪਹਿਲਾਂ ਬਿਆਨੇ ਤਿੰਨਾਂ ਰੁਝਾਨਾਂ ਵਿਚੋਂ ਪੰਜਾਬ ਵਿਚ 1977 ਦੇ ਅੰਤ ਤੱਕ ਇਨਕਲਾਬੀ ਜਨਤਕ ਲੀਹ ਦੀ ਵਕਾਲਤ ਕਰਨ ਵਾਲਾ ਉਕਰੀ ਜਾਂ ਨਾਗੀ ਰੈਡੀ ਗਰੁੱਪ ਨਾਲ ਜਾਣਿਆ ਜਾਂਦਾ ਭਾਰਤੀ ਕਮਿ. ਇਨ: ਦਾ ਏਕਤਾ ਕੇਂਦਰ ਵਿਦਿਆਰਥੀਆਂ, ਨੌਜਵਾਨਾਂ ਮੁਲਾਜ਼ਮਾਂ ਅਤੇ ਜਨਤਾ ਦੇ ਕੁਝ ਹੋਰ ਹਿੱਸਿਆਂ ਵਿਚ ਆਪਣਾ ਤਕੜਾ ਜਨਤਕ ਅਧਾਰ ਕਾਇਮ ਕਰਨ ਵਿਚ ਸਫਲ ਹੋ ਗਿਆ ਸੀ। ਜਦ ਕਿ ਪਹਿਲਾਂ ਖੱਬੀ ਮਾਅਰਕੇਬਾਜ਼ ਲਾਈਨ ਦੀ ਅਗਵਾਈ ਕਬੂਲ ਕਰਦੇ ਹੋਏ ਦੂਸਰੇ ਗਰੁਪ ਵੀ ਇਸ ਸਮੇਂ ਜਨਤਕ ਜਥੇਬੰਦੀਆਂ ਵਿਚ ਆਪਣਾ ਅਧਾਰ ਕਾਇਮ ਕਰਦੇ ਹੋਏ ਘੋਲ ਦੇ ਗੈਰ ਹਥਿਆਰਬੰਦ ਰੂਪਾਂ ਨੂੰ ਵਰਤਣ ਤੇ ਵਿਕਸਿਤ ਕਰਨ ਵੱਲ ਆ ਗਏ ਸਨ. ਪ੍ਰੰਤੂ ਹਥਿਆਰਬੰਦ ਘੋਲ ਤੋਂ ਇਕਦਮ ਪਾਰਲੀਮੈਂਟਰੀ ਰਾਹ ਤੇ. ਆ ਜਾਣ ਵਾਲੇ ਐਸ. ਐਨ—ਪੂਲਾ ਰੈਡੀ ਧੜੇ ਨੂੰ ਦੂਸਰੀਆਂ ਧਿਰਾਂ ਵਲੋਂ ਕਮਿ. ਇਨਕਲਾਬੀ ਕੈਂਪ ਤੋਂ ਬਾਹਰ ਸਮਝਿਆ ਜਾਣ ਲੱਗਾ ਤੇ ਉਸਦਾ ਆਪਣਾ ਕਾਡਰ ਵੀ ਇਸ ਸਬੰਧੀ ਭੰਬਲਭੂਸੇ 'ਚ ਪੈਣ ਲੱਗਾ। ਇਸਦੇ ਕੁਝ ਵਰਕਰ ਦੂਸਰੇ ਗਰੁੱਪਾਂ ਵਿਚ ਸ਼ਾਮਲ ਹੋਣ ਤੇ ਕੁਝ ਨਿਰਾਸ਼ ਹੋ ਕੇ ਘਰ ਬੈਠਣ ਲੱਗੇ।

ਸੋ ਇਸ ਤਰ੍ਹਾਂ ਇਸ ਦੌਰ ਦੇ ਅੰਤ ਤੱਕ ਸਿਧਾਂਤਕ ਤੇ ਦਾਅਪੇਚਕ ਮਤਭੇਦ ਘੱਟ ਰਹੇ ਸਨ ਤੇ ਇਕ ਦਰੁਸਤ ਲਾਈਨ ਦੇ ਦਵਾਲੇ ਸਾਰੇ ਕਮਿਊਨਿਸਟ ਇਨਕਲਾਬੀਆਂ ਦੇ ਜੁੜਨ ਦੀ ਸੰਭਾਵਨਾ ਵਧ ਰਹੀ ਸੀ। ਪਰ ਸਤੰਬਰ 1976 ਵਿਚ ਕਾਮਰੇਡ ਮਾਓ ਦੇ ਦੇਹਾਂਤ ਤੋਂ ਬਾਅਦ ਚੀਨੀ ਕਮਿਊਨਿਸਟ ਪਾਰਟੀ ਵਲੋਂ ਕੀਤੀਆਂ ਗਈਆਂ ਨਵੀਆਂ ਤਬਦੀਲੀਆਂ ਨੇ ਸੰਸਾਰ ਕਮਿ. ਲਹਿਰ ਅੰਦਰ ਗੰਭੀਰ ਵਿਚਾਰਧਾਰਕ ਰੱਟੇ ਖੜੇ ਕਰ ਦਿੱਤੇ।

1977 ਵਿਚ ਚੀਨੀ ਕਮਿਊਨਿਸਟ ਪਾਰਟੀ ਤੇ ਹੂਆ-ਕੁਓ-ਫੇਂਗ ਤੇ ਤੇਂਗ ਸਿਆਓ ਪਿੰਗ ਦੀ ਲੀਡਰਸ਼ਿਪ ਦੇ ਕਾਬਜ਼ ਹੋ ਜਾਣ ਤੋਂ ਬਾਅਦ ਕੁਝ ਨਵੀਆਂ ਗੱਲਾਂ ਉੱਭਰ ਕੇ ਸਾਹਮਣੇ ਆਈਆਂ। ਜਿਵੇਂ (1) ਮਾਓ ਦੀ ਅਗਵਾਈ ਵਿਚ ਕੀਤੇ ਗਏ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ (1966-67) ਦੀ ਆਲੋਚਨਾ ਕਰਨੀ। (2) ਚੀਨੀ ਕਮਿਊਨਿਸਟ ਪਾਰਟੀ ਦੇ ਹੀ ਚਾਰ ਚੋਟੀ ਦੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਤੇ ਮੁਕਦਮੇ ਚਲਾਉਣਾ। (3) ਪੱਛਮੀ ਸਾਮਰਾਜੀ ਦੇਸ਼ਾਂ ਤੇ ਕੰਪਨੀਆਂ ਨੂੰ ਚੀਨ ਵਿਚ ਸਰਮਾਇਆ ਲਾਉਣ ਲਈ ਖੁੱਲ੍ਹ ਦੇਣੀ। (4) ਦੇਸ਼ ਵਿਚ ਆਧੁਨਿਕੀਕਰਣ ਤੇ ਪੈਦਾਵਾਰ ਵਧਾਉਣ ਦੇ ਨਾਂ ਥੱਲੇ ਸਿਆਸਤ ਨੂੰ ਪਿੱਛੇ ਸਿੱਟਣਾ। (5) ਕੌਮਾਂਤਰੀ ਖੇਤਰ ਵਿੱਚ ਤਿੰਨ ਸੰਸਾਰਾਂ ਦੇ ਸਿਧਾਂਤ ਨੂੰ ਜ਼ੋਰ ਨਾਲ ਅੱਗੇ ਲਿਆਉਣਾ।

[ਤਿੰਨ ਸੰਸਾਰਾਂ ਦੇ ਸਿਧਾਂਤ ਮੁਤਾਬਿਕ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਤਿੰਨ ਧੜਿਆਂ ਵਿੱਚ ਵੰਡਿਆ ਗਿਆ ਹੈ (1) ਪਹਿਲੇ ਧੜੇ ਵਿੱਚ ਦੋਹਵੇਂ ਅੱਤ-ਮਹਾਂ ਸ਼ਕਤੀਆਂ ਰੂਸ ਤੇ ਅਮਰੀਕਾ ਹਨ ਜਿਸਨੂੰ ਪਹਿਲੇ ਸੰਸਾਰ ਦਾ ਨਾਂ ਦਿੱਤਾ ਗਿਆ ਹੈ (2) ਦੂਜੇ ਸੰਸਾਰ ਵਿੱਚ ਜਪਾਨ ਅਤੇ ਯੂਰਪ ਦੇ ਵਿਕਸਿਤ ਸਰਮਾਏਦਾਰ ਦੇਸ਼ ਆਉਂਦੇ ਹਨ (3) ਤੀਜੇ ਸੰਸਾਰ ਵਿੱਚ ਚੀਨ ਸਮੇਤ ਏਸ਼ੀਆ, ਅਫਰੀਕਾ ਦੱਖਣੀ ਅਮਰੀਕਾ ਦੇ ਪਛੜੇ ਮੁਲਕ ਆਉਂਦੇ ਹਨ। ਇਸ ਸਿਧਾਂਤ ਮੁਤਾਬਿਕ ਤੀਜੀ ਦੁਨੀਆਂ ਤੇ ਦੂਜੀ ਦੁਨੀਆਂ ਦੇ ਮੁਲਕਾਂ ਨੂੰ ਅੱਤ ਮਹਾਂ ਸ਼ਕਤੀਆਂ ਦੇ ਵਿਰੋਧ ਵਿੱਚ ਆਉਣਾ ਚਾਹੀਦਾ ਹੈ ਅਤੇ ਇਸਤੋਂ ਵੀ ਅੱਗੇ ਇਹ ਸਿਧਾਂਤ ਦੋਹਾਂ ਮਹਾਂ-ਸ਼ਕਤੀਆਂ ਵਿਚੋਂ ਰੂਸ ਨੂੰ ਮੁੱਖ ਦੁਸ਼ਮਣ ਗਰਦਾਨ ਕੇ ਅਮਰੀਕਾ ਨਾਲ ਦੂਜੀ ਤੇ ਤੀਜੀ ਦੁਨੀਆਂ ਦੇ ਦੇਸ਼ਾਂ ਦਾ ਸਾਂਝਾ ਮੋਰਚਾ ਬਨਾਉਣ ਦੀ ਯੁੱਧਨੀਤੀ ਪੇਸ਼ ਕਰਦਾ ਹੈ]

ਇਸ ਸਮੇਂ ਦੌਰਾਨ ਹੀ ਅਲਬਾਨੀਆਂ ਵਲੋਂ ਕਾ. ਮਾਓ-ਜ਼ੇ-ਤੁੰਗ ਤੇ ਚੀਨੀ ਕਮਿਊਨਿਸਟ ਪਾਰਟੀ ਤੇ ਹਮਲਾ ਵਿੱਢ ਦਿੱਤਾ ਗਿਆ।

ਚੀਨ ਦੀ ਕਮਿ. ਪਾਰਟੀ ਤੇ ਅਲਬਾਨੀਆਂ ਦੇ ਲੇਬਰ ਪਾਰਟੀ ਵਲੋਂ ਲਏ ਗਏ ਨਵੇਂ ਸਟੈਂਡਾਂ ਦੇ ਸਿੱਟੇ ਵਜੋਂ ਪੈਦਾ ਹੋਏ ਸਿਧਾਂਤਕ ਅਗਵਾਈ ਦੇ ਖਿਲਾਅ ਨੂੰ ਭਰਨ ਅਤੇ ਅੱਜ ਦੀਆਂ ਹਾਲਤਾਂ ਮੁਤਾਬਿਕ ਸੰਸਾਰ ਇਨਕਲਾਬ ਦੀ ਆਮ ਸੇਧ ਵਿਕਸਿਤ ਕਰਨ ਦੀਆਂ ਦੁਨੀਆਂ ਭਰ ਦੇ ਕਮਿ: ਇਨਕਲਾਬੀਆਂ ਵਿੱਚ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ.

ਇਸੇ ਸਬੰਧ ਵਿੱਚ ਅਮਰੀਕਾ ਦੀ ਰੈਵੋਲੂਸ਼ਨਰੀ ਕਮਿਊਨਿਸਟ ਪਾਰਟੀ ਵਲੋਂ ਕੁਝ ਹੋਰਨਾਂ ਦੇਸ਼ਾਂ ਦੇ ਕਮਿ.

ਇਨ. ਨਾਲ ਤਾਲਮੇਲ ਕਰਨ ਅਤੇ ਇੱਕ-ਨਵੀਂ ਕੌਮਾਂਤਰੀ ਵਿੱਚ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ, ਇਹਨਾਂ ਵਲੋਂ ਮਾਓ ਵਿਚਾਰਧਾਰਾ ਨੂੰ ਮੰਨਦੇ ਹੋਏ, ਮਾਓ ਦੇ ਸਮੇਂ ਵਿੱਚ ਸੀ. ਪੀ: ਸੀ ਵਲੋਂ ਰਹੇ ਕੁਝ ਨੁਕਸਾਂ ਫਰਕਾਂ ਨੂੰ ਪੜਚੋਲ ਹੇਠ ਲਿਆਂਦਾ ਗਿਆ ਅਤੇ ਅੱਜ ਦੀਆਂ ਕੌਮਾਂਤਰੀ ਹਾਲਤਾਂ ਬਾਰੇ ਇਹ ਨਿਰਣਾ ਲਿਆਂਦਾ ਗਿਆ ਕਿ ਅੱਜ ਦੇ ਸਮੇਂ ਵਿੱਚ ਪ੍ਰੋਲੇਤਾਰੀ ਇਨਕਲਾਬੀ ਲਹਿਰ ਵਕਤੀ ਕਮਜ਼ੋਰੀ ਦੀ ਹਾਲਤ ਵਿੱਚ ਹੋਣ ਤੇ ਸੰਸਾਰ ਸਾਮਰਾਜੀ ਪ੍ਰਬੰਧ ਦੇ ਆਰਥਿਕ ਸੰਕਟ ਦੇ ਅਮੋੜ ਰੂਪ ਵਿੱਚ ਤੀਖਣ ਹੋ ਜਾਣ ਕਾਰਣ ਸੰਸਾਰ ਜੰਗ ਲੱਗਣ ਦੀਆਂ ਹਾਲਤਾਂ ਬਣ ਗਈਆਂ ਹਨ ਤੇ ਇਸ ਤਰਾਂ ਅੱਜ ਅੰਤਰ-ਸਾਮਰਾਜੀ ਵਿਰੋਧਤਾਈ ਦੂਸਰੀਆਂ ਸਾਰੀਆਂ ਵਿਰੋਧਤਾਈਆਂ ਦੇ ਉਤੋਂ ਦੀ ਪੈ ਗਈ ਹੈ। ਅਤੇ ਇਸਦੇ ਨਾਲ ਹੀ ਇਹ ਕਿ ਸਾਮਰਾਜ ਵਲੋਂ ਸਰਮਾਏ ਦੀ ਬਰਾਮਦ ਕਾਰਣ ਤੀਜੀ ਦੁਨੀਆਂ ਦੇ ਮੁਲਕਾਂ ਵਿੱਚ ਵੀ ਸਰਮਾਏ-ਦਾਰੀ ਰਿਸ਼ਤੇ ਇੱਕ ਖਾਸ ਹੱਦ ਤੱਕ ਵਿਕਸਿਤ ਹੋ ਗਏ ਹਨ।

ਉਪਰੋਕਤ ਬਿਆਨੇ ਸਾਰੇ ਵਿਚਾਰਧਾਰਕ ਰੱਟਿਆਂ, ਧਾਰਨਾਵਾਂ ਤੇ ਬਹਿਸ ਦੇ ਸਿੱਟੇ ਵਜੋਂ ਦੁਨੀਆਂ ਭਰ ਵਿੱਚ ਨਵੇਂ ਸਿਰਿਉਂ ਕਮਿ. ਇਨ. ਤਾਕਤਾਂ ਦੀ ਸਫਬੰਦੀ ਹੋਣੀ ਸ਼ੁਰੂ ਹੋਈ. ਅਤੇ ਇਸਦੀ ਰੋਸਨੀ ਵਿੱਚ ਹਿੰਦੁਸਤਾਨ ਦੇ ਕਮਿਊਨਿਸਟ ਇਨਕਲਾਬੀਆਂ ਵਿਚਕਾਰ ਵੀ ਬੁਨਿਆਦੀ ਸਿਧਾਂਤਕ ਮਸਲਿਆਂ ਤੇ ਬਹਿਸ ਛੇੜ ਤੇ ਇਸਦੇ ਆਧਾਰ ਤੇ ਮੁੜ-ਸਫਬੰਦੀ ਦਾ ਅਮਲ ਚੱਲ ਪਿਆ।

ਉਪਰੋਕਤ ਅਮਲ ਨੂੰ ਪੰਜਾਬ ਦੇ ਕਮਿ. ਇਨ. ਦੇ ਪ੍ਰਸੰਗ ਵਿੱਚ ਦੇਖਦੇ ਹੋਏ ਹੇਠ ਲਿਖੇ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ।

ਤਿੰਨ ਸੰਸਾਰਾਂ ਦੇ ਸਿਧਾਂਤ ਤੇ ਚੀਨ ਦੀ ਮੌਜੂਦਾ ਲੀਡਰਸ਼ਿਪ ਦੇ ਰੋਲ ਸਬੰਧੀ ਬਹਿਸ ਮੁਕੰਮਲ ਹੋ ਚੁੱਕੀ ਹੈ ਤੇ ਸਿਰਫ ਇਕ ਗਰੁੱਪ (ਪੁਲਾ-ਰੇਡੀ) ਨੂੰ ਛੱਡਕੇ ਪੰਜਾਬ ਵਿਚਲੇ ਬਾਕੀ ਸਾਰੇ ਗਰੁੱਪ ਤੇ ਕਮਿ. ਇਨ. ਇਸਦੇ ਖਿਲਾਫ ਪੁਜ਼ੀਸ਼ਨ ਲੈ ਚੁੱਕੇ ਹਨ।

ਅਲਬਾਨੀਆਂ ਪੱਖੀਆਂ ਦਾ ਇਥੇ ਕੋਈ ਅਧਾਰ ਨਹੀਂ ਅਤੇ ਨਾਂ ਹੀ ਕੋਈ ਜਥੇਬੰਦੀ ਹੈ ਹਾਂ ਸਿਰਫ ਕਦੇ ਕਦਾਈਂ ਹਿੰਦੁਸਤਾਨ ਦੇ ਬਾਹਰੋਂ (ਕਨੇਡਾ ਵਿਚੋਂ) ਉਹਨਾਂ ਦੇ ਸਮਰਥਕ ਪੋਸਟਰ ਜਾਂ ਪਰਚੇ ਆਦਿ ਵੰਡ ਜਾਂਦੇ ਹਨ ਜਿਸਦਾ ਇਥੋਂ ਦੀ ਇਨਕਲਾਬੀ ਲਹਿਰ ਵਿੱਚ ਕੋਈ ਅਮਲੀ ਮਹੱਤਵ ਨਹੀਂ ਹੈ।

ਅਸਲ ਵਿਚ ਹੁਣ ਦੀਆਂ ਹਾਲਤਾਂ ਵਿਚ ਬਹਿਸ ਵਾਲੇ ਜਾਂ ਮਤਭੇਦਾਂ ਦੇ ਨੁਕਤੇ ਭਾਰਤ ਦਾ ਸਮਾਜਿਕ-ਆਰਥਿਕ ਖਾਸਾ ਤੇ ਇਸ ਵਿਚ ਸਾਮਰਾਜ ਦਾ ਰੋਲ ਬਣਦੇ ਹਨ।

ਸਾਮਰਾਜ ਦੇ ਪੱਛੜੇ ਮੁਲਕਾਂ ਵਿਚ ਰੋਲ ਬਾਰੇ ਚੱਲੀ ਆਉਂਦੀ ਮਾਨਤਾ ਪ੍ਰਾਪਤ ਧਾਰਨਾਂ ਕਿ ਸਾਮਰਾਜ ਇਹਨਾਂ ਦੇਸ਼ਾਂ ਵਿਚ ਜਗੀਰਦਾਰੀ ਨੂੰ ਆਪਣੇ ਮੁੱਖ ਸਮਾਜਿਕ ਅਧਾਰ ਵਜੋਂ ਵਰਤਦਾ ਹੈ ਤੇ ਇਸ ਲਈ ਇਹਨਾਂ ਦੇਸ਼ਾਂ ਵਿਚ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਨੂੰ ਇਸ ਹੱਦ ਤੱਕ ਰੋਕ ਕੇ ਰਖਦਾ ਹੈ ਕਿ ਇਥੇ ਅਰਧ-ਜਗੀਰੂ ਢਾਂਚਾ ਉਸੇ ਤਰ੍ਹਾਂ ਕਾਇਮ ਰਹਿੰਦਾ ਹੈ ਤੇ ਲੋਕਾਂ ਵਿਚਕਾਰ ਜਗੀਰੂ ਰਿਸ਼ਤੇ ਪ੍ਰਮੁੱਖ ਰਹਿੰਦੇ ਹਨ, ਹੁਣ ਸਰਵਪ੍ਰਵਾਨਿਤ ਨਹੀਂ ਰਹੀ।

ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਤੇ ਕੁਝ ਹੋਰਾਂ ਦਾ ਇਹ ਮੱਤ ਹੈ ਦੂਜੀ ਸੰਸਾਰ ਜੰਗ ਤੋਂ ਬਾਅਦ ਸਾਮਰਾਜ ਨੇ ਆਪਣੀਆਂ ਨੀਤੀਆਂ ਤੇ ਢੰਗ ਤਰੀਕੇ ਬਦਲੇ ਹਨ। ਇਸ ਵਲੋਂ ਸਰਮਾਏ ਦੀ ਬਰਾਮਦ ਕਾਰਣ ਪਛੜੇ ਮੁਲਕਾਂ ਵਿਚ ਇਕ ਖਾਸ ਹੱਦ ਤੱਕ ਸਰਮਾਏਦਾਰੀ ਰਿਸ਼ਤੇ ਪੈਦਾ ਹੋਏ ਹਨ ਜਿਸ ਕਾਰਣ ਹਿੰਦੁਸਤਾਨ ਵਿਚ ਇਨਕਲਾਬ ਦੀ ਯੁੱਧਨੀਤੀ ਤੇ ਦਾਅ-ਪੇਚਾਂ ਵਿਚ ਤਬਦੀਲੀ ਦੀ ਲੋੜ ਹੈ। ਇਸ ਨਿਰਣੇ ਅਨੁਸਾਰ ਸੱਤਾ ਹਥਿਆਉਣ ਲਈ ਕਮਿ. ਇਨਕਲਾਬੀਆਂ ਨੂੰ ਤਿਆਰੀ ਸਾਰੇ ਦੇਸ਼ ਵਿਚ ਇੱਕ ਆਮ ਹਥਿਆਰਬੰਦ ਬਗਾਵਤ ਦੀ ਯੁੱਧਨੀਤੀ ਦੇ ਤਹਿਤ ਕਰਨੀ ਚਾਹੀਦੀ ਹੈ ਨਾਂ ਕਿ ਪੇਂਡੂ ਖੇਤਰ ਵਿਚ ਖਿੱਤਾਵਾਰ ਕਬਜ਼ਾ ਕਰਦੇ ਹੋਏ ਚਾਹੇ ਕਿ ਵਿਸ਼ੇਸ਼ ਹਾਲਤਾਂ ਵਿਚ ਇਕ ਅਚਨਚੇਤ ਬਗਾਵਤ ਰਾਹੀਂ ਵੱਡੇ ਹਿੱਸੇ ਤੇ ਅਧਿਕਾਰ ਕਰ ਲੈਣ ਤੋਂ ਬਾਅਦ ਹਥਿਆਰਬੰਦ ਘੋਲ ਦੇ ਲਮਕ ਜਾਣ ਨਾਲ ਲੰਮਕਵੇਂ ਲੋਕ ਯੁੱਧ ਦਾ ਰੂਪ ਧਾਰਨ ਕਰ ਜਾਣ ਦੀ ਸੰਭਾਵਨਾਂ ਵੀ ਚਿਤਵੀ ਜਾਂਦੀ ਹੈ। ਇਸੇ ਨੀਤੀ ਨੂੰ ਮੰਨਣ ਵਾਲਿਆਂ ਵਲੋਂ ਕਿਸਾਨੀ ਨਾਲੋਂ ਮਜ਼ਦੂਰ ਜਮਾਤ ਵਿਚ ਕੰਮ ਕਰਨ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ ਤੇ ਬਾਕੀ ਜਮਾਤਾਂ ਵਿਚ ਸਮਾਜਵਾਦੀ ਚੇਤਨਾ ਫੈਲਾਉਣ ਨੂੰ ਮੁੱਖ ਰੱਖ ਕੇ ਕੰਮ ਕੀਤਾ ਜਾਂਦਾ ਹੈ ਨਾਂ ਕਿ ਜਮਹੂਰੀ ਚੇਤਨਾ ਨੂੰ। ਇਸ ਨਿਰਣੇ ਤਹਿਤ ਕਿਉਂਕਿ ਸਾਮਰਾਜ ਲੋਕਾਂ ਦਾ ਮੁੱਖ ਦੁਸ਼ਮਣ ਬਣ ਜਾਂਦਾ ਹੈ ਅਤੇ ਸਾਮਰਾਜ ਇਕ ਸੰਸਾਰ ਪੱਧਰੀ ਵਰਤਾਰਾ ਹੈ ਇਸ ਲਈ ਇਸਨੂੰ ਫੈਸਲਾਕੁੰਨ ਰੂਪ ਵਿਚ ਹਾਰ ਕੌਮਾਂਤਰੀ ਪੱਧਰ 'ਤੇ ਸਾਮਰਾਜ ਖਿਲਾਫ ਚਲ ਰਹੀਆਂ ਲੜਾਈਆਂ ਨੂੰ ਇਕ ਲੜੀ ਵਿਚ ਪਰੋਕੇ ਹੀ ਦਿੱਤੀ ਜਾ ਸਕਦੀ ਹੈ ਇਸ ਕਾਰਨ ਇਸ ਰੁਝਾਨ ਵਲੋਂ ਸੰਸਾਰ ਭਰ ਦੇ ਕਮਿਊਨਿਸਟਾਂ ਇਨਕਲਾਬੀਆਂ ਨੂੰ ਇਕ ਕੌਮਾਂਤਰੀ ਵਿਚ ਜਥੇਬੰਦ ਕਰਨ ਨੂੰ ਵਧ ਮਹੱਤਵ ਦਿੱਤਾ ਜਾਂਦਾ ਹੈ ਤੇ ਇਸ ਸਬੰਧ ਵਿਚ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਵਲੋਂ ਹਿੰਦੁਸਤਾਨ ਦੀ ਇਨਕਲਾਬ ਲਹਿਰ ਨੂੰ ਸੰਸਾਰ ਇਨ-

ਕਲਾਬ ਦੇ ਇਕ ਅੰਗ ਵਜੋਂ ਲਿਆ ਜਾਂਦਾ ਹੈ ।

ਦੂਜੇ ਪਾਸੇ ਪਹਿਲੀ ਧਾਰਨਾ ਨੂੰ ਮੰਨਣ ਵਾਲੇ ਭਾਰਤੀ ਇਨਕਲਾਬ ਦੇ ਰਾਹ ਨੂੰ ਬੁਨਿਆਦੀ ਤੌਰ ਤੇ ਚੀਨ ਦੇ ਇਨਕਲਾਬ ਦੇ ਰਾਹ ਨਾਲ ਹੀ ਮਿਲਦਾ ਮੰਨਦੇ ਹੰਨ । ਇਹਨਾਂ ਵਲੋਂ ਮੰਨੀ ਜਾਂਦੀ ਧਾਰਨਾ ਅਨੁਸਾਰ ਸਾਮਰਾਜ ਵਲੋਂ ਹਿੰਦੁਸਤਾਨ ਵਿਚ ਲਾਈ ਗਈ ਪੂੰਜੀ ਨਾਲ ਇਸਦਾ ਸਰਮਾਏਦਾਰਾਨਾਂ ਰਾਹ ਤੇ ਕੋਈ ਗਿਣਨ-ਯੋਗ ਵਿਕਾਸ ਨਹੀਂ ਹੋਇਆ ਅਤੇ ਲੋਕਾਂ ਵਿਚਕਾਰ ਜਗੀਰੂ ਰਿਸ਼ਤੇ ਤੇ ਪੈਦਾਵਾਰ ਦੇ ਜਗੀਰੂ ਢੰਗ ਕਾਇਮ ਹਨ । ਇਸ ਨਿਰਣੇ ਤਹਿਤ ਭਾਰਤੀ ਇਨਕਲਾਬ ਦਾ ਰਾਹ ਲਮਕਵੇਂ ਲੋਕ-ਯੁੱਧ ਦਾ ਬਣਦਾ ਹੈ, ਜਿਸ ਅਨੁਸਾਰ ਪਿੰਡਾਂ ਵਿਚ ਜਗੀਰੂ ਜਕੜ ਨੂੰ ਤੋੜਦੇ ਹੋਏ, ਆਪਣੀ ਹਥਿਆਰਬੰਦ ਗੁਰੀਲਾ ਤਾਕਤ ਦਾ ਵਿਕਾਸ ਕਰਦੇ ਹੋਏ ਇਲਾਕਾਵਾਰ ਤਾਕਤ ਹਾਸਲ ਕਰਦੇ ਹੋਏ, ਪਿੰਡਾਂ ਨਾਲ ਸ਼ਹਿਰਾਂ ਨੂੰ ਘੇਰਨ ਦੀ ਨੀਤੀ ਨਾਲ ਰਾਜ ਸੱਤਾ ਤੇ ਕਾਬਜ਼ ਹੋਇਆ ਜਾਵੇਗਾ । ਇਸ ਯੁੱਧਨੀਤੀ ਤਹਿਤ ਜ਼ਰਈ ਇਨਕਲਾਬ (ਜ਼ਮੀਨ ਵੰਡਣ ਦੇ ਪ੍ਰੋਗ੍ਰਾਮ) ਨੂੰ ਧੁਰਾ ਬਣਾਕੇ ਕੰਮ ਜਾਂਦਾ ਹੈ ਇਸ ਲਈ ਬੇਜ਼ਮੀਨੇ ਤੇ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਇਨਕਲਾਬ ਦੀ ਮੁੱਖ ਸ਼ਕਤੀ ਮੰਨਿਆ ਜਾਂਦਾ ਹੈ ਚਾਹੇ ਕਿ ਮਜ਼ਦੂਰ ਜਮਾਤ ਵਿਚ ਕੰਮ ਤੇ ਉਸਦੀ ਸਿਧਾਂਤਕ ਅਗਵਾਈ ਨੂੰ ਕਬੂਲਿਆ ਜਾਂਦਾ ਹੈ । ਇਸ ਨਿਰਣੇ ਤਹਿਤ ਕਿਉਂਕਿ ਵਿਸ਼ਾਲ ਲੋਕਾਈ ਵਿਚ ਬੁਰਜੂਆ ਜਮਹੂਰੀ ਚੇਤਨਾ ਅਜੇ ਨਹੀਂ ਪਾਈ ਜਾਂਦੀ ਸੋ ਲੋਕਾਂ ਵਿਚ ਜਮਹੂਰੀ ਚੇਤਨਾ ਫੈਲਾਉਣਾ ਵੀ ਇਕ ਖਾਸ ਕਾਰਜ ਵਜੋਂ ਮਿਥਿਆ ਜਾਂਦਾ ਹੈ । ਇਸ ਲਾਈਨ ਦੇ ਘੇਰੇ ਥਲੇ ਆਉਂਦੇ ਕਮਿ. ਇਨਕਲਾਬੀਆਂ ਵਲੋਂ ਚਾਹੇ ਇਕ ਕੌਮਾਂਤਰੀ ਅਗਵਾਈ ਦੇ ਕੇਂਦਰ ਕਮਿਊਨਿਸਟ ਕੌਮਾਂਤਰੀ ਦੀ ਘਾਟ ਨੂੰ ਮਹਿਸੂਸ ਕੀਤਾ ਜਾਂਦਾ ਹੈ ਪ੍ਰੰਤੂ ਇਸਦੀ ਸਥਾਪਨਾ ਲਈ ਉਨਾਂ ਉਤਸ਼ਾਹ ਨਹੀਂ ਵਿਖਾ-ਇਆ ਜਾਂਦਾ ।

ਸੋ ਇਸ ਵਿਚਾਰ ਚਰਚਾ ਤੋਂ ਸਪਸ਼ਟ ਹੈ ਕਿ ਅੱਜ ਕਮਿ. ਇਨ. ਤਾਕਤਾਂ ਵਿਚਕਾਰ ਦੋ ਮੁੱਖ ਰੁਝਾਨ ਪਾਏ ਜਾਂਦੇ ਹਨ ਜਿੰਨਾਂ ਵਿਚਕਾਰ ਹਿੰਦੁਸਤਾਨ ਦੇ ਖਾਸੇ, ਭਾਰਤੀ ਇਨਕਲਾਬ ਦੇ ਰਾਹ, ਅੱਜ ਦੀ ਹਾਲਤ ਵਿੱਚ ਸਾਮਰਾਜ ਦੇ ਸੰਕਟ ਤੇ ਇਸਦੇ ਰੋਲ ਨੂੰ ਅੰਗਣ ਆਦਿ ਮਸਲਿਆਂ ਤੇ ਵੱਖਰੇ ਵੱਖਰੇ ਨਿਰਣੇ ਹਨ. ਤੇ ਇਹਨਾਂ ਦੇ ਰੁਝਾਨਾਂ ਵਿਚਕਾਰ ਬਹਿਸ-ਭੇੜ ਚਲਣਾ ਕੁਦਰਤੀ ਹੈ ਪਰ ਇਸਤੋਂ ਕਮਿ. ਇਨ. ਤਾਕਤਾਂ ਦਾ ਅੰਨੇ ਧੜਿਆਂ ਵਿੱਚ ਵੰਡੇ ਰਹਿਣਾਂ ਕਿਸੇ ਤਰ੍ਹਾਂ ਵੀ ਨਹੀਂ ਨਿਕਲਦਾ ਜਿੰਨ੍ਹਾਂ ਵਿਚਕਾਰ ਮਤਭੇਦ ਛੋਟੇ-ਮੋਟੇ ਦਾਂਅਪੇਚਕ ਜਾਂ ਕਿਸੇ ਧਾਰਵਾਂ ਜਾਂ ਨਿਰਣੇ ਨੂੰ ਵੱਧ ਜਾਂ ਘੱਟ ਮਾਤਰਾ ਵਿੱਚ ਮੰਨਣ ਦੇ ਹਨ । ਅਤੇ ਇਹ ਮਤਭੇਦ ਵੀ ਆਮ ਤੌਰ ਤੇ ਵੱਖ-ਵਖਰੇ ਇਲਾਕਿਆਂ ਵਿੱਚ ਵਖਰੀਆ 2 ਹਾਲਤਾਂ ਹੇਠ ਕੰਮ ਕਰਨ ਤੇ ਆਪਸ ਵਿੱਚ ਬਹਿਸ ਵਿਚਾਰ ਤੇ ਆਪਣੇ ਅਨੁਭਵ ਸਾਂਝੇ ਕਰਨ ਲਈ ਕੋਈ ਸਾਂਝਾ ਸੁਗਾੜ ਨਾ ਹੋਣ 'ਚੋਂ ਨਿਕਲਦੇ ਤੇ ਵਧਦੇ ਹਨ. ਇਸਤੋਂ ਬਿਨਾ ਇਕ ਦੂਜੇ ਪ੍ਰਤੀ ਦ੍ਰਿਸ਼ਟੀਕੋਣ ਸਾਥੀਆਵਾਂ ਤੇ ਸਿੱਖਣ ਸਿਖਾਉਣ ਦੀ ਭਾਵਨਾਂ ਵਾਲਾ ਘੱਟ ਤੇ ਦੂਜੇ ਨੂੰ ਗਲਤ ਸਿੱਧ ਕਰ ਕੇ ਆਪਣੀ ਪੈਂਠ ਬਿਠਾਉਣ ਵਾਲਾ ਵੱਧ ਹੈ ਜਿਸ ਕਰਕੇ ਵੱਖ 2 ਮਸਲਿਆਂ ਪ੍ਰਤੀ ਰਾਵਾਂ ਦੇ ਥੋੜੇ ਬਹੁਤ ਫ਼ਖਰੇਵੇਂ ਵੀ, ਜੋ ਕਿ ਕੁਦਰਤੀ ਹੁੰਦੇ ਹਨ ਤੇ ਇਕ ਪਾਰਟੀ ਅੰਦਰ ਵੀ ਉਠਦੇ ਰਹਿੰਦੇ ਹਨ, ਅਕਸਰ ਲੰਮੀ ਤੇ ਅਕਾਊ ਅਕੈਡਮਿਕ ਬਹਿਸ ਦੇ ਵਿਸ਼ੇ ਬਣਦੇ ਹਨ । ਇਸਤੋਂ ਇਲਾਵਾ ਉਪਰੋਕਤ ਵਰਨਣ ਕੀਤੀਆਂ ਦੋ ਵੱਖਰੀਆਂ 2 ਲਾਈਨਾਂ ਵਾਲੇ ਰੁਝਾਨ ਵੀ ਕਮਿਊਨਿਸਟ ਪਾਰਟੀਆਂ ਅੰਦਰ ਪਹਿਲਾਂ ਵੀ ਬਹਿਸ ਦਾ ਵਿਸ਼ਾ ਬਣਦੇ ਰਹੇ ਹਨ ਜਿਵੇਂ ਕਿ ਚੀਨ ਦੀ ਕਮਿਊਨਿਸ਼ਟ ਪਾਰਟੀ ਅੰਦਰ ਹੀ ਤੇ ਇਹਨਾਂ ਨੂੰ ਦੋ ਲੀਹਾਂ ਦਰਮਿਆਨ ਘੋਲ ਨੂੰ ਸਹੀ ਢੰਗ ਨਾਲ ਚਲਾ ਕੇ ਹੱਲ ਕੀਤਾ ਜਾਂਦਾ ਰਿਹਾ ਹੈ ।

ਅਸਲ ਵਿਚ ਹਿੰਦੁਸਤਾਨ ਦੇ ਕਮਿਊਨਿਸਟਾਂ ਵਲੋਂ ਭਾਰਤੀ ਸਮਾਜ ਤੇ ਭਾਰਤੀ ਇਨਕਲਾਬ ਸਬੰਧੀ ਸਹੀ ਲਾਈਨ ਨਾਂ ਦੇ ਸਕਣ ਦੇ ਵਰਤਾਰੇ ਨੂੰ ਇੱਕ ਕਮਿ. ਇਨ. ਗਰੱਪ (ਮਾਸ ਲਾਈਨ ਗਰੁੱਪ) ਹੀ ਆਪਣੇ ਪਰਚੇ ਵਿੱਚ ਹੁਣ ਇਉਂ ਮੰਨਦਾ ਹੈ—

"ਕਮਿਊਨਿਸਟਾਂ ਵਲੋਂ ਭਾਰਤੀ ਸਮਾਜ ਦਾ ਕੀਤਾ ਗਿਆ ਨਿਰਣਾ ਆਮ ਕਰਕੇ ਸਦਾ ਹੀ ਨੁਕਸਦਾਰ ਸਿੱਧ ਹੋਇਆ ਹੈ । ਉਨ੍ਹਾਂ ਦੀ ਪਹੁੰਚ ਠੋਸ ਹਾਲਤਾਂ ਦੇ ਠੋਸ ਨਿਰਣੇ ਤੋਂ ਨਹੀਂ ਸਗੋਂ ਕੁਝ ਆਮ ਜਿਹੀਆਂ ਸਚਾਈਆਂ ਤੋਂ ਸ਼ੁਰੂ ਕਰਨ ਦੀ ਰਹੀ ਹੈ । ਅਕਸਰ ਹੀ ਬਹਿਸ ਇਸ ਸੁਆਲ ਦੁਆਲੇ ਕੇਂਦਰਤ ਰਹੀ ਕਿ ਭਾਰਤੀ ਹਾਲਤ ਦਾ ਨਿਰਣਾ ਕਰਨ ਲਈ ਰੂਸੀ ਮਾਡਲ ਨੂੰ ਆਧਾਰ ਬਣਾਇਆ ਜਾਵੇ ਜਾਂ ਚੀਨੀ ਨੂੰ ਤੇ ਜਾਂ ਦੋਵਾਂ ਨੂੰ ਹੀ । ਅਤੇ ਉਹਨਾਂ ਨੇ ਭਾਰਤੀ ਸਮਾਜ ਦੀ ਚੀਰਫਾੜ ਕਰਨ ਲਈ ਮਾਰਕਸੀ ਵਿਧੀ ਨੂੰ ਖੁਲ੍ਹੇ ਮਨ ਨਾਲ ਵਰਤਣ ਦੀ ਕਦੇ ਵੀ ਖੇਚਲ ਨਹੀਂ ਕੀਤੀ ।"

ਸੋ ਦੂਸਰੇ ਗਰੁੱਪ ਨੂੰ ਸੋਧਵਾਦੀ, ਮੌਕਾਪ੍ਰਸਤ ਜਾਂ ਇਨਕਲਾਬ ਤੋਂ ਭਗੌੜੇ ਕਹਿਣ ਨਾਲ ਜਾਂ ਜ਼ਾਤੀ ਚਿੱਕੜ ਉਛਾਲੀ ਕਰਨ ਨਾਲ (ਜਿਵੇਂ ਕਿ ਪਿਛਲੇ ਸਮੇਂ ਵਿੱਚ ਪੰਜਾਬ ਵਿਚ ਕੀਤਾ ਗਿਆ ਹੈ । ਨਾ ਤਾਂ ਕੋਈ ਆਪਣੀ ਲਾਈਨ ਦੀ ਉਤਮਤਾ ਜਚਾ ਸਕਦਾ ਹੈ ਅਤੇ ਨਾ ਹੀ ਦਰੁਸਤ ਲਾਈਨ ਦੇ ਵਿਕਾਸ ਵਿੱਚ ਕੋਈ ਹਿੱਸਾ ਪਾ ਸਕਦਾ । ਅੱਜ ਲੋੜ ਕਮਿਊਨਿਸਟ ਇਨਕਲਾਬ ਲਹਿਰ

ਸਾਹਮਣੇ ਖੜੀਆਂ ਸਮਸਿਆਵਾਂ ਨੂੰ ਮਾਰਕਸਵਾਦ-ਲੈਨਿਨ-ਵਾਦ ਵਿੱਚ ਨਿਹਚਾ ਰਖਣ ਵਾਲੇ ਹਰ ਵਿਅਕਤੀ, ਗਰੁੱਪ ਜਾਂ ਪਾਰਟੀ ਨਾਲ ਹਰ ਪੱਖ ਤੋਂ ਖੁਲ੍ਹੇ ਮਨ ਨਾਲ ਵਿਚਾਰਨ ਦੀ ਹੈ ਤੇ ਇਉਂ ਕਰਦੇ ਸਮੇਂ ਹਰ ਕਿਸਮ ਛੇ ਕੱਟੜਵਾਦ ਜਾਂ ਪਹਿਲਾਂ ਹੋਏ ਸਭ ਕੁਝ ਨੂੰ ਨਕਾਰਨ ਦੀ ਬਿਰਤੀ ਨੂੰ ਰੱਦ ਕਰਦੇ ਹੋਏ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਅਸੂਲਾਂ ਤੇ ਦ੍ਰਿੜਤਾ ਨਾਲ ਖੜ੍ਹਨਾ ਚਾਹੀਦਾ ਹੈ। ਇਸ ਕੰਮ ਲਈ ਇਕ ਕੁਲ ਹਿੰਦ ਪਰਚੇ ਦੀ ਪ੍ਰਕਾਸ਼ਨਾ ਕਰਨੀ ਸਭ ਤੋਂ ਵੱਧ ਸਹਾਈ ਹੋ ਸਕਦੀ ਹੈ ਜਿਸ ਵਿੱਚ ਸਾਰਿਆਂ ਧੜਿਆਂ ਦੇ ਲੇਖ, ਰਿਪੋਰਟਾਂ ਤੇ ਵੱਖ ਵੱਖ ਮਸਲਿਆਂ ਬਾਰੇ ਆਪਣਾ ਪੱਖ ਪੇਸ਼ ਕਰਨੇ ਵਾਲੀਆਂ ਲਿਖਤਾਂ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਛਾਪਿਆ ਜਾਵੇ। ਇਸ ਮਾਮਲੇ ਵਿੱਚ ਤੰਗਨਜ਼ਰੀ ਤੇ ਸੰਕੀਰਣਤਾਵਾਦ ਤੋਂ ਮੁਕਤ ਹੋਣਾ ਜ਼ਰੂਰੀ ਹੈ ਕਿਉਂਕਿ ਅਕਸਰ ਇਹੋ ਜਿਹੇ ਸਿਧਾਂਤਕ ਪਰਚੇ ਤੇ ਜਦ ਇੱਕ ਧਿਰ ਕਾਬਜ਼ ਹੋ ਜਾਵੇ ਤਾਂ ਉਹ ਦੂਸਰਿਆਂ ਦੀਆਂ ਸਮਝਾਂ ਨੂੰ ਵਿਗਾੜ ਕੇ ਤੇ ਆਪਣੀ ਨੂੰ ਉਭਾਰ ਕੇ ਪੇਸ਼ ਕਰਦੀ ਹੈ। ਕੰਮਿ. ਇਨ ਦੇ ਸਿਧਾਂਤਕ ਪਰਚੇ ਲਿਬਰੇਸ਼ਨ ਨਾਲ ਵੀ ਇੰਜ ਹੀ ਹੋਇਆ ਸੀ (ਉਂਜ ਇਸ ਸਬੰਧ ਵਿੱਚ ਹੁਣ ਕੁਝ ਗਰੁੱਪਾਂ ਵਲੋਂ ਕੋਸ਼ਿਸ਼ਾਂ ਚਲ ਵੀ ਰਹੀਆਂ ਹਨ ਕਿ ਇਸ ਤਰਾਂ ਦਾ ਕੋਈ ਸਾਂਝਾ ਪਰਚਾ ਕਢਿਆ ਜਾ ਸਕੇ।) ਇਸ ਤੋਂ ਬਿਨਾਂ ਜਨਤਕ ਜਥੇਬੰਦੀਆਂ ਵਿਚ ਕੰਮ ਕਰਦੇ ਸਮੇਂ ਇੱਕ ਵਰਗ ਦੀ ਇਕੋ ਜਥੇਬੰਦੀ ਤੇ ਹੀ ਕਾਇਮ ਰਹਿਣਾ ਚਾਹੀਦਾ ਹੈ ਤੇ ਉਸ ਵਿੱਚ ਜਮਹੂਰੀ ਕੇਂਦਰਵਾਦ ਦੇ ਨਿਯਮਾਂ ਤਹਿਤ ਕੰਮ ਕਰਦੇ ਹੋਏ ਜਨਤਕ ਜਥੇਬੰਦਿਆਂ ਵਿਚੋਂ ਫੁੱਟ ਪਾ ਕੇ ਨਿਕਲਣ ਤੇ ਕਢਣ ਕਢਾਉਣ ਦੇ ਚੱਕਰ ਨੂੰ ਖਤਮ ਕਰਨਾ ਚਾਹੀਦਾ ਹੈ। ਜਨਤਕ ਜਥੇਬੰਦੀ ਦੇ ਮੈਂਬਰਾਂ ਦੀ ਬਹੁਤ ਵੱਡੀ ਬਹੁਗਿਣਤੀ ਵੀ ਅਕਸਰ ਇਕੱਠੇ ਰਹਿਣਾ ਚਾਹੁੰਦੀ ਹੈ ਤੇ ਫੁੱਟ ਦਾ ਵਰਤਾਰਾ ਵਾਪਰਣ ਨਾਲ ਆਮ ਜਥੇਬੰਦ ਕਾਡਰ ਵਿੱਚ ਖਿਝ ਤੇ ਨਿਰਾਸ਼ਤਾ ਫੈਲਦੀ ਹੈ ਤੇ ਸਮੁੱਚੇ ਰੂਪ ਵਿੱਚ ਇਨਕਲਾਬੀ ਕਾਜ਼ ਨੂੰ ਵੱਡਾ ਹਰਜਾ ਪੁੱਜਦਾ ਹੈ।

ਸਾਰੇ ਕਮਿਊਨਿਸਟ ਇਨਕਲਾਬੀਆਂ ਦੇ ਹਰ ਮਸਲੇ ਤੇ, ਹਰ ਨਿਰਣੇ ਵਿਚ ਇਕ ਮੱਤ ਹੋ ਜਾਣ ਬਾਰੇ ਸੋਚਣਾ ਬਿਲਕੁਲ ਗੈਰ ਕੁਦਰਤੀ ਹੈ। ਅਕਸਰ ਹੀ ਅੱਡ 2 ਮਸਲਿਆ ਪ੍ਰਤੀ ਸਾਰੇ ਵਿਅਕਤੀ ਆਪਣੀਆਂ ਵੱਖ ਵੱਖ ਰਾਵਾਂ ਰਖਦੇ ਹਨ ਤੇ ਉਹਨਾਂ ਨੂੰ ਰੱਖਣ ਦਾ ਹੱਕ ਵੀ ਹੁੰਦਾ ਹੈ ਚਾਹੇ ਉਹ ਇਕ ਪਾਰਟੀ ਵਿਚ ਜਥੇਬੰਦ ਹੋਣ ਜਾਂ ਨਾਂ। ਸੋ ਇਹ ਆਸ ਰੱਖਣੀ, ਕਿ ਪਹਿਲਾਂ ਸਾਰੇ ਮਤਭੇਦ ਖਤਮ ਹੋ ਜਾਣ ਫੇਰ ਹੀ ਇਕ ਪਾਰਟੀ ਵਿਚ ਜਥੇਬੰਦ ਹੋ ਸਕਿਆ ਜਾਵੇਗਾ, ਬਿਲਕੁਲ ਫਜ਼ੂਲ ਗੱਲ ਹੈ। ਲੋੜ ਹਰ ਮਸਲੇ ਤੇ ਉਠਦੀਆਂ ਵੱਖ ਵੱਖ ਸਮਝਾਂ ਨੂੰ ਸਹੀ ਢੰਗ ਨਾਲ ਹੱਲ ਕਰਨ ਦੀ ਹੈ। ਅੱਜ ਵੀ ਸਾਰੇ ਕਮਿਊਨਿਸਟ ਇਨਕਲਾਬੀ ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ ਤੇ ਦ੍ਰਿੜਤਾ ਨਾਲ ਖੜੇ ਹਨ, ਗੱਲ ਇਹਨਾਂ ਸਿਧਾਂਤਾਂ ਨੂੰ (ਇਕ ਜੁਟ) ਇਨਕਲਾਬੀ ਤਾਕਤ ਵਿਚ ਵਟਾਉਣ ਦੀ ਹੈ ਜੋ ਇਸ ਨਾਕਾਬਿਲੇ ਜਿਉਣ ਢਾਂਚੇ ਨੂੰ ਉਖਾੜ ਕੇ ਸੁੱਟ ਸਕੇ ਅਤੇ ਇਕ ਚੰਗੇਰਾ ਸਮਾਜ, ਜਿੱਸਦੀ ਸਦੀਆਂ ਤੋਂ ਕਲਪਨਾ ਕੀਤੀ ਜਾ ਰਹੀ ਹੈ, ਹਕੀਕਤ ਵਿਚ ਸਥਾਪਿਤ ਕਰਨ ਵੱਲ ਵਧਿਆ ਜਾ ਸਕੇ। ਕਿਤੇ ਅਜਿਹਾ ਨਾ ਹੋਵੇ ਕਿ ਅਸੀਂ ਮੋਹਨ ਸਿੰਘ ਦੀਆਂ ਇਹਨਾਂ ਲਾਈਨਾਂ ਨੂੰ ਹੀ ਸਿੱਧ ਕਰਦੇ ਰਹੀਏ—

ਨਾ ਇਕ ਵੀ ਛਿਣ ਗਿਆ ਚੱਜ ਨਾਲ ਫੜਿਆ,
ਕਰਦੇ ਸਨ ਜੋ ਸਮੇਂ ਤੇ ਛਾਣ ਦੀ ਗੱਲ। o

---

**ਪੁਸਤਕ ਪਹਿਚਾਣ :**

## ......"ਤੇ ਦੇਵ ਪੁਰਸ਼ ਹਾਰ ਗਏ......"

o ਡਾਕਟਰ ਕਾਵੂਰ

ਸਾਨੂੰ ਫਿਰਕੂ ਜਨੂੰਨ ਦੇ ਵਿਰੁਧ ਇਕ ਸਰਬਪੱਖੀ ਜੰਗ ਦੀ ਲੋੜ ਹੈ। ਸਿਧਾਂਤਕ ਪੱਖ ਤੋਂ ਇਸ ਲੋੜ ਵਿਚ ਇਹ ਕੰਮ ਆਂਦਾ ਹੈ ਕਿ ਅੰਧ ਵਿਸ਼ਵਾਸ਼ ਦੀ ਥਾਂ ਦਲੀਲ ਨੂੰ ਸੋਚ ਦਾ ਧੁਰਾ ਬਣਾਇਆ ਜਾਏ। ਇਸ ਪੱਖ ਤੋਂ ਲੰਕਾ ਦੇ ਡਾਕਟਰ ਕਾਵੂਰ ਦਾ ਕੰਮ ਸੰਸਾਰ ਪ੍ਰਸਿਧਤਾ ਦਾ ਦਰਜਾ ਰਖਦਾ ਹੈ। ਡਾਕਟਰ ਕਾਵੂਰ ਮਨੋਵਿਗਿਆਨ ਦੇ ਡਾਕਟਰ ਹਨ। ਉਹਨਾਂ ਦੀ ਜ਼ਿੰਦਗੀ ਦਾ ਮਿਸ਼ਨ ਹੈ ਕਿ ਲੋਕਾਂ ਨੂੰ ਵਹਿਮਾਂ, ਜਾਦੂ ਟੂਣਿਆਂ, ਤੇ ਕਥਿਤ ਦੇਵ ਪੁਰਸ਼ਾਂ ਦੇ ਚਮਤਕਾਰੀ ਚੱਕਰਾਂ ਵਿਚੋਂ ਕਢਿਆ ਜਾਏ। ਦੇਵ ਪੁਰਸ਼ਾਂ ਵਿਚ ਉਹ ਸਾਂਈ ਬਾਬਾ ਮਹਾਂ ਰਿਸ਼ੀ ਮਹੇਸ਼ ਯੋਗੀ ਅਚਾਰੀਆ ਰਜਨੀਸ਼ ਆਦਿਕ ਨੂੰ ਸ਼ਾਮਿਲ ਕਰਦੇ ਹਨ ਅਤੇ ਹਰ ਥਾਂ ਉਹਨਾਂ ਨਾਲ ਸਿੱਧੀ ਟੱਕਰ ਲੈਂਦੇ ਹਨ। ਡਾਕਟਰ ਕਾਵੂਰ ਨੇ ਜ਼ਿੰਦਗੀ ਭਰ ਲੋਕਾਂ ਨੂੰ ਅੰਧ ਵਿਸ਼ਵਾਸ਼ ਦੀ ਬਜਾਏ ਤਰਕ ਨਾਲ ਸੋਚਣਾ ਸਿਖਾਇਆ ਹੈ ਉਹਨਾਂ ਨੇ ਸੰਸਾਰ ਪੱਧਰ ਤੇ RATIONALIST SOCIETIES (ਤੱਰਕਸ਼ੀਲ ਲੋਕਾਂ ਦੀਆਂ ਸੰਸਥਾਵਾਂ) ਬਨਾਉਣ ਦਾ ਬੀੜਾ ਚੁੱਕਿਆ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਇਸ ਸੰਸਥਾ ਨੂੰ ਪੰਜਾਬ ਵਿਚ ਵੀ ਜਥੇਬੰਦ ਕੀਤਾ ਗਿਆ ਹੈ। ਮਾਸਟਰ ਮੇਘ ਰਾਜ ਮਿੱਤਲ, ਗੁਰੂ ਨਾਨਕ ਸਟਰੀਟ, ਕੱਚਾ ਕਾਲਜ ਰੋਡ ਬਰਨਾਲਾ, ਅਤੇ ਸਰਜੀਤ ਸਿੰਘ ਤਲਵਾਰ,

ਬੀਲਾ/ਪਾਤ, ਰਾਮਬਾਗ ਰੋਡ, ਬਰਨਾਲਾ, ਕਰਮਵਾਰ ਇਸਦੇ ਪਹਿਲੇ ਪ੍ਰਧਾਨ ਤੇ ਸਕੱਤ੍ਰ ਹਨ। ਇਸ ਸੰਸਥਾ ਵਲੋਂ ਡਾਕਟਰ ਕਾਵੂਰ ਦੀ ਲਿਖਤ ਦੀ ਇਕ ਕਿਤਾਬ '...ਤੇ ਦੇਵ ਪੁਰਸ਼ ਹਾਰ ਗਏ।' ਜੋ 254 ਸਫ਼ਿਆਂ ਦੀ ਹੈ, (ਕੀਮਤ 7/-) ਛਾਪੀ ਗਈ ਹੈ। ਇਸ ਕਿਤਾਬ ਦਾ ਪੜ੍ਹਨਾ ਅਪਣੇ ਆਪ ਵਿਚ ਇਕ ਨਾਂ ਭੁਲਣ ਵਾਲਾ ਤੱਜਰਬਾ ਹੈ ਤੇ ਮੈਂ ਸਮਝਦਾ ਹਾਂ ਕਿ ਪੰਜਾਬੀ ਵਿਚ ਇਸ ਕਿਤਾਬ ਦਾ ਛਪਣਾ ਇਕ ਇਤਹਾਸਕ ਘੱਟਨਾ ਹੈ।

ਕਿਤਾਬ ਦੀ ਭੂਮਿਕਾ ਵਿਚ ਡਾ: ਕਾਵੂਰ ਲਿਖਦੇ ਹਨ—"ਵਫ਼ਾਦਾਰ ਅਤੇ ਇਮਾਨਦਾਰ ਆਦਮੀ ਅਪਣੀ ਰੋਜ਼ੀ ਵਫ਼ਾਦਾਰੀ ਅਤੇ ਇਮਾਨਦਾਰੀ ਦੇ ਕੰਮ ਵਿਚੋਂ ਕਮਾਉਂਦੇ ਹਨ। ਬੇਈਮਾਨ ਆਦਮੀ ਮਿਹਨਤ ਕਰਨ ਵਾਲਿਆਂ ਨਾਲ ਧੋਖਾ ਕਰਕੇ ਅਪਣੀ ਰੋਜ਼ੀ ਕਮਾਂਦੇ ਹਨ ਇਸ ਸੂਚੀ ਵਿਚ ਉਹ ਅਧਿਆਪਕ, ਪ੍ਰਚਾਰਕ, ਪਾਦਰੀ ਸੰਤ, ਮਹੰਤ, ਸਿਧ ਗੁਰੂ, ਰਿਸ਼ੀ, ਸੁਵਾਮੀ ਯੋਗੀ ਅਤੇ ਪਾਂਡੇ ਸ਼ਾਮਿਲ ਹਨ ਜਿਹੜੇ ਚਮਤਕਾਰਾਂ, ਯੋਗਿਕ ਸ਼ਕਤੀਆਂ ਕਾਲੇ ਇਲਮਾਂ ਟੂਣਿਆਂ, ਪ੍ਰੇਤਾਂ, ਟੈਲੀਪੈਥੀ ਅਤੇ ਧਾਰਮਿਕ ਪਾਖੰਡਾਂ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਲੁੱਟਦੇ ਹਨ। ਅੱਜ ਕਲ ਭਾਰਤ ਵਿਚ ਇਕ ਹੋਰ ਕਿਸਮ ਦੇ ਪਾਖੰਡੀ ਪੈਦਾ ਹੋਏ ਹਨ ਜਿਹੜੇ ਭਾਰਤੀ ਹਿੰਦੂ ਦੇਵਤਿਆਂ ਦਾ ਅਵਤਾਰ ਧਾਰ ਲੈਂਦੇ ਹਨ। ਇਸ ਦੇਸ਼ ਦੇ ਬੁੱਧੀਮਾਨ ਸ਼ੇਖੀਬਾਜ਼ਾਂ ਨੇ, ਘੱਟ ਮੇਹਨਤ ਨਾਲ ਵੱਧ ਧਨ ਇਕੱਠਾ ਕਰਨ ਦਾ ਢੰਗ ਲਭ ਲਿਆ ਹੈ। ਉਹ ਅਜਿਹੇ ਚੁੱਸਤ ਬੰਦੇ ਦੀ ਚੋਣ ਕਰਦੇ ਹਨ, ਜਿਹੜਾ ਹੱਥ ਦੀ ਸਫ਼ਾਈ ਦਾ ਮਾਹਿਰ ਹੋਵੇ ਅਤੇ ਉਸਨੂੰ ਅਵਤਾਰ ਬਣਾ ਦਿੰਦੇ ਹਨ। ਅਜਿਹੇ ਦੇਵ ਪੁਰਖਾਂ ਦੇ ਚਮਤਕਾਰਾਂ ਅਤੇ ਗੈਬੀ ਸ਼ਕਤੀਆਂ ਬਾਰੇ ਬਹੁਤ ਸਾਰੀਆਂ ਪਰੀ ਕਹਾਣੀਆਂ ਅਖਬਾਰਾਂ ਅਤੇ ਰਸਾਲਿਆਂ ਵਿਚ ਛਪਦੀਆਂ ਹਨ। ਜਦੋਂ ਅਜਿਹੇ ਦੇਵਤੇ ਦਾ ਸਾਂਗ ਲੋਕਾਂ ਵਿਚ ਪ੍ਰਗਟ ਹੁੰਦਾ ਹੈ ਤਾਂ ਉਸਦੇ ਏਜੰਟ ਉਸ ਨੂੰ ਫੁੱਲ ਭੇਟਾ ਕਰਦੇ ਹਨ ਅਤੇ ਡੰਡਾਉਤ ਕਰਦੇ ਹਨ ਕਿਉਂਕਿ ਬਹੁਤ ਸਾਰੇ ਸ਼ਰਧਾਲੂਆਂ ਨੂੰ ਦੂਸਰਿਆਂ ਦੀ ਨੱਕਲ ਕਰਨ ਦੀ ਆਦਤ ਹੁੰਦੀ ਹੈ, ਇਸ ਲਈ ਹਜ਼ਾਰਾਂ ਹੀ ਦਰਸ਼ਕ, ਚਮਤਕਾਰ ਕਰਨ ਵਾਲੇ ਢੋਂਗੀ ਸਾਹਮਣੇ ਡੰਡਾਉਤ ਕਰਨ ਲੱਗ ਜਾਂਦੇ ਹਨ। ਇਸ ਨਾਲ ਲੱਖਾਂ ਰੁਪਏ ਇਕੱਠੇ ਹੋ ਜਾਂਦੇ ਹਨ ਅਤੇ ਅਜਿਹੇ ਮਦਾਰੀ ਤੇ ਚੇਲੇ ਫੇਰ ਉਹ ਪੈਸੇ ਵੰਡ ਲੈਂਦੇ ਹਨ। ਅਫਸੋਸ ਦੀ ਗੱਲ ਇਹੋ ਹੈ ਕਿ ਇਨ੍ਹਾ ਫਰੇਬੀਆਂ ਵਿਚ ਇਸ ਦੇਸ਼ ਦੇ ਬਹੁਤ ਸਾਰੇ ਉੱਚ ਯੋਗਤਾ ਵਾਲੇ ਵਿਗਿਆਨੀਕ ਵੀ ਸ਼ਾਮਿਲ ਹਨ। ਭਾਵੇਂ ਇਨ੍ਹਾਂ ਪਾਖੰਡੀਆਂ ਦੇ ਕੰਮ ਮੁਜੱਰਮਾਂ, ਡਾਕੂਆਂ, ਠੱਗਾਂ, ਸਮਗਲਰਾ ਬਲੈਕ ਮਾਰਕੀਟੀਆ, ਜੇਬ ਕੁਤਰਿਆਂ ਅਤੇ ਚੋਰਾਂ ਵਾਲੇ ਹੀ ਹਨ, ਫੇਰ ਵੀ ਸਰਕਾਰ ਇਨ੍ਹਾਂ ਤੇ ਮੁਕੱਦਮ ਚਲਾਉਣ ਤੋਂ ਬੇਵੱਸ ਹੈ, ਕਿਉਂਕਿ ਇਨ੍ਹਾਂ ਗੱਲਾਂ ਨੂੰ ਉਥੋਂ ਦੇ ਧਰਮਾਂ ਦੀ ਹਿਮਾਇਤ ਹਾਸਲ ਹੈ। ਜੇ ਇਨ੍ਹਾਂ ਪਾਖੰਡੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨੀ ਹੋਵੇ ਤਾਂ ਈਸਾ ਦਾ ਨੁਮਾਇੰਦਾ ਪੋਪ, ਅਜਿਹਾ ਪਹਿਲਾ ਆਦਮੀ ਹੋਵੇਗਾ, ਜਿਹੜਾ ਲੋਕਾਂ ਦੀਆਂ ਭੀੜਾਂ ਨੂੰ ਇਹ ਕਹਿਕੇ ਧੋਖਾ ਦੇਂਦਾ ਹੈ, ਜਿਹੜੀ ਸ਼ਰਾਬ ਗਿਰਜੇ ਵਿਚ ਧਾਰਮਕ ਜਸ਼ਨ ਤੇ ਦਿੱਤੀ ਜਾਂਦੀ ਹੈ, ਉਹ ਈਸਾ ਮਸੀਹ ਦਾ ਖੂਨ ਹੁੰਦਾ ਹੈ। ਇਸ ਧੋਖੇ ਨੂੰ ਸਿੱਧ ਕਰਨ ਲਈ, ਇਸ ਉਤਸਵ ਤੇ ਦਿੱਤੀ ਸ਼ਰਾਬ ਦੀ ਰਸਾਇਣਕ ਪਰਖ ਕੀਤੀ ਜਾ ਸਕਦੀ ਹੈ। ਉਹ ਸ਼ਰਾਬ ਹੀ ਹੋਏਗੀ, ਕੋਈ ਖੂਨ ਨਹੀਂ ਹੋਵੇਗਾ।

ਭੋਲੇ ਭਾਲੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਉਣ ਦੀ ਲੋੜ ਹੈ ਕਿ ਇਨ੍ਹਾਂ ਪਖੰਡੀਆਂ ਦਾਅਵਿਆਂ ਵਿਚ ਕੋਈ ਭੀ ਸਚਾਈ ਨਹੀਂ ਹੁੰਦੀ। ਇਸੇ ਲਈ ਹੀ ਮੈਂ ਇਕ ਨੱਕਦ ਸ਼ਰਤ ਦੀ ਸ਼ਕਲ ਵਿਚ ਚਣੌਤੀ ਦੇਣ ਦਾ ਰਾਹ ਅਪਣਾਇਆ ਹੈ। ਮੇਰੀ ਚਣੌਤੀ ਹਠ ਪ੍ਰਕਾਰ ਹੈ (ਜੋ ਮੈਂ ਲੰਕਾ ਅਤੇ ਭਾਰਤ ਦੀਆਂ ਅਖਬਾਰਾਂ ਵਿਚ ਅਪਣੇ ਕੋਲੋਂ ਪੈਸੇ ਦੇ ਕੇ ਵੀ ਛਪਵਾਈ ਹੈ, ਤਾਂ ਜੋ ਵੱਖ ਵੱਖ ਲੋਕਾਂ ਤਕ ਜਾ ਸਕੇ।

ਮੈਂ ਇਬਰਾਹੀਮ ਕਾਵੂਰ, ਜੋ ਪਾਮਾਨਕਾਂਡਾਂ ਲੇਨ, ਕੋਲੰਬੋ-6 ਦਾ ਨਿਵਾਸੀ ਹਾਂ, ਇਹ ਘੋਸ਼ਣਾ ਕਰਦਾ ਹਾਂ ਕਿ ਮੈਂ ਸ੍ਰੀ ਲੰਕਾ ਦੇ ਇਕ ਲੱਖ ਰੁਪਏ ਦਾ ਇਨਾਮ, ਦੁਨੀਯਾ ਦੇ ਕਿਸੇ ਅਜਿਹੇ ਵਿਯਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਅਜਿਹੀਆਂ ਹਾਲਤਾਂ ਵਿਚ ਜਿਥੇ ਧੋਖਾ ਨਾ ਹੋਵੇ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ, ਦੇਵਪੁਰਖ, ਸੰਤ, ਯੋਗੀ, ਸਿੱਧ ਗੁਰੂ, ਸਵਾਮੀ ਅਤੇ ਹਰ ਦੂਸਰੇ ਜਿਨ੍ਹਾਂ ਨੇ ਆਤਮਿਕ ਕਸਰਤਾਂ ਜਾਂ ਪਰਮਾਤਮਾ ਦੀ ਭਗਤੀ ਨਾਲ ਸ਼ਕਤੀ ਪ੍ਰਾਪਤ ਕੀਤੀ ਹੈ, ਇਸ ਇਨਾਮ ਨੂੰ ਹੇਠ ਲਿਖੇ ਚਮਤਕਾਰਾਂ ਵਿਚੋਂ ਕਿਸੇ ਇਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ।

ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਦਸਨਾ, ਬਲਦੀ ਹੋਈ ਅੱਗ ਤੇ ਅਪਣੇ ਦੇਵਤੇ ਦੀ ਸਹਾਇਤਾ ਨਾਲ ਅੱਧੇ ਮਿੰਟ ਲਈ ਨੰਗੇ ਪੈਰ ਖੜਨਾ, ਐਸੀ ਵਸਤੂ ਜੋ ਮੈਂ ਮੰਗਾਂ ਹਵਾ ਵਿਚੋਂ ਪੈਦਾ ਕਰ ਸਕਣਾ, ਟੈਲੀਪੈਥੀ ਰਾਹੀਂ ਕਿਸੇ ਦੂਜੇ ਵਿਯਕਤੀ ਦੇ ਵਿਚਾਰ ਪੜ੍ਹਨਾ, ਯੋਗਿਕ ਸ਼ਕਤੀ ਨਾਲ ਹਵਾ ਵਿਚ ਉਡ ਸਕਨਾ, ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕਨਾ, ਪਾਣੀ ਉਤੇ ਪੈਦਲ ਤੁਰ ਸਕਨਾ, ਅਪਣਾ ਸਰੀਰ ਇਕ ਥਾਂ ਛੱਡਕੇ ਦੂਜੇ ਥਾਂ ਜਾ ਹਾਜ਼ਰ ਹੋਣਾ, ਯੋਗਿਕ ਸ਼ਕਤੀ ਦੁਆਰਾ 30 ਮਿੰਟ ਲਈ ਸਾਹ ਰੋਕ ਸਕਨਾ, ਅਜਿਹੀ ਆਤਮਾ ਜਾਂ ਪਰੇਤ ਨੂੰ ਹਾਜ਼ਰ ਕਰਨਾ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ ਤੇ ਫੋਟੋ ਖਿੱਚ ਲੈਣ ਪਿਛੋਂ ਫੋਟੋ ਤੋਂ ਅਲੋਪ ਹੋ ਸਕੇ, ਜਿੰਦਾ ਲੱਗੇ ਕਮਰੇ ਵਿਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕਨਾ, ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿਚ ਬਦਲ ਸਕਣਾ ਆਦਿਕ। ਅਜਿਹੇ ਜੋਤਸ਼ੀ ਅਤੇ ਪਾਂਡੇ, ਜਿਹੜੇ ਇਹ ਕਹਿ ਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ ਕਿ ਜੋਤਸ਼ ਅਤੇ ਹੱਥ ਰੇਖਾ ਵਿਗਿਆਨ ਹਨ, ਮੇਰੇ ਇਨਾਮ ਨੂੰ ਜਿੱਤ ਸਕਦੇ ਹਨ. ਜੇਕਰ ਉਹ ਦੱਸ ਹੱਥਾਂ ਜਾਂ ਫੋਟੋਆਂ ਨੂੰ ਵੇਖਕੇ, ਆਦਮੀਆਂ ਅਤੇ ਔਰਤਾਂ ਦੀ ਵੱਖ ਵੱਖ ਗਿਣਤੀ, ਮਰਿਆਂ

ਹਿੰਦੀ ਕਵਿਤਾ

## ਹਾਥੀਆਂ ਦੀ ਲੜਾਈ —ਉਦੈ ਪ੍ਰਕਾਸ਼

ਦੋ ਹਾਥੀਆਂ ਦਾ ਲੜਨਾ
ਸਿਰਫ ਹਾਥੀਆਂ ਦੇ ਕੁਨਬੇ ਨਾਲ ਸੰਬੰਧ ਨਹੀਂ ਰਖਦਾ
ਦੋ ਹਾਥੀਆਂ ਦੀ ਲੜਾਈ ਵਿਚ
ਸਭ ਤੋਂ ਵਧ ਰਗੜਿਆ ਜਾਂਦਾ ਹੈ ਘਾਹ—
ਜਿਸ ਦਾ ਹਾਥੀਆਂ ਦੇ ਸਾਰੇ ਕੁਨਬੇ ਨਾਲ
ਕੁਝ ਵੀ ਲੈਣਾ ਦੇਣਾ ਨਹੀਂ
ਦੋ ਹਾਥੀਆਂ ਦੀ ਲੜਾਈ ਤੋਂ ਬਾਅਦ

ਜੰਗਲ ਚੋਂ ਭੁੱਖੀ ਮੁੜ ਆਉਂਦੀ ਹੈ ਗਾਂ
ਤੇ ਭੁੱਖਾ ਸੌਂ ਜਾਂਦਾ ਹੈ ਘਰ ਵਿੱਚ ਬੱਚਾ।

ਦੋ ਹਾਥੀਆਂ ਦੇ ਚਾਰ ਦੰਦਾਂ ਤੇ ਅੱਠ ਪੈਰਾਂ ਨਾਲ
ਸਭ ਤੋਂ ਵਧ ਜ਼ਖਮੀ ਹੁੰਦੀ ਹੈ—ਬਚੇ ਦੀ ਨੀਂਦ
ਸਭ ਤੋਂ ਵਧ ਅਸਰੁਖਿਅਤ ਹੁੰਦਾ ਹੈ ਬਚੇ ਦਾ ਭੱਵਿਖ

ਦੋ ਹਾਥੀ ਜਦੋਂ ਲੜਦੇ ਨੇ
ਤਾਂ ਸਭ ਤੋਂ ਵੱਧ ਡਰਦੀਆਂ ਨੇ ਚਿੜੀਆਂ
ਜਿਨ੍ਹਾਂ ਦਾ ਹਾਥੀਆਂ ਦੇ ਪੂਰੇ ਕਬੀਲੇ ਨਾਲ
ਕੁਝ ਵੀ ਲੈਣਾ ਦੇਣਾ ਨਹੀਂ

ਦੋ ਹਾਥੀਆਂ ਦੀ ਲੜਾਈ ਨੂੰ, ਹਾਥੀਆਂ ਤੋਂ ਵੱਧ
ਸਹਿੰਦਾ ਹੈ ਜੰਗਲ
ਤੇ ਇਸ ਲੜਾਈ ਵਿਚ ਜਿੰਨੇ ਜ਼ਖਮ ਹੁੰਦੇ ਨੇ
ਹਾਥੀਆਂ ਦੇ ਮੋਟੇ ਸ਼ਰੀਰਾਂ ਤੇ
ਉਸ ਤੋਂ ਕਿਤੇ ਵਧ ਜ਼ਖਮ ਬਣ ਜਾਂਦੇ ਨੇ
ਜੰਗਲ ਤੇ ਸਮੇਂ ਦੀ ਪਿਠ ਤੇ—
ਜਿਵੇਂ ਵੀ ਹੋਵੇ, ਇਨ੍ਹਾਂ ਦੋ ਹਾਥੀਆਂ ਨੂੰ
ਲੜਨ ਤੋਂ ਰੋਕਣਾ ਚਾਹੀਦਾ ਹੈ।

o

ਅਤੇ ਜਿਉਂਦਿਆਂ ਦੀ ਗਿਣਤੀ ਦਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਦੱਸ ਸਕਣ । ਇਸ ਵਿਚ 5% ਗ਼ਲਤੀ ਮੁਆਫ ਹੋਏਗੀ।"

ਡਾਕਟਰ ਕਾਵੂਰ ਲਿਖਦੇ ਹਨ "ਭਾਵੇਂ ਇਨ੍ਹਾਂ ਚਮਤਕਾਰੀ ਵਿਯਕਤੀਆਂ ਬਾਰੇ ਅਨੇਕ ਕਹਾਣੀਆਂ ਖਲਬਲੀ ਮਚਾਉਣ ਵਾਲੇ ਰਸਾਲਿਆਂ ਤੇ ਅਖਬਾਰਾਂ ਵਿਚ ਛੱਪਦੀਆਂ ਹਨ ਪਰ 15 ਸਾਲਾਂ ਵਿਚ ਪਾਖੰਡੀਆਂ, ਵਿਚੋਂ, ਗ਼ੈਬੀ ਸ਼ਕਤੀਆਂ ਦਾ ਦਾਅਵਾ ਕਰਨ ਵਾਲਾਂ ਕੋਈ ਵੀ ਵਿਯਕਤੀ ਮੇਰੀ ਚੁਣੌਤੀ ਨੂੰ ਸਵੀਕਾਰ ਕਰਨ ਦਾ ਹੌਸਲਾ ਨਹੀਂ ਕਰ ਸਕਿਆ। ਕਿਉਂਕਿ ਅਜਿਹੇ ਲੋਕਾਂ ਨੂੰ ਉਨ੍ਹਾਂ ਦੇ ਧੋਖਿਆਂ ਦਾ ਵਿਗਿਆਨਕ ਟੈਸਟਾਂ ਰਾਹੀਂ ਨੰਗੇ ਹੋਣ ਦਾ ਡਰ ਹੈ। ਸਿਰਫ ਇਕ ਆਦਮੀ ਅਜਿਹਾ ਮਿਲਿਆ, ਜਿਸਨੇ ਇਸ ਚਣੌਤੀ ਨੂੰ ਕਬੂਲ ਕੀਤਾ। ਜੀ ਵੈਂਕਟਾ ਰਾਓ ਬੰਗਲੌਰ ਦਾ ਇਕ ਡਾਕਟਰ ਸੀ। ਇਹ ਇੱਕ ਬਹੁਤ ਹੀ ਧਾਰਮਿਕ ਆਦਮੀ ਸੀ। ਇਸਨੂੰ ਗ਼ੈਬੀ ਤਾਕਤਾਂ ਦੇ ਚਮਤਕਾਰਾਂ ਵਿਚ ਪੂਰਾ ਵਿਸ਼ਵਾਸ਼ ਸੀ, ਉਸਨੂੰ ਅਪਣੇ ਗੁਰੂ ਆਂਧਰ ਪਰਦੇਸ਼ ਦੇ ਰਾਘਵੇਂਦਰਾ ਸਵਾਮੀ ਜੀ ਵਿਚ ਪੱਕੀ ਸ਼ਰਧਾ ਸੀ, ਉਸਨੂੰ ਵਿਸ਼ਵਾਸ਼ ਸੀ ਕਿ ਹਰ ਰੋਜ਼ ਸੌ ਵਾਰ ਰਾਘਵੇਂਦਰ ਸ਼ਰਨਮ' ਦੇ ਮੰਤਰ ਦਾ ਜਾਪ ਕਰਕੇ ਕੋਈ ਭੀ ਆਦਮੀ ਗ਼ੈਬੀ ਸ਼ਕਤੀ ਪ੍ਰਾਪਤ ਕਰ ਸਕਦਾ ਹੈ। ਉਹ ਇਕ ਲਾਈਲਗ ਆਦਮੀ ਸੀ ਇਸ ਲਈ ਪਰੀ ਕਹਾਣੀ ਦੀ ਤਰ੍ਹਾਂ ਉਸਦਾ ਇਹ ਵਿਸ਼ਵਾਸ਼ ਸੀ ਕਿ ਮੈਸੂਰ ਦੇ ਇਕ ਪਿੰਡ ਵਿਚ ਇਕ ਛੇ ਸਾਲਾ ਲੜਕੇ ਦੀਆਂ ਅੱਖਾਂ ਵਿਚੋਂ ਪਵਿੱਤ੍ਰ ਰਾਖ, ਫੁਲ ਅਤੇ ਸ਼ਹਿਦ ਇਕ ਫੁਹਾਰੇ ਦੀ ਤਰ੍ਹਾਂ ਨਿਕਲਦੇ ਹਨ। ਮੇਰੀ ਚੁਣੌਤੀ ਕਬੂਲ ਕਰਦੇ ਹੋਏ ਉਹਨੇ 1000/- ਜ਼ਮਾਨਤ ਦੇ ਜਮਾਂ ਕਰਵਾਕੇ ਮੈਨੂੰ ਇਹ ਚਮਤਕਾਰ ਪਰਖਣ ਲਈ ਆਖਿਆ, ਇਹ ਚਮਤਕਾਰ ਮੇਰੀ ਤੇ ਉਹਦੀ ਹਾਜ਼ਰੀ ਵਿਚ ਪਰਖੇ ਗਏ ਤੇ ਉਹ ਪਾਖੰਡ ਤੋਂ ਸਿਵਾ ਕੁਝ ਵੀ ਨਾ ਨਿਕਲੇ।'

ਇਸ ਕਿਤਾਬ ਦੀ ਜਾਣ ਪਹਿਚਾਣ ਵਿਚ ਬੰਬਈ ਤੋਂ ਡਾਕਟਰ ਹਰੀਹਰਨ ਪੁੰਜਾਰ ਲਿਖਦੇ ਹਨ :—ਜ਼ਿੰਦਗੀ ਵਿਚ ਵਿਚਾਰਾਂ ਦੀ ਲੜਾਈ ਨੂੰ, ਠੋਸ ਉਦਾਹਰਣਾਂ ਰਾਹੀਂ ਜਿੱਤਿਆ ਜਾ ਸਕਦਾ ਹੈ, ਅਸਪਸ਼ਟ ਫਿਲਾਸਫੀ ਰਾਹੀਂ ਨਹੀਂ ਡਾਕਟਰ ਕਾਵੂਰ ਅਤੇ ਉਸਦੇ ਤਰਕਸ਼ੀਲ ਚੇਲੇ ਹਰ ਕਿਸਮ ਦੇ ਵਹਿਮਾਂ, ਦੇਵ ਪੁਰਖਾਂ, ਦੇਵਤਿਆਂ, ਚਮਤਕਾਰ ਦਿਖਾਉਣ ਵਾਲਿਆਂ, ਭੂਤਾਂ ਕੱਢਣ ਵਾਲਿਆਂ ਅਤੇ ਜਿਉਤਸ਼ੀਆਂ ਦੇ ਵਿਰੁੱਧ ਸਨ। ਇਹ ਜਦੋ ਜਹਿਦ ਆਮ ਲੋਕਾਂ ਨੂੰ ਪਾਖੰਡਾਂ ਤੋਂ ਬਚਾਉਣ ਲਈ ਬਹੁਤ ਜ਼ਰੂਰੀ ਹੈ ਅਤੇ ਇਸਤੋਂ ਬਿਨਾਂ ਸਮਾਜਿਕ ਤਰੱਕੀ ਅਸੰਭਵ ਹੈ। ਡਾਕਟਰ ਕਾਵੂਰ ਵੀ ਸਮੱਸਿਆ ਦੇ ਇਸੇ ਪੱਖ ਦਾ ਘੇਰਿਆ ਹੋਇਆ ਹੈ। ਇਸ ਲਈ ਉਸਨੇ ਧਰਮਾਂ, ਦੇਵਤਿਆਂ ਅਤੇ ਭਰਮਾਂ ਵਿਚ ਵਿਸ਼ਵਾਸ਼ ਹੋਣ ਦੇ ਆਰਥਿਕ ਅਤੇ ਸਮਾਜਿਕ ਕਾਰਨਾਂ ਨੂੰ ਲੱਭਣ ਦੇ ਔਖੇ ਕੰਮ ਨੂੰ ਨਹੀਂ ਸਹੇੜਿਆ। ਮੈਂ ਨਿੱਜੀ ਤੌਰ ਤੇ ਮਹਿਸੂਸ ਕਰਦਾ ਹਾਂ ਕਿ ਵਹਿਮਾਂ ਦੀ ਇਸ ਲੜਾਈ ਨੂੰ 'ਮੁਕਤੀ ਲਈ ਪ੍ਰੋਲੇਤਾਰੀਆਂ ਦੀ ਲੜਾਈ ਨਾਲ ਜੋੜਕੇ ਹੀ ਜਿੱਤਿਆ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿਚ, ਉਨ੍ਹਾਂ ਸਮਾਜਿਕ ਹਾਲਤਾਂ ਨੂੰ, ਜਿਹੜੀਆਂ ਪਾਖੰਡਾਂ ਨੂੰ ਜਨਮ ਦਿੰਦੀਆਂ ਹਨ, ਖਤਮ ਕਰਕੇ ਹੀ ਇਹਨਾਂ ਪਾਖੰਡਾਂ ਤੋਂ ਬਚਿਆ ਜਾ ਸਕਦਾ ਹੈ।"

ਇਹਨਾਂ ਸ਼ਬਦਾਂ ਨਾਲ ਸਹਿਮਤ ਹੁੰਦਿਆਂ ਹੋਇਆਂ ਅਦਾਰਾ ਸਮਤਾ ਵਲੋਂ ਇਹ ਸ਼ਿਫਾਰਸ਼ ਕੀਤੀ ਜਾਂਦੀ ਹੈ ਕਿ ਇਹ ਕਿਤਾਬ ਹਰ ਘਰ ਵਿਚ ਪੜ੍ਹੀ ਜਾਣੀ ਚਾਹੀਦੀ ਹੈ। ਡਾਕਟਰ ਕਾਵੂਰ ਉਹਨਾਂ ਸਿਰੜੀ ਤੇ ਤਰਕਸ਼ੀਲ ਲੋਕਾਂ ਦੀ ਫੌਜ ਦਾ ਆਗੂ ਹੈ, ਜਿਹੜੇ ਜ਼ਹਾਲਤ ਦੇ ਵਿਰੁਧ ਇਕ ਲੰਮੀ ਲੜਾਈ ਲੜ ਰਹੇ ਹਨ ਜੋ ਨਿਰਸੰਦੇਹ ਮਨੁੱਖੀ ਤਰੱਕੀ ਲਈ ਜ਼ਰੂਰੀ ਹੈ। ਸਾਨੂੰ ਸਾਰਿਆਂ ਨੂੰ ਇਸ ਲੜ ਰਹੀ ਫੌਜ ਦਾ ਸਿਪਾਹੀ ਹੋਣ ਦਾ ਮਾਣ ਹੋਣਾ ਚਾਹੀਦਾ ਹੈ। ਸੰਪਰਕ ਲਈ ਮਾਸਟਰ ਮੇਘ ਰਾਜ ਅਤੇ ਸਰਜੀਤ ਤਲਵਾਰ ਦੇ ਪਤੇ ਟਿਪਣੀ ਵਿਚ ਦਿਤੇ ਗਏ ਹਨ।

—ਗੁਰਸ਼ਰਨ ਸਿੰਘ

# ਅਪਣੀ ਧਿਜ—ਪਰਾਈ ਸਾਂਝ

ਲਾਲ ਸਿੰਘ

ਤੇ ਰੋਜ਼ ਵਾਂਗ ਉਸ ਨੇ ਛੋਟੀ ਗਲ੍ਹੀ ਵਲ ਨੂੰ ਖੁਲ੍ਹਦੇ ਬੰਦ ਕੀਤੇ ਦਰਵਾਜ਼ੇ ਦੀ ਹੇਠਲੀ ਵਿਰਲ ਰਾਹੀਂ ਅੰਦਰ ਨੂੰ ਸਰਕੀ ਅਖ਼ਬਾਰ ਚੁੱਕ ਲਈ। ਮੁੱਖ ਪੰਨੇ ਤੇ ਨਜ਼ਰ ਪੈਂਦਿਆਂ ਸਾਰ ਉਸਦੀਆਂ ਲੱਤਾਂ ਮਿਆਦੀ ਬੁਖ਼ਾਰ ਨਾਲ ਆਈ ਸਿਥੱਲਤਾ ਵਾਂਗ ਕੰਬ ਗਈਆਂ। ਭਰ ਸਿਆਲ ਦੀ ਸੱਜਰੀ ਸਵੇਰ, ਉਸਦੇ ਮੱਥੇ ਤੇ ਪਸੀਨੇ ਦਾ ਛੱਟਾ ਮਾਰ ਗਈ। ਪਸ਼ਮੀਨੇ ਦੀ ਸ਼ਾਲ ਅੰਦਰ ਲਿਪਟੇ ਨੂੰ ਵੀ ਕੱਚੀ-ਠੰਡੀ ਤਰੇਲੀ ਆਉਣ ਲੱਗੀ ਤੇ ਨਿਢਾਲ ਜਿਹਾ ਹੋਇਆ, ਉਹ ਸਵਿੱਤਰੀ ਤੋਂ ਵੱਡੀ ਸੁਰਖ਼ੀ ਹੇਠਲੀ ਖ਼ਬਰ ਸੁਣਨ ਲਈ ਸੋਫੇ ਤੇ ਢੇਰੀ ਹੋ ਗਿਆ।

.. ਇਹ ਕਿਵੇਂ ਹੋ ਗਿਆ! ਉਸ ਨੇ ਕਿਸੇ ਅਣਪਛਾਤੇ ਦਾ ਕੀ ਵਿਗਾੜਿਆ ਸੀ? ਉਹ ਤਾਂ ਕਦੀ ਕਿਸੇ ਨਾਲ ਉਚੀ ਕੂਇਆ ਵੀ ਨਹੀਂ ਸੀ! ਉਹ ਤਾਂ ਸਗੋਂ ਹੋਰਨਾਂ ਲਈ ਲੜਦਾ-ਭਿੜਦਾ ਕਈਆਂ ਮਹਿਕਮਿਆਂ ਦੇ ਅਫ਼ਸਰਾਂ ਦੀਆਂ ਅੱਖਾਂ ਅੰਦਰ ਰੜਕਣ ਲੱਗ ਪਿਆ ਸੀ। .. ਕਿਤੇ ਉਨ੍ਹਾਂ ਨੇ ਈ ਮਿਲ-ਮਿਲਾ ਕੇ ਏਸ ਝਖੜ-ਝਾਂਜੇ ਅੰਦਰ ਉਸ ਦਾ ਕੰਡਾ ਨਾ ਕਢਵਾ ਦਿੱਤਾ ਹੋਵੇ ਕਿਤੇ ਅਲਾਟੀਆਂ ਨੇ ਈ ਨਾ ਕੋਈ ਨਵਾਂ ਚੰਦ ਚੜ੍ਹਾ ਦਿੱਤਾ ਹੋਵੇ, ਜਿਨ੍ਹਾਂ ਪਿਛਲੇ ਵਰੇ ਇਕ ਭਈਆ ਉਦੀਓਂ ਵਿੰਨ ਦਿੱਤਾ ਸੀ—ਅਖੇ, ਉਹ ਕਣਕ ਦੀ ਵਾਢੀ ਵਿਚਕਾਰੇ ਛੱਡ ਕੇ ਆਪਣੇ ਦੇਸ ਪਰਤਣ ਦੀ ਜ਼ਿਦ ਕਰਦਾ ਸੀ। ਭਈਆ ਰਾਜਾ ਰਾਮ ਗੋਂਡੇ ਜ਼ਿਲੇ ਦੇ ਆਪਣੇ ਹਰੀ-ਪੁਰ ਪਿੰਡ ਉਤੇ ਕੀਤੇ ਡਾਕੂਆਂ ਦੇ ਵੱਡੇ ਧਾਵੇ ਦੀ ਖਬਰ ਸੁਣ ਕੇ, ਪਿਛਲੇ ਦਿਨੀਂ ਵੱਟੇ-ਸੱਟੇ ਅੰਦਰ ਲਿਆਂਦੀ ਪਕੇਰੀ ਉਮਰ ਦੀ 'ਮਹਿਰੂਆ' ਦਾ ਥੌਹ ਪਤਾ ਲੈਣ ਲਈ ਉਤਾ-ਵਲਾ ਹੋ ਗਿਆ ਸੀ, ਪਰ ਅਲਾਟੀਆਂ ਨੇ ਤਾਂ ਉਸ ਦੇ ਪੂਰੇ 'ਸੀਜ਼ਨ' ਲਈ ਢਾਈ ਸੈਂਕੜੇ ਅਗਾਊਂ ਤਾਰੇ ਹੋਏ ਸਨ। ਉਂਝ ਤਾਂ ਉਨ੍ਹਾਂ ਨੂੰ ਕਈਆਂ ਚਿਰਾਂ ਤੋਂ ਹਰ ਸੀਜ਼ਨ ਤੇ ਠੇਕੇਦਾਰ ਰਾਮਧੰਨ ਕੋਲੋਂ ਦਸ-ਵੀਹ ਭਈਏ ਸੌ ਸਵਾ ਸੌ ਅੰਦਰ ਈ ਮਿਲਦੇ ਰਹੇ ਸਨ, ਪਰ ਪਿਛਲੇ ਢਾਈ ਤਿੰਨ ਸਾਲ ਤੋਂ ਰਾਮਧੰਨ ਦੇ ਕਹਿਣ ਮੂਜਬ ਭਈਆਂ ਨੂੰ ਵੀ ਅਕਲ ਆ ਗਈ ਜਾਪਦੀ ਸੀ। ਬੜਾ ਠੋਕ-ਬਜਾ ਕੇ ਜਵਾਬ ਦੇਣ ਵਰਗੀ ਹਾਂ ਕਰਿਆ ਕਰਦੇ—ਅਰੇ ਸਰਦਾਰ ਸੇਬ, ਪੂਰੇ ਚਾਰ ਮਾਹ ਲਗੇਂ ਧਾਨ ਕੀ ਬੁਆਈ-ਕਟਾਈ ਮਾਂ, ਅਰ ਟਕੇ ਮਿਲੈਂ ਸੁਸਰੇ ਸੂ ਅਰ ਆਧ; ਨਾਹੀਂ ਸੇਬ ਹਮਾਰ ਨਾਹੋਂ, ਗੁਜਾਰ ਚਲਵੇ; ਹਮਰਾ ਮਾਈ ਬਾਪ, ਮਹਿਰੂਆ-ਬਾਲ ਬਚਾ ਭਾਈ-ਭੈਹਨ ਕਾ ਧਾਨ-ਰੋਟੀ ਕੈਸੇ ਚਲਵੇ...ਪੂਰਾ ਤੀਨ ਸੈ ਧਾਨ ਅਰ ਚਾਰ ਸੈ ਕਨਕ ਕੇ ਲੇਂਗੇ ਹਮਾਰ ਤੋ..।' ਫਿਰ ਕਹਿ ਸੁਣ ਕੇ ਹੋਏ ਢਾਈ ਸੌ ਦੇ ਸੌਦੇ ਤੋਂ ਕੰਨੀ ਖਿਸਕਾਉਣ ਲਈ ਚਤਰ-ਫੁਰਤੀਆਂ ਮਾਰਨ ਦੇ ਯਤਨ ਕਰਦਾ ਰਾਜਾ ਰਾਮ ਰਾਤ ਵੀ ਮੰਜੇ ਦੇ ਪਾਵੇ ਨਾਲ ਸੰਘਲੀ ਪਾਈਂ ਬਝਾ ਰਹਿੰਦਾ ਤੇ ਦਿਨ ਵੇਲੇ ਖੇਤਾਂ ਅੰਦਰ ਔਖੇ ਭਾਰੇ ਕੰਮੀਂ ਜੁੜਿਆ ਰਹਿੰਦਾ। ਖੁਲ੍ਹੇ ਮੋਕਲੇ ਬੇਲਿਆਂ ਅੰਦਰ ਡੰਗਰ ਚਾਰਦਾ ਇਕ ਦਿਨ ਉਹ ਅਲਾਟੀਆਂ ਦੀ ਕੈਦ ਤੋਂ ਮੁਕਤ ਹੋਣ ਦਾ ਹੀਲਾ ਕਰਦਾ, ਕਿਤੇ ਛੋਟੇ ਸਰਦਾਰ ਦੀ ਨਜ਼ਰੀ ਪੈ ਗਿਆ। ਦਿਨ-ਦੂਪੈਰੇ ਪੁੱਤ ਹੋਏ ਟਿੱਕਾ ਵਿਜੈ ਬਹਾਦਰ ਸਿੰਘ ਨੇ ਦੁਨਾਲੀ ਸੇਧੇ ਬਿਨਾਂ ਹੀ ਕਈ ਸਾਰੇ ਫ਼ਾਇਰ ਕਰਕੇ ਨਠੇ ਜਾਂਦੇ ਰਾਜਾ ਰਾਮ ਨੂੰ 'ਸੁੱਟ' ਲਿਆ ਸੀ।

...ਪਰ, ਪ੍ਰੇਮ ਨਾਲ ਉਨ੍ਹਾਂ ਦਾ ਕਿਹੜਾ ਬੰਨੇ-ਚੰਨੇ ਦਾ ਵੈਰ ਸੀ? ਨਹੀਂ ਇਹ ਕੰਮ ਉਨ੍ਹਾਂ ਨਹੀਂ ਕੀਤਾ ਹੋਣਾ, ਕਿਸੇ ਹੋਰ ਦਾ...! ਹਰ ਰੋਜ਼ ਤਾਂ ਕੁਝ ਨਾ ਕੁਝ ਹੋ ਰਿਹਾ ਸੀ, . ਕਿਧਰੇ ਦੋ,ਕਿਧਰੇ ਚਾਰ, ਕਿਧਰੇ ਦਸ... ਕਿਧਰੇ ਧੂਹ-ਘਸੀਟਾ, ਸਾੜ-ਫੂਕ, ਲੁੱਟ-ਮਾਰ.. ਹੋ ਸਕਦੈ, ਪਹਿਲੀ ਤਾਰੀਖ਼ ਨੂੰ ਤੇਨਖ਼ਾਹ ਖੋਹਣ ਦੇ ਲਾਲਚ ਨਾਲ ਹੀ ਕਿਸੇ ਨੇ ਉਸ ਨੂੰ ਪਾਰ ਬੁਲਾ ਦਿੱਤਾ ਹੋਵੇ। ਨਹੀਂ, ਇਹ ਕਿਸੇ ਓਪਰੇ ਦਾ ਕੰਮ ਨਹੀਂ ਹੋ ਸਕਦਾ, ਉਨ੍ਹਾਂ ਦੀ ਛਹਿ ਤੋਂ ਬਿਨਾਂ ਕੋਈ ਕਿਵੇਂ ਕਰ ਸਕਦਾ.. !

ਛਾਉਣੀ ਅੰਦਰਲੇ ਵੱਡੇ ਮਾਡਲ ਸਕੂਲੇ ਪੜ੍ਹਦੀ ਸਵਿੱਤਰੀ ਤਾਂ ਮੋਟੀ ਸੁਰਖੀ ਹੇਠਲੀ ਸਾਰੀ ਅਬਾਰਤ ਮੁਕਾ ਕੇ, 'ਆਜ ਕਾ ਦਿਨ,' ਕਲ੍ਹ ਕੇ ਭਾਓ', 'ਸਾਰਾਫ਼ਾ ਬਾਜ਼ਾਰ'; 'ਸਟਾਕ ਐਕਸਚੇਂਜ' ਵਰਗੇ ਸਾਰੇ ਕਾਲਮ ਰੋਜ਼ ਵਾਂਗ ਉਸ ਨੂੰ ਸੁਣਾ ਕੇ ਓਥੋਂ ਚਲੀ ਵੀ ਗਈ ਸੀ, ਪਰ ਉਸਦੀ ਨਿਗਾਹ ਤਾਂ ਮੂੰਧੜੇ-ਮੂੰਹ ਢੱਠੇ ਪ੍ਰੇਮ ਲਾਲ ਦੀ ਲਾਸ਼ ਤੇ ਇਕ-ਟੱਕ ਗੱਡੀ ਪਈ ਸੀ। ਪ੍ਰੇਮ ਜਿਹੜਾ ਉਸ ਦੇ ਵਿਚਕਾਰਲੇ ਪੁੱਤਰ ਦਾ ਹਾਣੀ ਸੀ, ਜਿਸ ਨੂੰ ਓਹ ਬੱਚੂ ਜਾਂ ਪੁੱਤਰਾ ਆਖ ਕੇ ਬੁਲਾਇਆ ਕਰਦਾ, ਦੋਨਾਂ ਦੀਆਂ ਉਮਰਾਂ ਅੰਦਰਲਾ ਲਗ-ਭੱਗ ਤਿੰਨਾਂ ਦਹਾਕਿਆਂ ਦਾ ਪਾੜਾ, ਉਨ੍ਹਾਂ ਵਿਚਕਾਰ ਚਲਦੀ ਨੰਗੀ-ਚਿੱਟੀ ਟਿੱਚਰ-ਟਕੋਰ ਦੇ ਰਾਹ ਅੰਦਰ ਕਦੀ ਰੋੜਾ-ਕੰਕਰ ,ਨਹੀਂ ਸੀ ਬਣਿਆ।

...ਉਸ ਨੂੰ ਲੱਗਾ ਜਿਵੇਂ ਕਿਸੇ ਨੇ ਉਸਦਾ ਕਲੇਜਾ ਧੂਹ ਕੇ ਬਾਹਰ ਕੱਢ ਦਿੱਤਾ ਹਵੇ। ਅਪਣੀਆਂ ਪੰਜਾਂ ਧੀਆਂ ਤੇ ਚੌਂਹ ਪੁੱਤਰਾਂ ਨੂੰ ਘਰੋਂ ਤੋਰਨ ਲੱਗਿਆਂ ਉਸ ਨੇ ਕਦੀ ਦਿਲ ਭਾਰਾ ਨਹੀਂ ਸੀ ਕੀਤਾ, ਪਰ ਪ੍ਰੇਮ ਲਾਲ ਦੀ ਅਣਹੋਂਦ ਉਸ ਨੂੰ ਅਪਣੇ ਉੱਪਰ ਹੋਏ ਸੱਜਰੇ ਵਾਰ ਵਾਂਗ ਜਾਪੀ। . ਪੰਚੀ-ਸਰਪੰਚੀ ਜਾਂ 'ਮੁਸੈਟੀ' ਦੀਆਂ ਵੋਟਾਂ ਵੇਲੇ ਅਲਾਟੀਆਂ ਨਾਲ ਖਿਓ-ਖਿਚੜੀ ਹੋਇਆ ਉਹ

ਹਰ ਵਾਰ ਪ੍ਰੇਮ ਲਾਲ ਹੋਰਾਂ ਵਿਰੁਧ ਹੀ ਭੁਗਤਿਆ ਸੀ। ਦੋਨਾਂ ਧਿਰਾਂ ਅੰਦਰ ਲੱਗੀ ਦੌੜ, ਬੱਸ ਇਕ ਦੂਜੇ ਨੂੰ ਠਿੱਬੀ ਮਾਰਨ ਤੱਕ ਹੀ ਸੀਮਤ ਸੀ। ਦੋਨਾਂ ਅੰਦਰ ਪਲਦਾ ਵਿਰੋਧ ਕਦੀ ਵੀ ਵੈਰ ਬਣ ਕੇ ਨਹੀਂ ਸੀ ਪੁੰਗਰਿਆ।

ਸੈਂਕੜੇ ਮੁਰੱਬਿਆਂ ਵਾਲੇ ਬਾਰੀਏ ਸਰਦਾਰ, ਪਨਾਹਗੀਰ ਬਣ ਕੇ ਪਹਿਲਾਂ ਕਿਧਰੇ ਹੋਰ ਥਾਂ ਜਾ ਟਿਕੇ ਸਨ, ਫਿਰ ਅਲਾਟੀਏ ਬਣ ਕੇ ਉਸ ਦੇ ਪਿਓ ਦੇ ਗਰਾਂਈਂ ਬਣ ਗਏ। ਲੂਣ-ਤੇਲ ਦੀ ਹੱਟੀ ਕਰਦੇ ਮਨੀ ਰਾਮ ਨੇ ਵੀ ਅਲਾਟੀਆਂ ਲਈ ਮੁਰੱਬੇ ਕੱਢਦੀ ਜ਼ਰੀਬ ਰਾਹੀਂ ਅਪਣੇ ਅੱਠ ਕਿੱਲੇ ਇਕ ਪਾਸੇ ਕਰਵਾ ਲਏ। ਉਸ ਦੇ ਮਰਨ ਪਿੱਛੋਂ ਲੂਣ-ਤੇਲ ਤੋਂ ਲੈ ਕੇ ਕਪੜਾ-ਲੱਤਾ, ਖਾਦ ਡੀਜ਼ਲ ਤੱਕ ਓਧਾਰ-ਸੁਧਾਰ ਕਰਦੀ ਸਿਰੀ-ਰਾਮ ਦੀ ਡੇਢ-ਦੋ ਮਰਲੇ ਦੀ ਦੁਕਾਨ ਦੋ-ਦੋ ਚਾਰ-ਚਾਰ ਮੁਰੱਬਿਆਂ ਦੇ ਮਾਲਕਾਂ ਦੀਆਂ ਗ਼ੁਟਣੀਆਂ ਲੁਆਈ ਤੁਰੀ ਆਉਂਦੀ ਸੀ। ਤੇ ਨਾਲ ਦੀ ਨਾਲ ਪਿੰਡੋਂ ਲਹਿੰਦੇ ਪਾਸੇ ਪੰਦਰਾਂ-ਵੀਹ ਖੇਤਾਂ ਦੀ ਵਿੱਥ ਤੋਂ ਲੰਘਦੀ ਜਰਨੈਲੀ ਸੜਕੋਂ ਪਾਰ, ਅੱਠਾਂ ਕਿੱਲਿਆਂ ਦੇ ਅੰਬਾਂ ਦੇ ਬਾਗ਼ ਦੀ ਜੱਦੀ-ਪੁਸ਼ਤੀ-ਮਾਲਕੀ ਦੀ ਕਥਾ ਅਨੇਕਾਂ ਵਾਰ ਸੁਣਾ ਕੇ ਉਸ ਨੇ ਵੀ ਅਲਾਟੀਆਂ ਤੋਂ 'ਉੱਤਮ' ਹੋਣ ਦਾ ਉਵੇਂ ਹੀ ਚੰਗਾ ਚੋਖਾ ਭਰਮ-ਭੌਅ ਖੜਾ ਕਰ ਲਿਆ, ਜਿਵੇਂ ਹਮਲਿਆਂ ਵੇਲੇ ਉਜੜ ਕੇ ਗਏ ਮੁਸਲਮਾਨ ਰਾਜਪੂਤਾਂ ਨੂੰ ਉਸ ਦੇ ਪਿਓ ਨੇ ਲੱਤ ਹੇਠੋਂ ਦੀ ਲੰਘਾ ਰੱਖਿਆ ਹੋਇਆ ਸੀ।

ਮਨੀ ਰਾਮ ਦੀ 'ਰੰਗੜਾਂ' ਨਾਲ ਹੁੱਕੇ ਪਾਣੀ ਦੀ ਸਾਂਝ ਭਾਵੇਂ ਨਹੀਂ ਸੀ ਬਣ ਸਕੀ, ਪਰ ਸਵੇਰੇ-ਸ਼ਾਮ ਮਾਲਸ਼ਾਂ ਕਰਦੇ, ਡੰਡ-ਬੈਠਕਾਂ ਮਾਰਦੇ, ਅਖਾੜੇ ਦੇ ਜੱਟੀ-ਦਾਰਾਂ ਨੂੰ ਨ੍ਰਿਸੰਗ ਹੋ ਕੇ ਉਹ ਕਈ ਵਾਰ ਆਖ ਦਿਆ ਕਰਦਾ ਸੀ—ਓਏ, ਕੁਲਗਦਿਓ ਅੱਲ੍ਹਾ-ਮੀਆਂ ਦਿਓ, ਥੁਆਡਾ ਬੀ ਕੋਈ ਜੀਣ੍ਹ ਆਂ.. ਏ ਗੱਲ ਆ, ਪਈ ਥੁਆਡਾ ਬੱਡਾ-ਬਡੇਰਾ ਔਰੰਗੇ ਤੋਂ ਡਰਦਾ, ਆਹ ਬਾਈਆਂ ਪਿੰਡਾਂ ਬਦਲੇ ਸਰਦਾਰ ਫਤੇ ਸਿੰਹ ਤੋਂ ਰਾਅ ਫਤੇ ਖਾਂ ਬਣ ਗਿਆ ਤੀ...ਏ ਗੱਲ ਆ, ਪਈ ਏਹ ਅਹੀਂ ਈ ਆਂ ਖੱਤਰੀ ਪੁੱਤ, ਜਿਨ੍ਹਾਂ ਕਲਗੀਆਂ ਆਲੇ ਦੀ ਫੌਜ ਲਈ ਪਜਾਬੋਂ ਇਕੋ-ਇਕ ਪੰਜ ਪਿਆਰਾ ਦਿੱਤਾ ਤੇ ਉਹ ਬੀ ਪਹਿਲੇ ਨੰਬਰ ਤੇ ..ਏ ਗੱਲ ਆ। ਤੇ ਉਸ ਦੇ ਪਿਓ ਨੇ ਆਪਣੇ ਵੱਡੇ-ਵਡੇਰਿਆਂ ਦੇ ਧਰਮ-ਹੱਠ ਬਦਲੇ ਰਾਏ ਫਤੇ ਖ਼ਾਨ ਤੋਂ ਲਈ ਅੱਠਾਂ ਘਮ ਦੀ ਬਖਸ਼ੀਸ ਦੀ ਕਹਾਣੀ ਮਰਦੇ ਦਮ ਤੱਕ ਅਨੇਕਾਂ ਵਾਰ ਸੁਣਾਈ ਸੀ।

...ਏ ਗੱਲ ਆ, ਪਈ, ਗੁਜਰਾਤ ਜ਼ਿਲੇ ਦੇ ਪਿੰਡ ਜਲਾਲਪੁਰ ਸੰਬਤੀਆਂ ਤੋਂ ਆਂ ਸਾਡੇ ਪਿਤਾ—ਪੋਤਾ ਮੇਂ। ਲੌਰ ਦੇ ਅਮੀਰ ਵਪਾਰੀ ਲੱਖਪੱਤ ਗੁਰੂ ਮੂਰਾਜ ਦਾ ਬਓਤ ਸਰਧਾਲੂ ਤੀ ਪਰ ਤੀ ਬਿਰਧ.. ਇਕ ਬਸਾਖੀ ਨੂੰ ਆਹੰਦੇ ਆ ਕਲਗ਼ੀਆਂਲੇ ਨੂੰ ਸਾਰੇ ਈ ਸੇਵਕ ਸੱਦ ਲਏ ਨੰਦਪੁਰ ...ਲੱਖਪਤ ਨੇ ਜੁਆਨ-ਜਹਾਨ ਦਯਾ-ਰਾਮ ਨੂੰ ਭੇਜ 'ਇਤਾ . ਓਸ ਸ਼ੇਰ ਦੇ ਪੁੱਤ ਨੇ ਪੰਜਾਬ ਦੀ ਲਾਜ ਰੱਖ ਲੀ ਪਹਿਲੇ ਨੰਬਰ ਤੇ ਜਾ ਹਾਜ਼ਰ ਹੋਇਆ, ਗੁਰੂ ਕਿਆਂ ਮੂਹਰੇ...ਏ ਗੱਲ ਆ। ਓਧਰ ਏ ਗੱਲ ਆ, ਪਈ ਲੌਰ ਦੇ ਸੂਬੇਦਾਰ ਨੇ ਟੱਬਰ ਦੀ ਜ਼ੀਆਂ ਨੂੰ ਤੰਗ ਕਰ ਮਾਰਿਆ। ਕਹੇ – ਦੱਸੋ ਦਯਾ ਕੁੱਥੇ ਆ, ਥੁਹਾਡੀ ਮਰਜ਼ੀ ਈ ਗਿਆ ਹਊ। .. ਏ ਗੱਲ ਆ ਪਈ ਬਾਪ ਉਨ੍ਹਾਂ ਦਾ ਪਹਿਲੋਂ ਈ ਸੁਰਗਪੁਰੀ ਸੁਧਾਰ ਚੁੱਕਾ ਤੀ, ਮਾਂ ਬਚਾਰੀ ਫਸੀ ਛਕੰਜੇ 'ਚ...ਤੰਗ ਆ ਕੇ ਤੁਰ ਪਈ ਉਹ ਬੀ ਨੰਦਪੁਰ ਨੂੰ। ...ਏ ਗੱਲ ਆ, ਪਈ ਜਦ ਪੁੱਜੀ ਜਲੰਧਰ ਤਾਂ ਪਤਾ ਚੱਲਿਆ ਕਿ ਗੁਰੂ ਸੈਬ ਨੰਦਪੁਰੋਂ ਚਲੇ ਗਏ ਕਿਧਰੇ ਹੋਰਥੇ। ਬਿਪਤਾਂ ਮਾਰੀ ਉਹ ਬੀ ਤੁਰ ਪਈ ਸ਼ਮਾਲ ਵੰਨੀ... ਬੈਸ਼ਨੋਂ ਦੇਵੀ, ਜੁਆਲਾ ਦੇਵੀ, ਨੈਣਾ ਦੇਵੀ ਮਣਸਾਂ ਦੇਵੀ ਕਿਧਰੇ ਬੀ ਦਿਨ ਕੱਟ ਲਊ, ਉਨ੍ਹੇ ਸੋਚਿਆ ਹੋਣਾ, ਏ ਗੱਲ ਆ। ਪਰ, ਆਹੰਦੇ ਆਂ ਦੁੱਖ-ਮੁਸੀਬਤ ਕੱਲੀ ਨਈਂ ਆਉਂਦੀ। ...ਉਸ ਬਚਾਰੀ ਤੇ ਇਕ ਆਫ਼ਤ ਹੋਰ ਆ ਪਈ। ਸੱਭ ਤੋਂ ਨਿੱਕਾ ਏਨਾ ਫਰਾਰ ਹੋ ਗਿਆ ਕਿ ਅੱਗੇ ਤੁਰਿਆ ਨਾ ਜਾਏ। ਦਸੂਏ ਪਾਂਡਵਾਂ ਦੇ ਤਲਾਅ ਬੰਨੇ ਬਣੀ ਨਿੱਕੀ ਜਿਹੀ ਮੰਦਰੀ ਅੰਦਰ ਜਾ ਲੁਕੀ। ਏ ਗੱਲ ਆ, ਪਈ ਉਧਰ ਬੰਨੀ ਸ਼ਿਕਾਰ ਖੇਲਣ ਨਿਕਲੇ ਰਾਅ ਦਾ ਉਸੇ ਨਾਲ ਟਾਕਰਾ ਹੋ ਗਿਆ। ਮਸੀਬਤ ਮਾਰੀ ਬਿਧਵਾ ਨੇ ਆਪਣੀ ਦੁੱਖ-ਭਰੀ ਕਹਾਣੀ ਨਿਧੜਕ ਹੋ ਕੇ ਕਹਿ ਸੁਣਾਈ ਰਾਅ ਫ਼ਤੇ ਖਾਂ ਸ਼ਰਮ ਦਾ ਮਾਰਿਆ ਪਾਣੀਓਂ-ਪਾਣੀ ਹੋਂਦਾ ਫਿਰੇ, ਜਾਇੰਦਾਂ ਖ਼ਾਤਰ ਕੀਤੀ ਧਰਮ ਬਦਲੀ ਕਰਕੇ ਸਿਰ ਤਾਂਹ ਨਾ ਕਰੇ। ਏ ਗੱਲ ਆ ਪਈ ਉਹ ਸਾਰੇ ਟੱਬਰ ਨੂੰ ਨਾਲ ਲੈ ਗਿਆ ਤੇ ਆਪਣੇ ਛੋਤਜਾ ਸੇ ਘੁੰਮਾਮਾਂ ਦੇ ਮਾਰੂਸ 'ਚੋਂ ਅੱਠ ਘੁੰਮਾਂ ਕੰਨਿਆ ਰਾਮ ਦੇ ਨਾਂ ਲੁਆ ਕੇ, ਉਸ ਨੂੰ ਬੀ ਆਪਣੇ ਅਰਗਾ ਮਾਲਕ ਬਣਾ ਲਿਆ ਤੀ...ਏ ਗੱਲ ਆਂ

ਬੀਤੇ ਢਾਈ ਤਿੰਨ ਸੌ ਵਰਿਆਂ ਅੰਦਰ ਕੰਨਿਆ ਰਾਮ ਦਾ ਪ੍ਰਵਾਰ ਕਿੰਨਾ ਵਧਿਆ ਸੀ? ਇਹ ਅੱਠੇ ਕਿੱਲੇ ਉਨ੍ਹਾਂ ਕੋਲ ਹੀ ਕਿਉਂ ਰਹੇ ਸਨ? ਉਸ ਦੇ ਕਿਸੇ ਵੱਡੇ-ਵਡੇਰੇ ਨੇ ਇਸ ਰਕਬੇ ਅੰਦਰ ਅੰਬਾਂ ਦੇ ਬੂਟੇ ਲਗਵਾਏ ਸਨ? ਇਸ ਬਾਰੇ ਸਿਰੀ ਰਾਮ ਨੂੰ ਉਸਦੇ ਪਿਓ ਨੇ ਕੁਝ ਨਹੀਂ ਸੀ ਦੱਸਿਆ, ...ਨਾ ਹੀ ਉਸ ਦੇ ਪਿਓ ਨੂੰ ਉਸ ਦੇ ਬਾਪ ਨੇ। ਉਸ ਨੂੰ ਬੱਸ ਤਿੰਨ ਚੀਜ਼ਾਂ ਹੀ ਵਿਰਾਸਤ ਵਿਚ ਮਿਲਿਆ ਸਨ—ਇਹ ਕਹਾਣੀ, ਅੱਠ ਕਿੱਲੇ ਦਾ ਬਾਗ਼ ਤੇ ਇਕ ਕੱਚੀ ਹੱਟੀ।

ਹੱਟੀ ਨਾਲ ਲਗਦੀ ਖੇਮੇ ਅਮਲੀ ਦੀ ਸਾਰੀ ਹਵੇਲੀ ਖਰੀਦ ਕੇ ਬਣਾਈ ਖੁਲ੍ਹੀ-ਮੋਕਲੀ ਕੋਠੀ ਮੂਹਰੇ ਨਾਲ

ਜੁੜਵੀਂ ਵੱਡੀ ਪੱਕੀ ਦੁਕਾਨ ਕਈਆਂ ਵਰ੍ਹਿਆਂ ਪਿਛੋਂ ਹਾਲੀਂ ਵੀ ਉਵੇਂ ਦੀ ਉਵੇਂ ਨਵੀਂ ਨਿਕੋਰ ਜਾਪਦੀ ਸੀ, ਜਿਸ ਦੇ ਸਾਹਮਣੇ ਵੱਡੇ ਚੁਰਾਹੇ ਦੇ ਐਨ ਵਿਚਕਾਰ, ਸਿਰ ਤੇ ਆਕਾਸ਼ ਥੰਮੀਂ ਖੜੇ ਪਿੱਪਲ ਹੇਠ ਤਖਤਪੋਸ਼ ਡਾਹੀ, ਉਹ ਹਰ ਲੰਘਦੇ-ਵੜਦੇ ਨੂੰ ਹੁਜਤੰਬਾਜ਼ੀ ਕਰਦਾ ਰਹਿੰਦਾ ਸੀ।

...ਪਿਛਲੇ ਕਈਆਂ ਦਿਨਾਂ ਤੋਂ ਨਾ ਤਾਂ ਉਸ ਨੇ ਗਲੀ ਵੱਲ ਦੀ ਬੈਠਕ ਦਾ ਦਰਵਾਜ਼ਾ ਹੀ ਕਦੀ ਖੋਲ੍ਹਿਆ ਸੀ ਤੇ ਨਾ ਹੀ ਅਵੇਰ-ਸਵੇਰੇ ਪਿੱਪਲ ਹੇਠ ਆ ਜੁੜਦੀ ਢਾਣੀ ਦੇ ਵਿੱਡੀਂ ਪੀਤਾਂ ਪੁਆਈਆਂ ਸਨ। ਛੋਟੀ-ਵੱਡੀ ਉਮਰ ਦਾ ਖ਼ਿਆਲ ਕੀਤੇ ਬਿਨਾਂ ਸਾਰੇ ਪਿੰਡ ਵਾਸੀਆਂ ਨਾਲ ਚਲਦਾ ਹਰ ਵੇਲੇ ਦਾ ਮਖੌਲ ਇਕ ਤਾਂ ਉਸਦਾਂ ਬੋਹੀਂ-ਖਾਤਾ ਹੋਰ ਭਾਰਾ ਕਰਦਾ ਗਿਆ ਸੀ, ਦੂਜੇ ਆਲੇ-ਦੁਆਲੇ ਵਾਪਰਦੀਆਂ ਨਿੱਕੀਆਂ ਮੋਟੀਆਂ, ਅਲਾਟੀਆਂ ਦੇ ਪੱਲ ਤੇ ਪ੍ਰੇਮ ਦੀਆਂ ਕਾਰਗੁਜ਼ਾਰੀਆਂ ਦੀ ਸੂਹ ਉਸ ਨੂੰ ਰੋਜ਼ ਮਿਲਦੀ ਰਹਿੰਦੀ ਸੀ।

'ਬ੍ਰਹਮਾ ਦੇ ਸਿਰ ਤੋਂ ਉਤਪਨ ਹੋਈ ਬ੍ਰਾਹਮਣ ਉੱਚੀ ਜਾਤ' ਦੇ ਪ੍ਰੇਮ ਦਾ ਸ਼ੂਦਰਾਂ ਆਦਿ ਧਰਮੀਆਂ-ਮਜ਼ਬ੍ਹੀਆਂ ਘਰੀਂ ਬੈਠ ਕਿੰਨਾਂ-ਕਿੰਨਾਂ ਚਿਰ ਹੋਰੂ-ਹੋਰੂ ਜਿਹੀਆਂ ਗੱਲਾਂ ਕਰਨਾ ਭਾਵੇਂ ਉਸ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦਾ, ਪਰ ਆਏ ਸਾਲ ਅਲਾਟੀਆਂ ਤੋਂ ਵੱਧ ਦਿਹਾੜੀ ਲੈਣ ਲਈ ਸਾਰੇ ਵਿਹੜੇ ਨੂੰ ਦਿੱਤੀ ਹੱਲਾ ਸ਼ੇਰੀ, ਉਸ ਨੂੰ ਚੰਗੀ-ਚੰਗੀ ਲਗਦੀ ਸੀ। ਸਕੂਲੋਂ ਆਉਂਦੇ ਜਾਂਦੇ ਪ੍ਰੇਮ ਨੂੰ ਆਨੇ-ਬਹਾਨੇ ਰੋਕ ਕੇ ਆਖਦਾ—ਜੀਂਦਾ ਰੈਹ ਬੱਚੂ, ਜੀਂਦਾ ਰੈਹ...ਆਹ ਤੇਰੇ ਉਦੱਮ ਨਾਲ ਚਮਾੜ੍ਹਲੀ ਸੁਹਰੀ ਅੱਗੇ ਨਾਲੋਂ ਸੌਖੀ ਆ, ਨਾ ਫੇ...। ਮੇਰਾ ਭੁਗਤਾਨ ਹੁਣ ਸੁੱਖ ਨਾ...। ਪਰ ਐਨਾਂ, ਲਾਟੀਆਂ ਖ਼ਾਤਰ ਜਿੜ੍ਹਾ ਤੂੰ ਹੱਡ-ਗੋਡੇ ਤੜਵਾਉਨਾ, ਏਹ ਗੱਲ ਮੇਰੀ ਸਮਝੋਂ ਬਾਅਰ ਆ, ਨਾਫੇ ..। ਤੂੰ ਆਪੂੰ ਈ ਦਸ ਪਈ, ਉਨ੍ਹਾਂ ਨੂੰ ਕਿੜ੍ਹੀ ਸ਼ੈਅ ਦਾ ਘਾਟਾ ਆ—ਘਰ, ਹਵੇਲੀਆਂ, ਜਿਮੀਂ, ਜੈਦਾਤ, ਟਰੱਕ-ਮੋਟਰਾਂ, ਟਰੈਕਟ। ਪੂਰਾ ਡੂਡ਼ ਮੈਂਕੜਾ ਬਟੋਰਦੇ ਆ ਬੋਰੀ ਪਿੱਛੇ, ਨਾ ਫੇ...। ਹੋਰ ਦੱਸ, ਵੰਡਾ ਲੈਣਾ ਉਨ੍ਹਾਂ ਨਾਲ ਤੂਹੀ, ਨਾ ਫੇ ..।

—ਓਏ ਬਾਬਿਓ, ਦੂਜੇ ਘਰ ਲੱਗੀ ਬਸੰਤਰ ਈ ਦਿਸਦੀ ਹੁੰਦੀ ਆ, ਕਦੀ ਉਨ੍ਹਾਂ ਤੋਂ ਵੀ ਪੁੱਛਿਆ, ਜਿਨ੍ਹਾਂ ਦਾ ਪੱਲਾ ਵੀ ਪੂਰਾ ਨਹੀਂ ਹੁੰਦਾ...ਐਦਾਂ ਈ ਥੋੜਾ ਚਿਰ ਹੋਰ ਸਾਰੇ ਕਿਸਾਨ ਵਰ੍ਹੇ-ਛਿਮਾਹੀ ਪਿੱਛੋਂ ਹੱਥ ਝਾੜਦੇ ਘਰੀਂ ਮੁੜਦੇ ਰਹੇ ਤਾਂ ਤੁਹਾਡੀਆਂ ਆਹ ਥੱਲ-ਥੱਲ ਕਰਦੀਆਂ ਗੋਗੜਾਂ ਨੂੰ ਸੋਕੜਾ ਪੈ ਜਾਊ ਦਿਨਾਂ ਅੰਦਰ ਈ...। ਹਈ ਛਾਬਾਸ਼ੇ, ਨਈਂ ਰੀਸਾਂ...ਬੱਚੂ ਇਹ ਤੰਦੂਰ ਐਓਂ ਨਈਂ ਹਲਕਾ ਹੋਣਾ ਨਾਫੇ...। ਤੈਨੂੰ ਸੈਂਕੜੇ ਬਾਰ ਫਰਮੈਸ਼ ਪਾਈ ਆ, ਡੱਬੀ-ਬੰਦ ਮੋਮ ਦੀ, ਤੂੰ ਨੰਨਾ ਈ ਨਈਂ ਧਰਦਾ। ਮੇਰਾ ਛਿੰਦ ਐਤਕੀਂ ਜ਼ਰੂਰ-ਬਰ-ਜ਼ਰੂਰ ਲਿਖ ਦਈਂ ਭਾਅ ਆਪਣੇ ਨੂੰ ਕਨੇਡੇ...।

—ਉਏ ਖੌਂਸੜਾ, ਉਹ ਭੜੋਲੇ ਜਿੱਡੀ ਸ਼ਾਹਣੀ ਕਿੱਥੇ ਸੁੱਟਣੀ ਐਂ ..ਤੂੰ।

—ਤੂੰ ਮਾਸਾ ਫ਼ਿਕਰ ਨਾ ਕਰ, ਆਪਾਂ ਉਨ੍ਹੂੰ ਛੋਟੀ ਬੈਠਕ ਅੰਦਰ ਤੂੜ ਕੇ ਬਾਅਰੋਂ ਜਿੰਦਾ ਮਾਰ ਦਿਆਂਗੇ, ਨਾ ਫੇ ..।

.. ਠੱਠੇ ਮਖੌਲ ਅੰਦਰ ਸ਼ਾਹਣੀ ਨੂੰ ਬੰਦ ਕਰਨ ਲਈ ਰਖੇ ਕਮਰੇ ਅੰਦਰ ਤਾਂ ਉਹ ਆਪ ਸੁਵੇਰੇ ਤੋਂ ਦੜਿਆ ਪਿਆ ਸੀ। ਖ਼ਬਰਾਂ ਪੜ੍ਹ ਕੇ ਉਠਣ ਲੱਗੀ ਸਵਿੱਤਰੀ ਨੂੰ ਉਸ ਨੂੰ ਸਕੂਲ ਜਾਣੋਂ ਰੋਕ ਦਿੱਤਾ। ਕਈ ਦਿਨਾਂ ਤੋਂ ਅੱਧਾ ਬੰਦ ਰਹਿੰਦਾਂ ਦੁਕਾਨ ਦਾ ਸ਼ੱਟਰ ਪੂਰੇ ਦਾ ਪੂਰਾ ਬੰਦ ਪਿਆ ਰਿਹਾ। ਇਕੜ-ਦੁਕੜ ਆਏ ਗਾਹਕ ਸੁਨਮ-ਸਾਨ ਪਈ ਦੇਖ ਕੇ ਤਾਂ ਬਾਹਰੋਂ-ਬਾਹਰ ਹੀ ਮੁੜਦੇ ਗਏ, ਪਰ ਸਿਰੀ ਰਾਮ ਦੇ ਅੰਦਰੋਂ ਉਠਿਆ ਤੂਫਾਨ ਹੋਰ ਅਗਾਂਹ ਵਧਦਾ ਆਇਆ। ਪੋਲੇ ਪੈਰੀਂ ਤੁਰਿਆ ਕਦੀ ਉਹ ਸਟੋਰ ਅੰਦਰਲੀ ਸੇਫ ਦੀਆਂ ਚਾਬੀਆਂ ਸਾਂਭਣ ਲੱਗ ਪੈਂਦਾ ਕਦੀ ਵੱਡੇ ਆਲ੍ਹੇ ਅੰਦਰ ਟਿਕਾਈਂ ਸ਼ਿਵਾਂ ਦੀ ਮੂਰਤੀ ਉਹਲੇ ਸਾਂਭੇ ਗਿਰਵੀ ਪਏ ਥੱਬਾ ਕੁ ਗਹਿਣਿਆਂ ਨੂੰ ਪਲੋਸਣ ਲਗ ਪੈਂਦਾ।

ਬਾਹਰ ਵਿਹੜੇ ਅੰਦਰ ਡਾਹੇ ਮੰਜੇ ਤੇ ਚੁਫਾਲ ਪਈ ਸ਼ਾਹਣੀ ਨੇ, ਉਸ ਤੋਂ ਇਕ ਅੱਧ ਵਾਰ ਇਓਂ ਭੌਰ-ਭੌਰ ਘੁਮੀਂ ਜਾਣ ਦਾ ਕਾਰਨ ਪੁਛਣਾ ਚਾਹਿਆ, ਪਰ ਉਹ ਨਜ਼ਰ ਬਚਾ ਕੇ ਫਿਰ ਛੋਟੀ ਬੈਠਕ ਦੇ ਓਸੇ ਸੋਫੇ ਤੇ ਆ ਢਿੱਠਾ, ਜਿਸ ਦੇ ਸਾਹਮਣੇ ਪਏ ਸਨਮਾਈਕਾ ਦੇ ਟੇਬਲ ਤੇ ਖਿਲਰਿਆ ਅਖ਼ਬਾਰ ਦਾ ਮੁੱਖ ਪੰਨਾ ਮੁੜ ਸਵੇਰੇ ਦਿੱਤੀ ਸੂਚਨਾ ਦੇ ਰਿਹਾ ਸੀ। ਉਸ ਨੂੰ ਜਾਪਿਆ ਜਿਵੇਂ ਪ੍ਰੇਮ ਲਾਲ ਦੀ ਛਾਤੀ 'ਚੋਂ ਨਿਕਲਦੇ ਖੂਨ ਨਾਲ ਪਹਿਲਾਂ ਤਾਂ ਸਾਰੀ ਅਖ਼ਬਾਰ ਲਿੱਬੜ ਗਈ ਹੋਵੇ, ਫਿਰ ਉਹੀ ਲਹੂ ਮੋਟੇ ਅੱਖਰਾਂ ਵਾਲੀ ਸੁਰਖ਼ੀ ਬਣਿਆਂ ਉਹਦੀ ਵਲ੍ਹ ਨੂੰ ਵਧਿਆ ਆ ਰਿਹਾ ਹੋਵੇ।

ਉਸ ਨੇ ਘਬਰਾਏ ਜਿਹੇ ਨੇ ਅਖ਼ਬਾਰ ਝਬੂਟੀ ਮਾਰਕੇ ਚੁੱਕੀ, ਉਸਦੀਆਂ ਤਿੰਨ ਚਾਰ ਤੇਹਾਂ ਕੀਤੀਆਂ ਤੇ ਖਿਝ ਕੇ ਪਰਾਂ ਵਗਾਹ ਮਾਰੀ। ਸਾਹਮਣਲੀ ਕੰਧ ਨਾਲ ਵੱਜ ਕੇ ਹੇਠ ਡਿਗੀ, ਉਹ ਕੁੱਲੀ ਜਿਹੀ ਬਣੀ ਨਾਲ ਡੱਠੇ ਦੀਵਾਨ ਤੇ ਆ ਟਿਕੀ, ਜਿਸ ਨੂੰ ਦੇਖਦਿਆਂ ਸਾਰ ਉਸ ਨੂੰ ਅਪਣੇ ਬਾਗ਼ ਅੰਦਰ ਅੰਬਾਂ ਦੀ ਹਰ ਰੁੱਤੇ ਪੈਂਦੀ ਕੱਖਾਂ-ਕਾਨਿਆਂ ਦੀ ਕੁੱਲੀ ਯਾਦ ਆ ਗਈ ਜਿਸਦੇ ਓਹਲੇ ਕਿਸ਼ੋਰ ਉਮਰੇ ਉਹਨੇ ਮਜ਼ਬ੍ਹੀਆਂ ਦੀ ਹਰ ਜੁਆਨ ਹੁੰਦੀ ਧੀ-ਭੈਣ ਦਾਗ਼ੀ ਕੀਤੀ ਸੀ। ਕਈ ਵਾਰ ਫੜੇ ਜਾਣ ਤੇ, ਉਸ ਦੇ ਪਿਓ ਨੇ

ਪਿੰਡ ਦੀ ਪੂਰ੍ਹੇ ਸਾਹਮਣੇ ਤਾ ਓਪ੍ਰਰਾ ਓਪਰਾ ਦਬਕ-ਝਿੜਕ ਕੇ ਛਡਵਾ ਲਿਆ ਸੀ, ਪਰ ਪਾਰਲੇ ਪਿੰਡੋਂ ਆਏ ਭਰਥੂ-ਝੀਰ ਨਾਲ ਕੀਤਾਂ ਅੰਬਾਂ ਦਾ ਸੌਦਾ ਉਸ ਨੂੰ ਇਕ ਵਾਰ ਬਹੁਤ ਮਹਿੰਗਾ ਪਿਆ। ਛੁੱਟੀ ਕੱਟਣ ਆਏ ਭਰਥੂ ਦੇ ਫੌਜੀ ਪੁੱਤਰ ਨੇ ਜੁਆਨ-ਜਹਾਨ ਗੇਜ਼ੇ ਤੇ ਪੈਂਦੀ ਸਿਰੀਏ ਦੀ ਟੇਡੀ ਨਜ਼ਰ ਤਾੜ ਲਈ। ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਪਹਿਲੋਂ ਉਹ ਉਸਨੂੰ ਪੱਕੇ ਅੰਬਾਂ ਦੀ ਢੇਰੀ ਤੱਕ ਲੈ ਆਇਆ। ਕੁਲੀ ਅੰਦਰੋਂ ਗਲਾਸੀ ਲੈਣ ਦੇ ਬਹਾਨੇ ਗਿਆ, ਉਹ ਝੱਟ ਦੇਣੀ ਰੱਸਾ ਤੇ ਭਾਂਗ ਲੈ ਕੇ ਉਸਦੇ ਸਾਂਹਮਣੇ ਭਵਕ ਮਾਰਕੇ ਆ ਖੜ੍ਹਾ ਹੋਇਆ। ਸਿਰੀ ਰਾਮ ਨੇ ਉਸ ਦੀਆਂ ਲੱਖ ਮਿਨਤਾਂ ਕੀਤੀਆਂ, ਪਰ ਉਸਦੇ ਫੌਜੀ ਗੁੱਸੇ ਨੇ, ਅੰਬ ਨਾਲ ਬੰਨ੍ਹ ਕੇ ਪਹਿਲਾਂ ਸਿਰੀ ਰਾਮ ਦੀ ਰੱਜ ਕੇ ਸੇਵਾ ਕੀਤੀ ਤੇ ਫਿਰ ਤਿੱਖੜ-ਧੱਪੇ ਅਲਫ-ਨੰਗਾ ਕਰਕੇ ਪਿੰਡ ਦੀ ਰਾਹੇ ਤੋਰ ਦਿੱਤਾ ਸੀ।

ਅਪਣੇ ਨੰਗੇਜ਼ ਨੂੰ ਦੇਖਣ ਤੋਂ ਸੰਕੋਚ ਕਰਦਿਆਂ ਸਿਰੀ ਰਾਮ ਨੇ ਅਪਣੀਆਂ ਅੱਖਾਂ ਘੁੱਟ ਕੇ ਮੀਟ ਲਈਆਂ; ਪਰ 'ਪਾਰਦਰਸ਼ੀ ਪਲਕਾਂ ਵਿਚੋਂ ਦੀ ਲੰਘਦੀ ਨਿਗਾਹ ਨੇ ਜਾਚਿਆ! ਕਿ ਸਾਹਮਣੇ ਪਏ ਦੀਵਾਨ ਤੇ ਕੁੱਲੀ ਨਹੀਂ, ਸਗੋਂ ਪ੍ਰੇਮ ਲਾਲ ਕੰਧ ਦੀ ਢੋਅ ਲਾਈ ਬੈਠਾ, ਘੋਖਣੀਆਂ ਨਜ਼ਰਾਂ ਨਾਲ ਉਸ ਵੱਲ ਦੇਖਦਾ ਮਰਦਮ-ਸ਼ੁਮਾਰੀ ਕਰਨ ਆਇਆ ਕਈ ਸਾਰੀਆਂ ਗੱਲਾਂ ਪੁੱਛ ਰਿਹਾ ਹੈ...... ਮਹਿਕਮੇਂ ਵਲੋਂ ਲੱਗੀ ਡਿਊਟੀ ਕਾਰਨ ਕਾਗਜ਼ ਪੱਤਰ ਸੰਭਾਲੀ ਇਕ ਦਿਨ ਦੁਪੈਰਾਂ ਵੇਲੇ ਪ੍ਰੇਮ ਲਾਲ ਛੋਟੀ ਬੈਠਕ ਅੰਦਰ, ਸੋਫੇ ਤੇ ਅੱਧ-ਲੇਟੇ ਸਿਰੀ ਰਾਮ ਕੋਲ ਆ ਧਮਕਿਆ ਸੀ—

— ਨਮਸਤੇ, ਸਾਹ ਜੀ!

—ਆ ਕਾਕਾ ਜੀ ਓਏ, ਆ ਬੱਚੂ ਸੁੱਖ ਹੋਵੇ ਸਈ ਅੱਜ ਤਾਂ ਨਮਸਤੇ ਬਗਾਹਮੀ ਮਾਰੀ ਆ, ਮੇਰੇ ਪੱਤ ਨੇ, ਨਾ ਫੇ . । ਮੇਰੀ ਫਰਮੈਸ਼ ਪੂਰੀ ਹੋ ਗਈ,ਲਗਦੀ ਆ, ਸੱਖ ਨਾ...।

—ਕਿਹੜੀ ਫਰਮਾਇਸ਼...?

—ਓਹੀ, ਮਤੀ ਮੇਮ ਦੀ...।

—ਓਏ ਸ਼ਾਹਾ,ਅਧਾ ਤੂੰ ਕਬਰ 'ਚ ਲੱਥਾ ਹੋਇਐਂ, ਤੇਰਾ ਹਾਲੀਂ ਰੱਜ ਈ ਨਹੀਂ ਹੋਇਆ, ਬੁੱਢਿਆ... ।

—ਨਾ ਪੱਤਰਾ, ਬੰਦਾ ਤੇ ਬਕਰੀ ਕਦੇ ਨਈਂ ਰੱਜਦੇ, ਤੇ ਨਾ ਈ ਘੋੜਾ ਕਦੀ ਬੁੱਢਾ ਹੁੰਦਾ ਆ। ਤੂੰ ਆਪ ਈ ਦੱਸ ਪਈ-ਮੇਰਾ ਕੁਛ ਬਿਗੜਿਆ ਅਜੇ, ਘੋੜੇ ਅਰਗਾ ਨੌ ਬਰ ਨੌ ਆਂ, ਨਾ ਫੇ...। ਜੇ ਨਈਂ ਕੋਈ ਗੱਲ ਬਣਦੀ ਤਾਂ ਹਾਲ ਦੀ ਘੜੀ ਅਪਣੇ ਨਾਲ ਪਟੋਲਾ ਜਿਹੀ ਮਾਹਟਰਨੀ...।



—ਅੱਛਾ, ਅੱਛਾ ਕਰਦੇ ਆਂ ਕੋਈ ਨਾ ਕੋਈ ਇੰਨਤਾਜਹਮ ਤੇਰਾ, ਓਨਾ ਚਿਰ ਆਹ ਜਨ-ਗਣਨਾ ਦੀਆਂ ਪਰਚੀਆਂ ਭਰਵਾ ਦੇ।

—ਉਹ ਕੀ ਹੁੰਦੀ ਆ...?

—ਮਰਦੱਮ ਸ਼ੁਮਾਰੀ।

—ਔਓਂ ਆਖ ਨਾ ਬੱਚੂ, ਮੈਂ ਤਾਂ ਡਰ ਈ ਗਿਆ ਸੀ। ਮੈਂ ਜਾਤਾ ਕਿਤੇ ਬੇਹੀ ਖਾਤਾ ਈ ਨਾ ਖੋਲਣਾ ਪੈ ਜਏ, ਨਾ ਫੇ...। ਸੱਚ ਤੁਆਡਾ ਤਾਂ ਸੰਨਬੰਧ ਈ ਨਈਂ ਓਸ ਮੈਹਕਮੇਂ ਨਾਲ...ਬੜਾ ਨਾਜ਼ਕ ਟੇਮ ਆ, ਪੁੱਤਰਾ... ਅਪਣ ਪਰਾਏ ਦੀ ਪਛਾਣ ਈ ਨਈਂ ਰਈ, ਹੁਣ ਤਾਂ ਬੰਦਾ ਬੰਦੇ ਨੂੰ ਖਾਂਦਾ ਕਲੂ ਜੁਗ ਆ ਨਿਰਾ ਈ ਕਲੂ ਜੁਗ...

ਸਿਰੀ ਰਾਮ ਨੂੰ ਵਿਚਕਾਰੋਂ ਟੋਕਦਿਆਂ ਪ੍ਰੇਮ ਨੇ ਆਖਿਆ—ਪਹਿਲੇ ਖਾਨੇ ਅੰਦਰ ਭਰਨਾ ਏ, ਤੁਹਾਡਾ ਨਾਂ,...ਅਪਣਾ ਨਾਂ ਲਿਖਵਾਓ।

—ਹੀ...ਈ.. ਹੀ ਹੀ, ਮਖੌਲਾਂ ਕਰਦੇ ਆ ਮਾਹਟਰ ਹੁਣੀਂ ਨਾ ਫੇ । ਠਾਰਾਂ-ਬੀਹ ਸਾਲ ਹੋ ਚੱਲੇ ਆ ਬਿਹਾਰ ਚਲਦਿਆਂ ਸਾਡਾ ਤੁਆਡਾ। ਤੁਹਾਡੇ ਬਿਆਹ ਦੀ ਬਰੀ ਲੈਣ ਗਿਆ ਸੀ ਮੈਂ ਬਾਪ ਤੁਆਡੇ ਨਾਲ ਅੰਬਰਸਰੋਂ। ਥੋੜੇ ਜਿੰਨੇ ਟੇਰੀਕੱਟ ਦੇ ਪੀਸ ਮੈਂ ਬੀ ਲਿਆ ਰੱਖੇ ਹੱਟੀ ਤੇ, ਬੱਸ ਫੇਰ ਤਾਂ ਪੁੱਛੋ ਈ ਕੁਸ਼ ਨਾ, ਮਮੀਰੇ ਦੀ ਗੰਢੀ ਹੱਥ ਆ ਗਈ ਚੀਕਣ...ਕਿੰਨੇ ਭਾਗਾਂ ਆਲਾ ਸੀ ਬਾਪ ਤੇਰਾ, ਬੜਾ ਜੱਸ ਖੱਟਿਆ ਉਨੇ ਜੀਂਦੇ ਜੀਈ..... ਫਸਲਬਾੜੀ ਸਾਂਭਦਿਆਂ ਸਾਰ ਆ ਸਾਬ੍ਹ ਕਰਦਾ...ਐਹੋ ਜੇਹੇ ਬੰਦਿਆਂ ਆਸਰੇਈ ਡੰਗ ਟਪਾਈ ਹੁੰਦੀ ਆ ਮਾਤੜਾਂ ਦੀ ਨਾ ਫੇ..। ਕਿੱਥੇ ਉਹ ਡੱਬੀ ਜੇਹੀ ਹੱਟੀ, ਕਿੱਥੇ ਆਹ ਆਲੀਸ਼ਾਂਨ ਦੋ-ਹੱਟਾ, ਸੇਠਤੀ ਜਰਨਲ ਮਿਰਚੈਂਟ...ਕਈਆਂ ਨੂੰ ਤਾਂ ਪੁੱਤਰ ਐਹੋ ਜਿਹੀ ਢੀਠ ਮਿੱਟੀ ਲੱਗੀ ਹੁੰਦੀ ਆ, ਨਾ ਮੂਲ ਮੋੜਦੇ ਆ ਨਾ ਬਿਆ

ਉਸ ਦੀ ਲੜੀ ਟੁੱਟਣ ਤੋਂ ਪਹਿਲਾਂ ਹੀ ਪ੍ਰੇਮ ਲਾਲ ਨੇ ਪਹਿਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਹੁਤ ਸਾਰੇ ਖਾਨੇ ਆਪ ਹੀ ਭਰਨ ਪਿੱਛੋਂ ਪੁੱਛਿਆ ਸੀ—ਕਿੰਨੇ ਬੱਚੇ ਨੇ ਤੁਹਾਡੇ ਕੁੱਲ...?

—ਰੱਬ ਦੀ ਦਾਤ ਐ, ਪੁੱਤਰਾ.. ਆਪਾਂ ਕੇੜ੍ਹੇ ਦੁਨੀਆਂ ਤੋਂ ਬਾਅਰ੍ਹੇ ਆਂ। ਜੇੜ੍ਹੇ ਜੀਅ ਨੇ ਜੂਨ ਤੇ ਆਉਣਾ, ਉਨ੍ਹੇ ਹਰ ਹੀਲੇ ਆਓਣਾ ਈ ਆਓਣਾ ਨਾ ਫੇ..। ਨਾਲੇ ਮਰਨ ਜੰਮਣ ਤਾਂ ਈਸ਼ਵਰ ਨੇ ਆਪਣੇ ਹੱਥ ਰੱਖਿਆ ਹੋਇਆ। ਜਿਨੂੰ ਵੀ ਉਹ ਧਰਤੀ ਤੇ ਭੇਜਦਾ ਉਦ੍ਹੀ ਪਗਲਭਦ ਉਹਤੋਂ ਪਹਿਲਾਂ ਈ ਐਥੇ ਪਹੁੰਚ ਜਾਂਦੀ ਆ...ਓਦਾਂ, ਗਿਆਰਾਂ ਜੀਅ ਆਏ ਮੇਰੇ ਘਰ—ਛੇ ਕੁੜੀਆਂ, ਪੰਜ ਮੁੰਡੇ..।

—ਬਹੁਤ ਹਿੰਮਤ ਮਾਰੀ ਤੁਸੀਂ, ਪਰ ਜੇ ਦਰਜਨ ਪੂਰੀ ਹੋ ਜਾਂਦੀ, ਤਾਂ ਮੁਰੱਬਾ ਮਿਲਣਾ ਸੀ, ਸਾਲਮ, ਵੱਡੀ ਕੱਛ ਦਾ...।

ਤੇ ਦੋਨਾਂ ਵਿਚਕਾਰ ਚਲਦੀ ਇਸ ਤਰ੍ਹਾਂ ਦੀ ਟਿਚਰ ਟਕੋਰ ਦੇ ਨਾਲ ਨਾਲ ਸਿਰੀ ਰਾਮ, ਟੱਬਰ ਦੇ ਸਾਰੇ ਜੀਆਂ ਦੇ ਨਾਂ, ਪੜ੍ਹਾਈ, ਵਿਆਹ-ਸ਼ਾਦੀਆਂ ਤੇ ਕੀਤਾ ਲੱਖਾਂ ਦਾ ਖਰਚ, ਸ਼ਹਿਰੀਂ ਤੇ ਦੂਜੇ ਪਿੰਡੀ ਚਲਦੀਆਂ ਦੁਕਾਨਾਂ, [illegible] ਸੁਹਾਲ ਸਿੰਘ ਦੀ 'ਕਿਰਪਾ' ਨਾਲ ਉਸਾਰੀਆਂ [illegible] ਕੋਠੀਆਂ ਦਾ ਲੋੜੋਂ ਵੱਧ ਵੇਰਵਾ ਦਸਦਾ, [illegible] ਦਾ ਹੋ ਗਿਆ ਸੀ, ਜੱਦ ਪ੍ਰੇਮ ਲਾਲ ਨੇ [illegible] ਭਰਨ ਲਈ ਉਸ ਤੋਂ ਪੁੱਛਿਆ ਸੀ—ਸ਼ਾਹ ਜੀ, ਤੁਹਾਡੀ ਮਾਤ-ਭਾਸ਼ਾ ਕਿਹੜੀ ਐ ? ਭਾਵ ਤੁਹਾਡੇ ਪ੍ਰੀਵਾਰ ਦੇ ਜੀਆਂ ਦੀ ਬੋਲੀ।

—ਲੈ ਖਾਂ, ਇਹ ਬੀ ਕੋਈ ਪੁੱਛਣ ਆਲੀ ਗੱਲ ਆ...ਮੈਂ ਸਿਰੀ ਰਾਮ, ਮੇਰਾ ਬਾਪ ਹਰੀ ਰਾਮ, ਦਾਦਾ ਕਾਂਸ਼ੀ ਰਾਮ, ਪੜਦਾਦਾ ਮਯਿਆ ਰਾਮ, ਲਕੜਦਾਦਾ ਕੈਨਿਆ ਰਾਮ, ਸੱਭ ਦੇ ਨਾਂ ਧਰਮ-ਕਰਮ, ਰੀਤੀ-ਰਵਾਜ, ਬਿਆਹ-ਸ਼ਾਦੀਆਂ, ਮਰਨੇ-ਪਰਨੇ ਸਭੋਈ ਹਿੰਦੂ ਧਰਮ ਮੁਜਬ ਹੁੰਦੇ ਆਏ ਆ ਸਾਡੇ ਦੇਵੀ-ਦੇਵਤੇ, ਰਿਸ਼ੀ-ਮੁਨੀ, ਸੰਤ-ਮਾਤਮਾਂ ਸਾਰੇ ਹਿੰਦੂ ਈ ਸੀ ਤੇ ਹਿੰਦੀ ਈ ਬੋਲਦੇ ਸੀ, ਏਸ ਲਈ ਬੋਲੀ ਤਾਂ ਸਾਡੀ ਬੀ ਹਿੰਦੀ ਈ ਬਣਦੀ ਆ...।'

—ਨਹੀਂ ਸ਼ਾਹ ਜੀ, ਮਾਤ-ਭਾਸ਼ਾ ਤੋਂ ਮਤਲੱਬ ਮਾਂ ਦਾ ਦੁੱਧ ਪੀਂਦਿਆਂ ਆਪ ਮੁਹਾਰੇ ਮਿਲੀ ਉਹ ਸਿਖਸ਼ਾ ਜਿੱਸ ਰਾਹੀਂ ਅਸੀਂ ਆਪਣੀ ਗੱਲ ਦੂਜਿਆਂ ਨੂੰ ਸਮਝਾਉਂਦੇ ਹਾਂ...ਅਸੀਂ ਬ੍ਰਾਹਮਣ ਆਂ, ਸਾਡੇ ਘਰ ਦਾ ਰੰਗ-ਢੰਗ, ਰਹਿਣੀ-ਬਹਿਣੀ ਹਿੰਦੂ ਮੱਤ ਅਨੁਸਾਰ ਚਲਦੀ ਐ, ਪਰ ਘਰ ਅੰਦਰ ਅਸੀਂ ਸਾਰੇ ਪੰਜਾਬੀ ਬੋਲਦੇ ਆਂ, ਇਸ ਲਈ ਮੇਰੀ ਤੇ ਮੇਰੇ-ਪ੍ਰੀਵਾਰ ਦੀ ਬੋਲੀ ਪੰਜਾਬੀ ਬਣਦੀ ਐ...।

—ਤੂੰ ਜੋ ਮਰਜ਼ੀ ਬਣਾ ਆਪਣੀ ਬੋਲੀ, ਪਰ ਸਾਡੀ ਬੋਲੀ ਤਾਂ ਹਿੰਦੀ ਆ ਤੇ ਹਿੰਦੀ ਈ ਲਿਖ।

—ਲਿਖਵਾਉਣ ਨਾਲ ਬੋਲੀ ਬਦਲ ਤਾਂ ਨਹੀਂ ਜਾਂਦੀ ਜਿਵੇਂ ਮਾਂ...।

—ਬਦਲੇ ਭਾਮੇਂ ਨਾ ਬਦਲੇ, ਅਸੀਂ ਤਾਂ ਓਦਾਂ ਈ ਕਰਾਂਗੇ, ਜਿੱਦਾਂ ਸਾਡਾ ਭਾਈਚਾਰਾ ਆਖੂ . ।

—ਤੁਹਾਡੇ ਭਾਈਚਾਰੇ ਨੂੰ ਕਿਧਰੇ ਹੱਥਾਂ ਨਾਲ ਦਿੱਤੀਆਂ, ਦੰਦਾਂ ਨਾਲ ਖੋਲਣੀਆਂ ਨਾ ਪੈਣ...!

—ਨਈਂ ਪੈਂਦੀਆਂ, ਸਾਨੂੰ ਸੁਭ ਪਤੇ ਆ, ਅਸੀਂ ਕੋਈ ਨਿਆਂਣੇ ਨਈਂ, ਉਮਰਾਂ ਗਾਲ੍ਹ ਦਿੱਤੀਆਂ ਬੰਦੇ ਚਾਰਦਿਆਂ...ਤੂੰ ਅਜੇ ਜੰਮ ਤਾਂ ਲੈਂ, ਪਹਿਲੋਂ ਈ ਮਤਾਂ ਦੇਣ ਆ ਬੈਠ...ਕਲ੍ਹ ਦੀ ਭੂਤਨੀ ਤੇ ਸਿਵਿਆਂ ਦਾ ਅੱਧ...ਕੰਮ ਆਪਣਾ ਮੁਕਾ ਤੇ ਉੱਠ ਕੇ ਤੁਰਦਾ ਬਣਾ...।

...ਅਪਣੇ ਗਲ੍ਹ ਆਪ ਬੱਧੀ ਗੋਲ ਗੰਢ, ਪੀਡੀ ਹੁੰਦੀ ਹੁੰਦੀ ਸ਼ਾਹ ਰਗ ਤੱਕ ਸਰਕਦੀ, ਜਦੋਂ ਉਸ ਨੂੰ ਅਪਣਾ ਸਾਹ ਘੁੱਟਦੀ ਜਾਪੀ ਤਾਂ ਗੁੱਸੇ ਤੇ ਪਛਤਾਵੇ ਨਾਲ ਕੰਬਦਾ ਸੋਫੇ ਤੋਂ ਉੱਠ ਕੇ ਦਰਵਾਜ਼ੇ ਵਲ੍ਹ ਨੂੰ ਬਾਹਾਂ ਖਿਲਾਰੀ ਇਉਂ ਵਧਿਆ, ਜਿਵੇਂ ਬਾਹਰ ਨਿਕਲਦੇ ਪ੍ਰੇਮ ਨੂੰ ਅਗਲਵਾਂਢੀ ਰੋਕ ਕੇ, ਸਾਰਾ ਆਪਾ ਉਸ ਅੱਗੇ ਢੇਰੀ ਕਰ ਦੇਣਾ ਚਾਹੁੰਦਾ ਹੋਵੇ, ਪੈਰ ਕੁਝ ਹੀ ਪਲਾਂ ਅੰਦਰ ਉਸ ਨੂੰ ਇਕ ਤਲਖ ਸੱਚ ਦਾ ਅਹਿਸਾਸ ਹੋ ਗਿਆ, ਕਿ ਪਿੰਡ ਦੇ ਹਰ ਘਰ ਨੂੰ ਜਾਂਦੀ ਛੋਟੀ ਗਲੀ ਵਲ ਨੂੰ ਖੁਲ੍ਹਦਾ ਦਰਵਾਜ਼ਾ ਤਾਂ ਉਸ ਨੇ ਕਈਆਂ ਦਿਨਾਂ ਤੋਂ ਆਪ ਬੰਦ ਕੀਤਾ ਹੋਇਆ ਹੈ ਅਤੇ ਭਾਂ-ਭਾਂ ਕਰਦੀ ਬੈਠਕ ਅੰਦਰ ਉਹ ਜਾਂ ਉਸ ਦੇ ਉੱਚੇ-ਲੰਮੇਂ ਘੜਕਦੇ ਸਾਹਾਂ ਤੋਂ ਬਿਨਾ ਕੋਈ ਵੀ ਨਹੀਂ ਹੈ।

ਅੱਧ-ਸਿਆਲ ਦੀ ਰੁੱਤੇ ਵੀ ਉਸ ਦੇ ਚੌੜੇ ਗੰਜੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ, ਉਸਦੇ ਕੰਨੀ ਪਈਆਂ ਸੋਨੇ ਦੀਆਂ ਮੁਰਕੀਆਂ ਵਾਂਗ ਚਮਕਣ ਲੱਗ ਪਈਆਂ। ਦਰਵਾਜ਼ੇ ਦੇ ਬੰਦ ਪੱਲਿਆਂ ਪਿਛਵਾੜੇ ਲਮਕਦੇ ਮੋਟੇ ਪਰਦੇ ਨੂੰ ਆਕਾਰਨ ਤਰੋੜਦਾ-ਮਰੋੜਦਾ, ਉਹ ਕਮਰੇ ਅੰਦਰਲੀਆਂ ਸਾਰੀਆਂ ਵਸਤਾਂ ਨੂੰ ਇਓਂ ਤਾੜਦਾ ਰਿਹਾ, ਜਿਵੇਂ ਕੋਈ ਵੱਡਾ ਗੁਨਾਹ ਕਰਕੇ ਉਹ ਵੀ ਉਸ ਵਾਂਗ ਕੰਧਾਂ ਓਹਲੇ ਆ ਲੁਕੀਆਂ ਹੋਣ। ਨਿੱਕੀ ਮੋਟੀ ਹਰ ਸ਼ੈਅ ਤੋਂ ਤਿਲਕਦੀ ਉਸਦੀ ਨਿਗਾਹ ਕੁਝ ਪਲਾਂ ਪਿਛੋਂ ਮੁੜ ਦੀਵਾਨ ਤੇ ਕੁੱਬੀ ਪਈ ਉਸੇ ਅਖ਼ਬਾਰ ਤੇ ਟਿੱਕੀ, ਜਿਸ ਦੀ ਇਕੋ ਇਕ ਸੁਰਖੀ ਨੇ ਉਸ ਨੂੰ ਸਵੇਰ ਤੋਂ ਸੂਲੀ ਟੰਗਿਆ ਹੋਇਆ ਸੀ—

—'ਆਖਿਰ ਕਿਹੜੀ ਪਰਲੋ ਆ ਗਈ ਐ ਇਕ ਪ੍ਰੇਮ ਦੇ ਨਾ ਰਹਿਣ ਨਾਲ', ਉਸ ਨੇ ਚਿੱਤ ਕਰੜਾ ਕਰਕੇ ਅਪਣੇ ਆਪ ਨਾਲ ਸੰਬਾਦ ਕਰਨ ਲਈ ਕੁਝ ਸ਼ਬਦ ਆਖੇ।

—'ਹੋਰ ਹੈ ਵੀ ਕੌਣ ਸੀ ਤੇਰਾ ਸਾਰੇ ਪਿੰਡ ਅੰਦਰ' ਅੰਦਰੋਂ ਕਿਸੇ ਨੇ ਉੱਤਰ ਦਿੱਤਾ।

—ਲੈ ਮੇਰਾ ਉਹ ਕਿਹੜਾ ਢਿੜੋਂ ਕੱਢਿਆ ਹੋਇਆ ਸੀ, ਐਹੋ ਜਿਹੇ ਸੈਂਕੜੇ ਮਿਲ ਜਾਂਦੇ ਆ, ਬੱਸ ਉਧਾਰ-ਸੁਧਾਰ ਲਈ ਹੱਥ ਢਿੱਲਾ ਹੋਣਾ ਚਾਹੀਦਾ 'ਚਰਾ-ਮਾਸਾ', ਉਸ ਨੇ ਫਿਰ ਤੜੀ ਦਿੱਤੀ।

—'ਓਹੋ ਜਿਹੇ ਸੱਭ ਅਲਾਟੀਆਂ ਹੱਥੀ ਚੜ੍ਹੇ ਫਿਰਦੇ ਆ, ਜਿੱਥੇ ਕਿਸੇ ਨੂੰ ਦਾਰੂ-ਸਿੱਕਾ ਮਿਲਦਾ, ਅਗਲਾ ਉਥੇ ਈ ਪੂਛ ਹਿਲਾਉਂਦਾ। ..ਤੂੰ ਤਾਂ ਮੋਈ ਮੱਖੀ ਨਈਂ ਛੱਡਦਾ ਹਥੋਂ।...ਇਹ ਪ੍ਰੇਮ ਹੀ ਸੀ ਜਿਹੜਾ ਬਿਨਾਂ ਕਿਸੇ

ਲਾਲਚੋਂ ਤੇਰੇ ਲਾਗੇ-ਚਾਗੇ ਰਹਿੰਦਾ ਸੀ,' ਅੰਦਰੋਂ ਆਇਆ ਉੱਤਰ ਫਿਰ ਸੱਚ ਵਰਗਾ ਕੌੜਾ ਸੀ।

—ਮੇਰਾ ਉਹ ਕੀ ਸੁਆਰਦਾ'ਸੀ ਸਾਰੀ ਉਮਰ ਐਹਨਾਂ ਚੂਹੜੇ-ਚਮਾਰਾਂ ਖ਼ਾਤਰ ਈ ਤੁਰਦਾ-ਫਿਰਦਾ ਰਿਹਾ, ਜਾਂ ਕਿਧਰੇ 'ਲਾਟੀਆਂ ਪਿੱਛੇ ਰਗੜੇ ਖਾਂਦਾ ਰਿਹਾ ਹਉ ..

—ਫੇਰ ਉਦ੍ਹੀ ਖ਼ਾਤਰ ਭੂੰਜੇ ਕਿਉਂ ਲੱਥਾ ਫਿਰਦੈਂ...?

—ਕੌਣ ਕਹਿੰਦਾ...ਸਰਾ-ਸਰ ਝੂਠ; ਮੇਰੀ ਜਾਣੇ ਜੁੱਤੀ; ਉਹ ਪਏ ਢੱਠੇ ਖੂਹ 'ਚ ਸਗੋਂ ਚੰਗਾ ਹੋਇਆ ਗੰਦ ਨਿਕਲਿਆ ਵਿਚੋਂ, ਰੋਜ਼ ਕੋਈ ਨਾ ਕੋਈ ਪੁੱਠੀ-ਸਿੱਧੀ ਖ਼ਬਰ ਲਿਆ ਸਣਾਉਂਦਾ ਸੀ—ਅਖੇ, ਲੋਕਾਂ ਨੇ ਕੱਠੇ ਹੋ ਕੇ ਆਹ ਕਰ 'ਇਤਾ, ਓਹ ਕਰ'ਇਤਾ, ...ਇਨ੍ਹਾਂ ਪੁੱਠੇ ਸਿਰਾਂ ਆਲਿਆਂ ਦਾ 'ਲਾਜ ਈ ਗੋਲੀ ਐ, ਜਿਹੜੇ ਮਾੜ੍ਹਿਆਂ ਨੂੰ ਰੋਟੀ ਖਾਂਦਿਆਂ 'ਨਈਂ ਦੇਖ ਸਕਦੇ.. ਚੰਗਾ ਈ ਹੋਇਆ, ਬਹੁਤ ਈ ਖ਼ਰਾ ਹੋਇਆ.. ।

—'ਖ਼ਰਾ ਹੋਇਆ ਜਾ ਮਾੜਾ, ਤੂੰ ਅਪਣੀ ਸੁੱਖ ਮੰਗ...', ਅੰਦਰੋਂ ਫਿਰ ਕਿਸੇ ਨੇ ਚੂੰਡੀ ਵੱਢੀ।

—ਲੈ, ਮੇਰਾ ਉਨ੍ਹਾਂ ਦਾ ਕਾਹਦਾ ਵੈਰ ਉਹ ਗੁਰੂ ਮ੍ਹਾਰਾਜ ਦੇ ਸੇਵਕ, ਮੈਂ. ਮੈਂ ਉਨ੍ਹਾਂ ਦੀ ਲਾਡਲੀ ਫੌਜ ਦੇ ਖਾਨਦਾਨ 'ਚੋਂ ...ਹੋਰ ਇਸ ਤੋਂ ਵੱਡੀ ਸਾਂਝ ਕੀ ਹੋ ਸਕਦੀ ਐ . ਕੀ ਹੋਇਆ ਜੇ ਉਨ੍ਹਾਂ ਕੋਲ ਮੇਰੇ ਨਾਲੋਂ ਚਾਰ ਸਿਆੜ ਵਾਧੂ ਐ, ਪਰ ਆਪਾਂ ਸਰੇਈ ਨੱਪ ਕੇ ਰਖਿਓ ਆ; ਨੱਕ ਨਾਲ ਲਕੀਰਾਂ ਕੱਢਦੇ ਆ . ਇਹ ਤਾਂ ਐਸ ਛੋਕਰੇ ਜਿਹੇ ਨੇ ਸਾਡੇ ਵਿਚਕਾਰ ਤੇਰ-ਮੇਰ ਪਾਈ... ਚੰਗਾ ਹੋਇਆ ਲਾਂਭੇ ਕੀਤਾ ਸੁ ਰਾਹ 'ਚੋਂ ਕਦੀ ਉਹ ਵਿਹਲੜ ਆਖਦਾ ਸੀ ਕਦੀ ਲੁਟੇਰੇ; ਕਦੀ ਉਹਨੂੰ ਸਾਡੀ ਬੋਲੀ ਚੱਕ ਮਾਰਦੀ ਸੀ ਕਦੀ ਵਿਆਜ —ਦੇਣ ਆਲਾ ਕੋਈ, ਲੈਣ ਆਲਾ ਕੋਈ ਉਹ ਵਿਚ ਖ਼ਾਹਮਖ਼ਾਹ .. ਅਖੇ—ਸੂਏ ਮੈਂਹ ਕੱਟੇ ਦੀ ।

ਇੱਕਾ-ਦਿਕ ਦਰਵਾਜ਼ੇ ਵਲੋਂ ਹਟ ਕੇ ਉਸ ਨੇ ਦੀਵਾਨ ਤੇ ਪਈ ਅਖਬਾਰ ਚੁੱਕੀ ਤੇ ਉਸਦੀਆਂ ਤੈਹਾਂ ਖੋਲ੍ਹ ਕੇ ਮੂੰਹਦੜੇ-ਮੂੰਹ ਪਏ ਪ੍ਰੇਮ ਨੂੰ ਇਕ ਵਾਰ ਫਿਰ ਤ੍ਰਾੜਵੀਆਂ ਨਜ਼ਰਾਂ ਨਾਲ ਨਿਹ ਰਿਆ। ਉਸ ਦਾ ਜੀਅ ਕੀਤਾ ਕਿ ਪ੍ਰੇਮ ਸਮੇਤ ਸਾਰੀਆਂ ਤਸਵੀਰਾਂ ਨੂੰ ਪੁਰਜਾ-ਪੁਰਜਾ ਕਰਕੇ ਫਰਸ਼ ਤੇ ਵਗਾਹ ਮਾਰੇ ਅਤੇ ਪਾਟੇ ਖਿਲਰੇ ਵਰਕਿਆਂ ਨੂੰ ਭਾਰੇ ਪੈਰਾਂ ਹੇਠ ਲਿਤਾੜਦਾ ਕਮਰਿਓਂ ਬਾਹਰ ਚਲਾ ਜਾਵੇ। ਉਸਦੀ ਛਾਤੀ ਅੰਦਰੋਂ ਉੱਠਿਆ ਜਵਾਰਭਾਟਾ ਹਾਲੀਂ ਉਸ ਦੇ ਹੱਥਾਂ ਪੈਰਾਂ ਦੇ ਕੰਢਿਆਂ ਤੱਕ ਨਹੀਂ ਸੀ ਪਹੁੰਚਿਆ ਕਿ ਪ੍ਰੇਮ ਦਾ ਮਿੱਟੀ ਹੋਇਆ ਖੱਬਾ ਹੱਥ ਸਹਿਜੇ ਸਹਿਜੇ ਸਿਰੇ ਵਲ੍ਹੋ ਨੂੰ ਸਰਕਦਾ ਉਸਨੂੰ ਪੁਪੜੀ ਲਾਗੇ ਹੋਏ ਜ਼ਖਮ ਤੱਕ ਅਪੜਦਾ ਜਾਪਿਆ ਜਿਹੜਾ ਕੁਝ ਚਿਰ ਪਹਿਲਾਂ ਅਲਾਟੀਆਂ ਵਿਹੜਿਉਂ ਲੰਘਦਿਆਂ ਲੱਗੀ ਪ੍ਰੂਣੀ ਨਾਲ ਹੋਇਆ ਸੀ।

...ਬੀਬੇ-ਮਿੱਠੇ ਸੁਭਾ ਦਾ ਪ੍ਰੇਮ ਲਾਲ, ਪਿੰਡੋਂ ਲਹਿੰਦੀ ਬਾਹੀ ਪੁਰਾਣੇ ਗੁਰਦਵਾਰੇ ਲਾਗੇ ਬਣਦੀ ਕਾ: ਸਖੀ ਰਾਮ ਦੀ ਹਵੇਲੀਓਂ ਕੁਵੇਲੇ ਘਰ ਮੁੜਦਾ ਅਲਾਟੀਆਂ ਦੀ ਪਤੀ ਰਾਹੀਂ ਸਿੱਧਾ ਲੰਘ ਆਇਆ। ਵੱਡੇ ਰਾਹ ਤੇ ਚੜ੍ਹਦਿਆਂ ਬਣਦੇ ਚੁਰਾਹੇ ਵਿਚਕਾਰ ਗੱਲਾਂ ਟੁਕਦੀ ਮੁਢੀਰ ਨਾਲ ਪਤਾ ਨਹੀਂ ਉਹ ਕਿਓਂ ਤੇ ਕਿਵੇਂ ਉਲਝ ਗਿਆ, ਕਿ ਅਗਲਿਆਂ ਬਿਨਾਂ ਪੁੱਛੇ ਧੌਲ-ਧੱਪਾ ਕਰਦਿਆਂ ਉਸ ਨੂੰ ਅੱਧ ਮੋਇਆ ਕਰ ਮਾਰਿਆ। ਕਿਸੇ ਨੇ ਉਸ ਨੂੰ ਰੂਸੀ-ਚੀਨੀ ਏਜੰਟ ਆਖਦਿਆਂ ਧੂਹ ਕੇ ਟੋਰਾਂ ਹੇਠ ਦੇਣ ਦੀ ਧਮਕੀ ਦਿੱਤੀ; ਕਿਸੇ ਨੂੰ ਉਸ ਦੀ ਮਹਾਜਨਾਂ ਨਾਲ ਪੁੱਗਦੀ ਸਾਂਝ ਦੀ ਰੜਕ ਸੀ; ਕੋਈ ਉਸ ਤੋਂ ਦਿਹਾੜੀ-ਦਾਰਾਂ ਨੂੰ ਭੂਹੇ-ਚਾੜ੍ਹਨ ਦੀ ਕਿਰੜ ਕੱਢਦਾ ਰਿਹਾ, ਕੋਈ ਉਹਦੇ ਵਰਗੇ ਸਾਰੇ ਮਾਸਟਰਾਂ ਨੂੰ ਗਧੇ-ਲੰਡਰ, ਕਮਚੋਰ, ਹਰਾਮੀ ਤੇ 'ਸਾਲੇ-ਮੇਰੇ' ਬਣਾਉਂਦਾ ਰਿਹਾ। ਕਸੂਤੇ ਥਾਂ ਫਸਿਆ ਪ੍ਰੇਮ ਉਸ ਵੇਲੇ ਲੱਗੇ ਸਾਰੇ ਜ਼ਖ਼ਮ ਅਪਣੇ ਅੰਦਰ ਬਾਹਰ ਸਮੇਟੀ ਕਿਸੇ ਨਾ ਕਿਸੇ ਤਰਾਂ ਘਰ ਪਹੁੰਚ ਹੀ ਗਿਆ ਸੀ ਪਰ ਅਗਲੇ ਹੀ ਦਿਨ ਸਕੂਲੋਂ ਪਰਤਦਾ ਓਹ ਛੱਡਿਆ ਕੇ ਸ੍ਰੀ ਰਾਮ ਦੇ ਗਲ੍ਹ ਆ ਲੱਗਿਆ।

—'ਚੰਗਾ ਈ ਹੋਇਆ, ਇਦ੍ਹੇ ਨਾਲ ਏਨੀਂ ਕੁ ਹੋਣੀ ਈ ਚਾਹੀਦੀ ਸੀ, ਪਰ ਸਿਰੀ ਰਾਮ ਦੇ ਮੂੰਹੋਂ ਨਿਕਲੇ ਬੋਲ ਆਖ ਰਹੇ ਸਨ—'ਬੱਚੂ, ਤੂੰ ਕਾਹਨੂੰ ਲੰਘਣਾ ਸੀ ਕੱਲੇ ਨੇ ਓਧਰ ਵੰਨੀਓਂ, ਨੇੜੇ ਪਏ ਨਾ ਫੇ...।

ਪ੍ਰੇਮ ਨੂੰ ਲੱਗਾ ਕਿ ਸਿਰੀ ਰਾਮ ਦਾ ਬੋਲਿਆ ਓਪਰਾ ਜਿਹਾ ਵਾਕ, ਉਸਦੇ ਪਹਿਲੇ ਜ਼ਖ਼ਮਾਂ ਤੇ ਜਿਵੇਂ ਇਕ ਹੋਰ ਡੰਡਾ ਮਾਰ ਗਿਆ ਹੋਵੇ। ਹਮਦਰਦੀ ਦੀ ਪੀੜ ਨਾਲ ਵਿਆਕਲ ਹੋਇਆ, ਉਹ ਕਿੰਨਾਂ ਹੀ ਚਿਰ ਸਿਰੀ ਰਾਮ ਦੇ ਕਣਕਵੰਨੇ ਚਿਹਰੇ ਵਲ ਦੇਖਦਾ ਰਿਹਾ ਸੀ! ਉਸਦੀਆਂ ਅੱਖਾਂ ਨਾਲ ਅੱਖਾਂ ਮਿਲਾਉਣ ਤੋਂ ਕੰਨੀ ਕਿਤਰਾਉਂਦੇ ਸਿਰੀ ਰਾਮ ਨੇ ਗੱਲ ਆਲੇ ਟਾਲੇ ਪਾਉਣ ਲਈ ਸਾਰੀਆਂ ਛੁਛਕੂੰਦਰਾਂ ਛੱਡੀਆਂ, ਪਰ ਉਸ ਨੂੰ ਧੁਰ ਅੰਦਰ ਤੱਕ ਤਾੜਦਿਆਂ ਪ੍ਰੇਮ ਪਲ ਭਰ ਲਈ ਵੀ ਨਹੀਂ ਸੀ ਮੁਸਕਰਾ ਸਕਿਆ। ਉਸ ਨੂੰ ਸੁਨਵੱਟਾ ਹੋਇਆ ਦੇਖ ਜਿਉਂ ਜਿਓਂ ਸਿਰੀ ਰਾਮ ਉਸ ਨਾਲ ਪਹਿਲੋਂ ਚਲਦੇ ਹਾਸੇ-ਮਖੌਲ ਦਾ ਹੱਦ-ਬੰਨਾਂ ਟੱਪੀ ਗਿਆ, ਤਿਓਂ ਤਿਓਂ ਪ੍ਰੇਮ ਦੀ ਛਾਤੀ ਅੰਦਰ ਭਰੰਦਾ ਰੋਹ ਹੋਰ ਤੋਂ ਹੋਰ ਤ੍ਰਹ ਹੁੰਦਾ ਗਿਆ। ਤੇ ਜਦ ਸਿਰੀ ਰਾਮ ਨੇ ਡੱਬੀ-ਬੰਦ ਮੋਮ ਤੇ ਪਟੋਲੇ ਜਿਹੀ ਮਾਸਟਰਨੀ ਤੋਂ ਅਗਾਂਹ ਵਧ ਕੇ, ਉਸਦੀ ਸਾਝ ਵਾਲੇ ਆਦਿ ਧਰਮੀ ਘਰੀਂ ਆਇਆਂ ਚੀਰ-ਵਹੁਟੀਆਂ ਨਾਲ ਹਿੱਸਾ-ਪਤੀ' ਪਾਉਣ ਲਈ ਲਾਲ੍ਹਾਂ ਸੁੱਟੀਆਂ, ਤਾਂ ਪ੍ਰੇਮ ਦਾ ਮਸਾਂ ਡੱਕ ਕੇ ਰੱਖਿਆ ਗੁੱਸਾ,' ਇਕ ਵਾਰਗੀ ਭਾਂਬੜ

ਬਣ ਕੇ ਮਰ ਉੱਠਿਆ ਸੀ—'ਬਕਬਾਸ ਬੰਦ ਕਰ ਨਹੀਂ ਤਾਂ...' ਪਰ ਉਸ ਦੇ ਸਿਰ ਤੇ ਲੱਗੀਆਂ ਸੱਟਾਂ ਦੀ ਕਲੇਜਾ ਚੀਰਵੀਂ ਪੀੜ ਉਸਦੀ ਬਾਕੀ ਬਚਦੀ ਗੱਲ ਟੁੱਕਣ ਲਈ ਪਤਾ ਨਹੀਂ ਕਿਧਰੋਂ ਵਾਵਰੋਲੇ ਵਾਂਗ ਉਸ ਉਤੇ ਆ ਚੜ੍ਹੀ ਸੀ। ਭੁਆਂਟਣੀ ਜਿਹੀ ਖਾ ਕੇ ਡਿਗਦਾ ਡਿਗਦਾ ਉਹ ਸਾਈਕਲ ਦਾ ਆਸਰਾ ਲੈ ਕੇ ਮਸਾਂ ਸੰਭਲਿਆ ਸੀ। ਪਲ ਭਰ ਅਡੋਲ ਖੜ੍ਹਾ ਰਹਿਣ ਪਿਛੋਂ, ਘਰ ਵਲ ਨੂੰ ਤੁਰਨ ਲੱਗਿਆਂ ਉਸ ਦਾ ਖੱਬਾ ਹੱਥ ਸਹਿਜ ਨਾਲ ਸਰਕਦਾ ਪੁਪੜੀ ਲਾਗੇ ਹੋਏ ਜ਼ਖ਼ਮ ਤੇ ਬੰਨੀ ਪੱਟੀ ਤੇ ਜਾ ਟਿੱਕਿਆ ਸੀ।

ਸਿਰੀ ਰਾਮ ਨੂੰ ਪ੍ਰੇਮ ਵਲੋਂ ਮਿਲਿਆ ਪਹਿਲਾ ਤਲਖ਼ ਉੱਤਰ, ਉਸਦਾ ਅੰਦਰ-ਬਾਹਰ ਪੱਛਦਾ ਚਲਾ ਗਿਆ। ਵੇਲਾ ਟਾਲਣ ਲਈ ਤਾਂ ਖਸਿਆਣਾ ਜਿਹਾ ਹੱਸ ਕੇ, ਉਸ ਨੇ ਹੋਈ ਵਾਪਰੀ ਸਾਰੀ ਗੱਲ ਆਈ ਗਈ ਕਰ ਛੱਡੀ ਸੀ। ਪਰ ਅੰਦਰੋ ਅੰਦਰ ਰਿਝਦੀ ਘਿਰਣਾ ਹੌਲੀ-ਹੌਲੀ ਪ੍ਰੇਮ ਦੇ ਵਜੂਦ ਸਮੇਤ ਸਾਰਾ ਮੋਹ ਸਾਰੀ ਸਾਂਝ ਇਕਵਾਂਰਗੀ ਨਿਘਲ ਜਾਣ ਲਈ ਤਰਲੋ-ਮੱਛੀ ਹੁੰਦੀ ਰਹੀ।

...ਨਫ਼ਰਤ ਤੇ ਗੁੱਸੇ ਦੇ ਹੜ ਅੰਦਰ ਰੁੜ੍ਹਦੇ ਸਿਰੀ ਰਾਮ ਨੇ ਦੋਵੱਲਿਓਂ ਖਿੱਚੀ ਅਖ਼ਬਾਰ ਇਕੋ ਝਟਕੇ ਨਾਲ ਸਿੱਧੀ ਚੀਰ ਮਾਰੀ। ਮੁੱਖ ਪੰਨੇ ਤੇ ਛਪੀਆਂ ਕਈ ਸਾਰੀਆਂ ਲੋਥਾਂ, ਦੋ ਟੁੱਕ ਹੋ ਕੇ ਉਸ ਦੇ ਦੋਨਾਂ ਹੱਥਾਂ ਅੰਦਰ ਲਟਕ ਗਈਆਂ। ਪ੍ਰਸੰਨ-ਚਿੱਤ ਹੁੰਦਾ, ਉਹ ਕੁਝ ਚਿਰ ਲਈ ਧੜਾਂ ਤੋਂ ਅਲੱਗ ਕੀਤੇ ਬੇਪਛਾਣ ਚਿਹਰਿਆਂ ਨੂੰ ਉਪਰੋਂ ਨਜ਼ਰੇ ਦੇਖਦਾ ਰਿਹਾ, ਜਿਨ੍ਹਾਂ ਦੀ ਨੁਹਾਰ ਉਸ ਨੂੰ ਇਕਦੱਮ ਪ੍ਰੇਮ ਦੇ ਚਿਹਰੇ ਨਾਲ ਰਲਦੀ-ਮਿਲਦੀ ਜਾਪੀ, ਪਰ ਪ੍ਰੇਮ ਦੀਆਂ ਮੁੰਦ ਹੋਈਆਂ ਅੱਖਾਂ ਤੇ ਨਜ਼ਰ ਪੈਂਦਿਆਂ ਸਾਰ, ਉਸ ਦੀ ਮੰਜਬੂਤ ਪਕੜ ਅੰਦਰਲੀ ਹਿਲਜੁਲ ਕਾਰਨ, ਇਕ ਵਾਰ ਫਿਰ ਢਿੱਲੀ ਪੈ ਗਈ। ਉਸ ਨੂੰ ਜਾਪਿਆ ਕਿ ਪ੍ਰੇਮ ਦੇ ਬੇਜਾਨ ਚੌੜੇ ਮੱਥੇ ਤੇ ਖਿਲਰੀ ਆਪ-ਮੁਹਾਰੀ ਅਪਣਤ, ਜਿਵੇਂ ਸ਼ਰਾਰਤ ਨਾਲ ਉਸ ਨੂੰ ਆਖ ਰਹੀ ਹੋਵੇ—ਆ ਜਾਊ . ਆ ਜਾਊ, ਛੇਤੀ ਪਹੁੰਚ ਜਾਊ ਤੇਰੀ ਡੱਬੀ ਬੰਦ ਮੋਮ . ਓਨਾ ਚਿਰ ਤੂੰ ਐਸੇ ਈ ਲਾਲੀ ਨਾਲ ਗੁਜ਼ਾਰਾ ਕਰੀ ਚਲ..., ਪਰੰਤੂ ਉਸਦੀ ਛਾਤੀ ਅੰਦਰੋਂ ਵਗਿਆ ਧਰਤੀ ਰੰਗਦਾ ਲਹੂ, ਘੂਰ-ਘੂਰ ਕੇ ਸਿਰੀ ਰਾਮ ਨੂੰ ਨਿਹਾਰਦਾ, ਉੱਚੀ ਉੱਚੀ ਕੂਕ ਰਿਹਾ ਹੋਵੇ ਓਏ ਲਾਲਾ, ਇਸ ਸਭ ਤੇਰੀ ਈ ਲੂੰਬੜਬਾਜ਼ੀ ਐ... ਅਪਣੀ ਦੁਕਾਨਦਾਰੀ ਖ਼ਾਤਰ ਤੂੰ ਪਿੰਡ ਦੇ ਸਾਰੇ ਲੋਕਾਂ ਨੂੰ ਗਧੀ-ਗੇੜ ਪਾਇਆ ਹੋਇਆ ...ਕਿਸੇ ਨੂੰ ਉਧਾਰ ਦੇ ਕੇ ਨਰੜਿਆ ਹੋਇਆ ਕਿਸੇ ਨੂੰ ਵਿਆਜ ਨਾਲ...ਅਪਣਾ ਉੱਲੂ ਸਿੱਧਾਂ ਕਰਨ ਲਈ, ਕਿਸੇ ਹੱਥ ਲਾਠੀ ਫੜਾ ਰੱਖੀ ਐ ਕਿਸੇ ਹੱਥ ਗਲੀ...ਜਾਤਾਂ-ਗੋਤਾਂ, ਮਜ਼ਬਾਂ, ਧਰਮਾਂ ਦੀ ਆੜ ਹੇਠ ਕਦੀ ਕਿਸੇ ਦੀ ਪੂਛੀਂ ਹੱਥ ਲਾਉਂਦੈ, ਕਦੀ ਕਿਸੇ ਦੀ...ਤੇਰਾ ਗੁਰੂ-ਪੀਰ, ਧਰਮ-ਈਮਾਨ ਸਿਰਫ਼ ਪੈਸਾ ਈ ਐ ਪੈਸਾ, ਜਿਹਦੀ ਖ਼ਾਤਰ ਤੂੰ ਅਪਣੀ ਅਜ਼ਮਤ-ਇੱਜ਼ਤ, ਧੀਆਂ ਪੁੱਤਰਾਂ ਦੇ ਸੌਦੇ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ...ਅਪਣੇ ਸ਼ਰੀਕ ਤੋਂ ਨਿਹੱਥੇ ਕਰਕੇ ਸਾਰੇ ਈ ਪਿੰਡੋਂ ਭਜਾ ਤੇ ..ਤੇ ਆਹ ਜਿਹੜਾ ਅਲਾਟੀਆਂ ਨਾਲ ਚਲਦਾ ਇੱਟ-ਖੜਿਕਾ ਤੂੰ ਜਾਣ-ਬੁੱਝ ਕੇ ਲਮਕਾਈ ਤੁਰਿਆ ਆਉਨੈਂ, ਇਹ ਸਿਰਫ਼ ਮੇਰੇ ਵਰਗੇ 'ਮਾਸਟਰਾਂ' ਦਾ ਜੀਆ-ਘਾਤ ਕਰਨ ਲਈ ਅਡੰਮਬਰ ਰਚਿਆ ਹੋਇਆ ਹੋਰ ਕੁਝ ਨਹੀਂ...ਓਏ ਚੌਰਿਆ, ਤੂੰ ਅਪਣੀ ਛਾਤੀ ਤੇ ਹੱਥ ਰੱਖ ਕੇ ਦੱਸ ਖਾਂ, ਤੇਰਾ ਉਨ੍ਹਾਂ ਨਾਲ ਕੀ ਵੱਡਿਆ ਹੋਇਐ ? ਦੋਨੋਂ ਧਿਰਾਂ ਤੁਸੀਂ ਇਕੋ ਘੜੇ ਦੇ ਚੱਕਣ ਓਂ... ਤੁਹਾਡੀ ਗੱਲ-ਬਾਤ, ਮੇਲ-ਮਿਲਾਪ, ਰਹਿਣੀ-ਬਹਿਣੀ ਨਾ ਪਿੰਡ ਦੇ ਲੋਕਾਂ ਨਾਲ ਰਲਦੀ ਐ, ਨਾ ਇਸ ਦੀ ਮਿੱਟੀ ਨਾਲ ਮੇਲ ਖਾਂਦੀ, ਐ...ਤੁਸੀ ਜਿੱਸ ਥਾਲੀ ਅੰਦਰ ਖਾਂਦੇ ਓ ਉਸੇ ਅੰਦਰ ਹੀ ਹੱਗ...'

...ਇਓਂ ਤੇ ਜਾਹ ਫੇਰ ਇਓਂ ਹੀ ਸਹੀ,ਨਾ ਫੇ... ਦੂਜੇ, ਤੀਜੇ ਤੇ ਫਿਰ ਚੌਥੇ ਝਟਕੇ ਨਾਲ ਕਈ ਟੁਟੇ ਕਰਕੇ ਫ਼ਰਸ਼ ਤੇ ਸੁੱਟੀ ਅਖ਼ਬਾਰ ਪੈਰਾਂ ਹੇਠ ਲਿਤਾੜਦੇ ਸਿਰੀ ਰਾਮ ਨੇ ਮੋਢੇ ਤੋਂ ਤਿਲਕੀ ਸ਼ਾਲ ਦੀ ਬੁੱਕਲ ਘੁੱਟ ਕੇ ਕੱਸੀ ਤੇ ਵਿਰਕਾਰਲੇ ਦਰਵਾਜ਼ੇ ਰਾਹੀਂ ਲੰਘ ਕੇ ਦੁਕਾਨ ਦਾ ਬੰਦ ਪਿਆ ਛੱਟਰ ਜਾ ਖੋਲ੍ਹਿਆ, ਅਤੇ ਸ਼ਿਵਾਂ ਦੀ ਗੱਦੀ ਤੇ ਕਈਆਂ ਦਿਨਾਂ ਦਾ ਚੜ੍ਹਿਆ ਘੱਟਾ ਹੱਥ ਝਾੜੂ ਨਾਲ ਝਾੜਨ ਲੱਗ ਪਿਆ। ○

ਕਹਾਣੀ

## ਬੀਜ ਤੇ ਮਿੱਟੀ

ਹਰੀ ਪ੍ਰਕਾਸ਼ ਸ਼ਰਮਾ

ਰਸੋਈ ਵਿਚ ਭਾਂਡੇ ਧੋਂਦੀ ਨਿਰਮਲਾ ਸੋਚ ਰਹੀ ਸੀ ਕਿ ਅਜੇ ਉਸਨੇ ਬਹੁਤ ਸਾਰੇ ਕੱਪੜੇ ਧੋਣੇ ਹਨ। ਦੋ ਜੋੜੇ ਕੱਪੜੇ ਤਾਂ ਗੀਤਾ ਦੇ ਪਾਪਾ ਜੀ ਦੇ ਹੀ ਹਨ, ਉਸ ਦੀਆਂ ਆਪਣੀਆਂ ਧੋਤੀਆਂ ਵੀ ਮੈਲੀਆਂ ਹਨ, ਬੱਚਿਆਂ ਦੇ ਕੱਪੜੇ ਹੁਨ ਅਤੇ ਫਿਰ ਅੱਜ ਸਵੇਰੇ ਛੋਟੀ ਬਿੱਟੀ ਨੇ ਬਿਸਤਰੇ ਵਿਚ ਹੀ ਪਾਖ਼ਾਨਾ ਕਰ ਦਿੱਤਾ ਸੀ। ਸਾਰੇ ਹੀ ਧੋਣੇ ਹੈਨ ਅਤੇ ਉਸਦਾ ਸਰੀਰ ਹੈ ਕਿ ਜੋੜ ਜੋੜ ਦੁੱਖ ਰਿਹਾ ਹੈ। ਨਾ ਜਾਣੇ ਪਿਛਲੇ ਕੁਝ ਸਾਲਾਂ ਤੋਂ ਉਸਨੂੰ ਕੀ ਹੋ ਗਿਆ, ਕਮਰ ਹਮੇਸ਼ਾਂ ਦੁੱਖਦੀ ਰਹਿੰਦੀ ਹੈ, ਗੋਡਿਆਂ ਦਿਆਂ ਜੋੜਾਂ ਵਿਚ ਹਮੇਸ਼ਾ ਦਰਦ ਰਹਿੰਦਾ ਹੈ। ਇਕ ਵਾਰ ਕਿਤੇ ਬੈਠ ਜਾਂਦੀ ਹੈ ਤਾਂ ਉਠਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਹ ਗ੍ਰਿਹਸਥੀ ਦਾ ਧੰਦਾ ਹੈ ਕਿ ਕਿਤੇ ਖਤਮ ਹੀ

ਹੋਣ ਵਿਚ ਨਹੀਂ ਆਉਂਦਾ। ਕਿੰਨੀ ਵਾਰ ਕਿਹਾ ਹੈ ਕਿ ਉਸਨੂੰ ਕੋਈ ਦਵਾ-ਦਾਰੂ ਦਿਵਾ ਦਿਓ, ਪਰ ਕੌਣ ਸੁਣਦਾ ਹੈ ਉਸਦੀ। ਬੱਸ ਧੰਦਾ ਪਿੱਟੀ ਜਾਓ। ਇਸ ਨਾਲੋਂ ਤਾਂ ਪ੍ਰਮਾਤਮਾ, ਮੌਤ ਆ ਜਾਏ ਤਾਂ ਪਿੱਛਾ ਛੁੱਟੇ।

ਚਾਹ ਦਾ ਪਿਆਲਾ-ਪਲੇਟ ਧੋ ਕੇ, ਉਠਣ ਦੇ ਆਲਸ ਵਿਚ, ਉਸਨੇ ਉਥੇ ਬੈਠੇ ਬੈਠੇ ਹੱਥ ਉੱਚਾ ਕਰਕੇ ਉਪਰ ਬਣੇ ਲੱਕੜੀ ਦੇ ਬਰੈਕਿਟ 'ਤੇ ਰੱਖਣਾ ਚਾਹਿਆ। ਪਲੇਟ ਉਥੇ ਤੱਕ ਪਹੁੰਚ ਤਾਂ ਗਈ, ਪਰ ਰੱਖਦੇ ਰੱਖਦੇ ਹੀ ਨਾ ਜਾਣੇ ਕੀ ਹੋਇਆ ਕਿ ਪਿਆਲਾ ਤਿਲਕ ਕੇ ਥੱਲੇ ਆ ਡਿਗਿਆ ਅਤੇ ਜਦੋਂ ਉਪਰ ਤੋਂ ਉਸ ਨੇ ਡਿੱਗਣਾ ਸੀ ਤਾਂ ਕੀ ਉਹ ਟੁੱਟਣ ਤੋਂ ਬਚ ਸਕਦਾ ਸੀ। ਡਿਗਦਿਆਂ ਹੀ ਚੀਨੀ ਦੇ ਉਸ ਮੋਟੇ ਪਿਆਲੇ ਦੇ ਤਿੰਨ ਟੁਕੜੇ ਹੋ ਗਏ ਅਤੇ ਨਿਰਮਲਾ ਦੇ ਮੂੰਹ 'ਚੋਂ ਹਲਕੀ ਜਿਹੀ ਚੀਕ ਨਿਕਲ ਗਈ।

ਪਿਆਲਾ ਕੋਈ ਖਾਸ ਮਹਿੰਗਾ ਨਹੀਂ ਸੀ। ਸਾਲ ਭਰ ਪਹਿਲਾਂ ਇਕ ਫੇਰੀਵਾਲੇ ਤੋਂ ਉਸਨੇ ਕੁਝ ਆਨਿਆਂ ਦਾ ਖਰੀਦਿਆ ਸੀ। ਘਰ ਵਿਚ ਉਸ ਤਰ੍ਹਾਂ ਚਾਰ ਜੜੇ ਪਿਆਲੇ-ਪਲੇਟਾਂ ਦੇ ਹੋਰ ਭੀ ਸਨ, ਪਰ ਨਿਰਮਲਾ ਉਨ੍ਹਾਂ ਨੂੰ ਤਾਂ ਹੀ ਕੱਢਦੀ ਹੈ ਜਦ ਕੋਈ ਪ੍ਰਾਹੁਣਾ ਆ ਜਾਵੇ ਅਤੇ ਫਿਰ ਬੜੇ ਬਚਾਅ ਨਾਲ ਧੋ ਪੂੰਝ ਕੇ ਉਥੇ ਹੀ ਜਾਲੀ ਦੀ ਅਲਮਾਰੀ ਵਿਚ ਰੱਖ ਦਿੰਦੀ ਹੈ। ਕਮਲ ਕਿਉਂਕਿ ਗਲਾਸ ਵਿਚ ਚਾਹ ਨਹੀਂ ਪੀਂਦਾ ਇਸ ਲਈ ਉਸਨੇ ਰੋਜ਼ਾਨਾ ਦੀ ਵਰਤੋਂ ਲਈ ਇਹ ਇਕ ਸਸਤਾ ਜਿਹਾ ਪਿਆਲਾ ਖਰੀਦ ਲਿਆ ਸੀ। ਕੁਝ ਮਹੀਨੇ ਹੋਏ, ਇਕ ਵਾਰ ਗੀਤਾ ਦੇ ਹੱਥੋਂ ਛੁੱਟ ਜਾਣ ਕਾਰਨ ਉਸ ਪਿਆਲੇ ਦਾ ਹੈਂਡਲ ਟੁੱਟ ਗਿਆ ਸੀ ਅਤੇ ਨਿਰਮਲਾ ਨੂੰ ਯਾਦ ਹੈ ਇਸ ਦੋਸ਼ ਲਈ ਗੀਤਾ ਨੂੰ ਬਹੁਤ ਕੁੱਟਿਆ ਸੀ, ਪਰ ਕੇਵਲ ਹੈਂਡਲ ਟੁੱਟ ਜਾਣ ਨਾਲ ਪਿਆਲੇ ਦੀ ਵਰਤੋਂ ਵਿਚ ਕੋਈ ਫਰਕ ਨਹੀਂ ਆਇਆ ਸੀ। ਕਮਲ ਨੂੰ ਰੋਜ਼ ਦੋਵੇਂ ਵੇਲੇ ਓਸੇ ਪਿਆਲੇ ਵਿਚ ਚਾਹ ਪੀਣੀ ਪੈਂਦੀ। ਪਰ ਅੱਜ ਉਸ ਦੇ ਇਸ ਤਰ੍ਹਾਂ ਟੁੱਟ ਜਾਣ ਨਾਲ ਨਿਰਮਲਾ ਨੂੰ ਬਹੁਤ ਦੁੱਖ ਹੋਇਆ। ਹੁਣ ਜਾਂ ਤਾਂ ਬਾਜ਼ਾਰ ਤੋਂ ਉਸ ਦੀ ਥਾਂ ਨਵਾਂ ਪਿਆਲਾ ਲਿਆਂਦਾ ਜਾਏ, ਜਾਂ ਉਸ ਦੀ ਚਾਹ ਦੇ ਲਈ ਸਵੇਰੇ-ਸ਼ਾਮ ਅਲਮਾਰੀ ਵਿਚੋਂ ਪਿਆਲਾ ਕੱਢਣਾ ਪਵੇਗਾ।

ਕੁਝ ਡਿੱਗਣ ਅਤੇ ਟੁੱਟਣ ਦਾ ਖੜਕਾ ਸੁਣ ਕੇ ਅੰਦਰ ਦੀ ਕੋਠੜੀ ਵਿਚੋਂ ਗੀਤਾ ਬਾਹਰ ਨਿਕਲੀ। ਉਸਦੇ ਹੱਥ ਵਿਚ ਕਲਮ ਸੀ, ਉਂਗਲੀਆਂ ਤੇ ਸਿਆਹੀ ਦਾ ਬੜਾ ਵੱਡਾ ਦਾਗ਼ ਲੱਗਿਆ ਹੋਇਆ ਸੀ।

—ਕੀ ਟੁੱਟ ਗਿਆ ਮਾਂ?

—ਟੁੱਟ ਗਿਆ ਤੇਰਾ ਸਿਰ! ਆਈ ਹੈਂ ਬਹੁਤਾ ਫਿਕਰ ਕਰਨ ਵਾਲੀ! ਤੈਨੇ ਕੁਝ ਫਿਕਰ ਵੀ ਹੈ ਘਰ ਦੀ ਜਦ ਦੇਖੋ ਸਕੂਲ ਖੋਲ੍ਹੀ ਬੈਠੀ ਰਹਿੰਦੀ ਹੈ।

ਦਸ ਵਰ੍ਹਿਆਂ ਦੀ ਗੀਤਾ ਮਾਂ ਦੇ ਸੁਭਾ ਤੋਂ ਜਾਣੂ ਸੀ। ਫੇਰ ਵੀ ਇਸ ਡਾਂਟ ਡਪਟ ਨੂੰ ਸੁਣਕੇ ਰੋਣਹਾਕੀ ਹੋ ਕੇ ਬੋਲੀ—'ਤੂੰ ਹੀ ਤਾਂ ਕਿਹਾ ਸੀ ਕਿ ਸਕੂਲ ਦਾ ਕੰਮ ਕਰ ਲੈ, ਭਾਂਡੇ ਮੈਂ ਧੋ ਲਵਾਂਗੀ।'

—'ਨਹੀਂ ਤਾਂ ਬੜਾ ਨਿਹਾਲ ਕਰ ਦਿੰਦੀ ਤੂੰ! ਅਤੇ ਨਿਰਮਲਾ ਦੀ ਨਿਗ੍ਹਾ ਗੀਤਾ ਦੇ ਫਰਾਕ ਤੇ ਪਏ ਸਿਆਹੀ ਦੇ ਦਾਗ਼ ਤੇ ਗਈ ਅਤੇ ਉਸਦਾ ਗੁੱਸਾ ਇਕਦਮ ਹੀ ਉਬਲ ਪਿਆ—'ਇਹ ਫਰਾਕ ਤੇ ਸਿਆਹੀ ਕਿਥੋਂ ਲਾਈ ਹੈ?"

ਗੀਤਾ ਸੁਣ ਕੇ ਸੁੰਨ ਹੋ ਗਈ। ਕੁਝ ਬੋਲਣਾ ਚਾਹੁੰਦੇ ਹੋਏ ਵੀ ਉਸਦੇ ਗਲ ਵਿਚੋਂ ਬੋਲ ਨਹੀਂ ਨਿਕਲਿਆ।

—'ਬੋਲਦੀ ਕਿਉਂ ਨਹੀਂ? ਗੂੰਗੀ ਹੋ ਗਈ? ਹਰਾਮਜ਼ਾਦੀ! ਕਿਉਂ ਤੂੰ ਮੇਰੀ ਜਾਨ ਪਿੱਛੇ ਪਈ ਹੈਂ? ਜੰਮਦਿਆਂ ਹੀ ਮਰ ਕਿਉਂ ਨਹੀਂ ਗਈ। ਬੋਲ! ਨਵੀਂ ਫਰਾਕ ਦਾ ਕਿਵੇਂ ਨਾਸ ਕੀਤਾ ਹੈ। ਸਿਆਹੀ ਵੀ ਕਿਉਂ ਡੋਲ੍ਹੀ ਹੈ ਮੁਫ਼ਤ ਆਈ ਹੈ। ਹੁਣ ਬਣਵਾਈ ਤੂੰ ਫਰਾਕ ਕਰਮਾਂ ਸੜ੍ਹੀਏ! ਨਾਲੇ ਤੈਨੂੰ ਮੰਗਵਾ ਕੇ ਦਊਂ ਸਿਆਹੀ!'

ਗੀਤਾ ਦੀਆਂ ਅੱਖਾਂ ਵਿਚ ਅੰਦਰ ਹੀ ਅੰਦਰ ਹੰਝੂ ਭਰ ਆਏ ਮਾਂ ਦਾ ਚੀਕ ਚਿਹਾੜਾ ਸੁਣ ਕੇ ਅੰਦਰੋਂ ਰੀਤਾ, ਵਿਜੇ ਅਤੇ ਸੀਤਾ ਵੀ ਦਰਾਂ ਤੇ ਆ ਖੜ੍ਹੇ ਹੋਏ ਅਤੇ ਸਹਿਮੀ ਸਹਿਮੀ ਨਜ਼ਰ ਨਾਲ ਗੀਤਾ ਵੱਲੀਂ ਵੇਖਣ ਲੱਗੇ। ਅੰਦਰ ਕਮਰੇ ਵਿਚ ਸੁੱਤੀ ਹੋਈ ਛੇ ਵਰ੍ਹਿਆਂ ਦੀ ਬਿੰਦੀ ਵੀ ਇਕ ਦਮ ਉਠ ਬੈਠੀ ਅਤੇ ਨੇੜੇ ਤੇੜੇ ਕਿਸੇ ਨੂੰ ਨਾ ਦੇਖ ਕੇ ਉਸਨੇ ਵੀ ਰੋਣਾ ਸ਼ੁਰੂ ਕਰ ਦਿਤਾ। ਛੋਟੇ ਭੈਣ ਭਾਈਆਂ ਨੂੰ ਇਸ ਤਰ੍ਹਾਂ ਨੇੜੇ ਖੜਾ ਦੇਖ ਕੇ ਗੀਤਾ ਦੀਆਂ ਅੱਖਾਂ ਵਿਚ ਰੋਕੇ ਹੰਝੂ ਇਕ ਦਮ ਧਾਰ ਬਣ ਕੇ ਵਹਿ ਤੁਰੇ ਅਤੇ ਸਿਰਫ ਝੁਕਾ ਕੇ ਉਹ ਪੈਰ ਦੇ ਅੰਗੂਠੇ ਨਾਲ ਫਰਸ਼ ਦੇ ਉਖੜੇ ਹੋਏ ਸੀਮੇਂਟ ਨੂੰ ਕੁਰੇਦਣ ਲੱਗੀ।

—'ਲੱਗੀ ਐ ਰੋਣ ਹਰਾਮਜ਼ਾਦੀ! ਕਿਵੇਂ ਗੱਲ ਗੱਲ ਤੇ ਰੋਣਾ ਸੁਝਦੇ। ਬੋਲੇਂਗੀ ਜਾਂ ਮਾਰਾਂ ਚਿਮਟਾ!"

ਏਨਾ ਸੁਣਦੇ ਹੀ ਗੀਤਾ ਫੁਟ ਫੁਟ ਰੋਣ ਲੱਗੀ ਅਤੇ ਹੰਝੂਆਂ ਭਰੀ ਆਵਾਜ਼ 'ਚ ਬੋਲੀ—ਮੈਂ ਥੋੜਾ ਡੋਲ੍ਹੀ ਹੈ ਸਿਆਹੀ। ਵਿਜੇ ਨੇ ਡੋਲ੍ਹੀ ਹੈ।' ਉਸਦੇ ਇਸ ਤਰ੍ਹਾਂ ਜ਼ੋਰ ਨਾਲ ਰੋ ਉਠਣ ਅਤੇ ਉਸਦੀ ਅਵਾਜ਼ ਦੀ ਤੇਜ਼ੀ ਨੇ ਨਿਰਮਲਾ ਦੇ ਕ੍ਰੋਧ ਦੀ ਅੱਗ ਤੇ ਘਿਉ ਦਾ ਕੰਮ ਕੀਤਾ ਅਤੇ ਹੱਥਲੇ ਭਾਂਡੇ ਉਥੇ ਹੀ ਛੱਡ ਕੇ ਤੇਜ਼ੀ ਨਾਲ ਰਸੋਈ ਤੋਂ ਬਾਹਰ ਆਈ ਅਤੇ ਦੋ ਤਿੰਨ ਘਸੁੰਨ ਗੀਤਾ ਦੀ ਪਿੱਠ ਤੇ ਜ਼ੋਰ ਨਾਲ ਮਾਰੇ—'ਠਹਿਰ ਰੰਡੀਏ! ਤੈਨੂੰ ਮੈਂ ਰੋਣਾ ਸਿਖਾਉਨੀ ਆਂ। ਤੂੰ ਬਹੁਤੀ ਰੋ ਕੇ ਡਰਾਉਣ ਲੱਗੀ ਐਂ।' ਅਤੇ ਗੀਤਾ ਨੂੰ ਉਥੇ ਹੀ ਛੱਡ ਕੇ ਉਹ ਵਿਜੇ ਵੱਲ ਲਪਕੀ ਜੋ ਦਰਵਾਜ਼ਾ ਫੜੀ ਖੜ੍ਹਾ ਸੀ। ਮਾਂ ਨੂੰ ਇਸ ਤਰ੍ਹਾਂ ਆਪਣੇ

ਵੱਲ ਆਉਂਦੇ ਦੇਖ ਵਿਜੇ ਪਹਿਲਾਂ ਹੀ ਜ਼ੋਰ ਜ਼ੋਰ ਨਾਲ ਰੋਣ ਲੱਗਾ ਅਤੇ ਮਿਲਣ ਵਾਲੇ ਇਨਾਮਾਂ ਨੂੰ ਆਪਣੇ ਛੋਟੇ ਛੋਟੇ ਹੱਥ ਉਤੇ ਕਰਕੇ ਰੋਕਣ ਦਾ ਅਸਫਲ ਯਤਨ ਕਰਨ ਲੱਗਾ ਬੋਲਿਆ—'ਮੈਂ ਨਹੀਂ ਤੋੜੀ, ਮੈਂ ਨਹੀਂ ਤੋੜੀ, ਭੈਣ ਝੂਠ ਬੋਲਦੀ ਹੈ, ਮਾਂ।'

ਪਰ ਨਿਰਮਲਾ ਕੋਲ ਉਸਦੀ ਗੱਲ ਸੁਨਣ ਦਾ ਵਿਹਲ ਕਿਥੇ ਸੀ। ਲਗਾਤਾਰ ਦੋ ਤਿੰਨ ਘਸੁੰਨ ਵਿਜੇ ਦੀ ਪਿੱਠ ਤੇ ਜਮਾ ਕੇ ਉਸ ਦਾ ਧਿਆਨ ਬਿੱਟੀ ਵੱਲ ਚਲਾ ਗਿਆ ਜੋ ਕਮਰੇ 'ਚ ਪਈ ਚੀਕਾਂ ਮਾਰ ਰਹੀ ਸੀ। ਉਹਨੂੰ ਗੋਦੀ 'ਚ ਚੁੱਕ ਇਕ ਦੋ ਪਲ ਉਸ ਨੇ ਉਸ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਬਿੱਟੀ ਸੀ ਕਿ ਰੋਈ ਤੁਰੀ ਜਾਂਦਾ ਸੀ। ਆਖਰ ਤੰਗ ਆ ਕੇ ਉਸ ਨੇ ਉਸਨੂੰ ਮੰਜੇ ਤੇ ਦੇ ਮਾਰਿਆ ਅਤੇ ਝੁੰਝਲਾ ਕੇ ਬੋਲੀ—'ਮਰ ਜਾ ਰੰਡੀਏ ਤੂੰ ਵੀ ਨਾ ਜਾਣੇ ਕਿਥੋਂ ਆ ਗਈ ਹੈ ਮੇਰੀ ਜਾਨ ਜਲਾਉਨ ਨੂੰ। ਤੁਸੀਂ ਸਾਰੇ ਦੇ ਸਾਰੇ ਮਰ ਕਿਉਂ ਨਹੀਂ ਜਾਂਦੇ। ਮੈਨੂੰ ਤਾਂ ਛੁੱਟੀ ਮਿਲੇ।' ਅਤੇ ਇਹ ਕਹਿ ਕੇ ਉਹ ਫੇਰ ਰਸੋਈ 'ਚ ਜਾ ਕੇ ਭਾਂਡੇ ਧੋਣ ਲੱਗੀ ਅਤੇ ਮੰਜੀ ਤੇ ਪਈ ਬਿੱਟੀ ਚੀਖ ਚੀਖ ਕੇ ਰੋਂਦੀ ਰਹੀ ਅਤੇ ਬਾਹਰ ਵਿਹੜੇ ਵਿਚ ਗੀਤਾ ਅਤੇ ਵਿਜੇ ਹੌਲੀ ਹੌਲੀ ਰੋਂਦੇ ਰਹੇ ਅਤੇ ਰੀਤਾ ਤੇ ਸੀਤਾ ਕਮਰੇ ਦੇ ਖੂੰਜੇ ਵਿਚ ਦੁਬਕੇ ਹੋਏ ਸਹਿਮੇ ਬੈਠੇ ਰਹੇ।

ਕਿਸੇ ਨੇ ਕਿਹਾ ਕਿ ਔਲਾਦ ਦਾ ਸੁੱਖ ਹੈ। ਸੁੱਖਾਂ ਹੈ ਪਰ ਨਿਰਮਲਾ ਦਾ ਖਿਆਲ ਹੈ ਕਿ ਉਸਦੀ ਜ਼ਿੰਦਗੀ ਦੇ ਸਾਰੇ ਸੁੱਖਾਂ ਨੂੰ ਜੇ ਕਿਸੇ ਨੇ ਲੁਟਿਆ ਹੈ ਤਾਂ ਇਸ ਔਲਾਦ ਨੇ। ਅਜੇ ਉਸ ਦੀ ਉਮਰ ਹੀ ਕੀ ਸੀ। ਮੁਸ਼ਕਿਲ ਨਾਲ ਤੀਹ ਬੱਤੀ ਸਾਲ! ਤੇਰ੍ਹਵਾਂ ਸਾਲ ਹੀ ਤਾਂ ਸੀ ਉਸ ਦੇ ਵਿਆਹ ਦਾ! ਅਤੇ ਇਨ੍ਹਾਂ ਤੇਰਾਂ ਵਰ੍ਹਿਆਂ ਵਿਚ ਉਹ ਇਕ ਇਕ ਕਰਕੇ ਅੱਠ ਬੱਚਿਆਂ ਨੂੰ ਜਨਮ ਦੇ ਚੁੱਕੀ ਸੀ। ਅੱਠਾਂ ਵਿਚੋਂ ਦੋ ਦਾ ਤਾਂ ਉਸ ਉਪਰ ਸ਼ਾਇਦ ਕੁਝ ਘੱਟ ਕਰਜ਼ਾ ਸੀ, ਇਸ ਲਈ ਉਹ ਕੇਵਲ ਨੌਂ ਨੌਂ ਮਹੀਨੇ ਉਸਦੇ ਗਰਭ ਵਿਚ ਰਹਿ ਕੇ ਅਤੇ ਪ੍ਰਸੂਤ ਦੀ ਤਿੱਖੀ ਪੀੜ ਦੇ ਕੇ ਥੋੜੇ ਦਿਨਾਂ ਵਿਚ ਹੀ ਕਾਲ-ਵਸ ਹੋ ਗਈਆਂ ਸੀ। ਬਾਕੀ ਛੇ ਹਨ-ਅਜੇ, ਗੀਤਾ, ਵਿਜ, ਰੀਤਾ, ਸੀਤਾ ਤੇ ਬਿੱਟੀ,, ਜਿਨ੍ਹਾਂ ਬਾਰੇ ਵੀ ਨਿਰਮਲਾ ਦਾ ਖਿਆਲ ਹੈ ਕਿ ਉਹ ਕੇਵਲ ਉਸ ਦੇ ਪ੍ਰਾਣਾਂ ਨੂੰ ਤੰਗ ਕਰਨ ਲਈ ਹੀ ਪੈਦਾ ਹੋਏ ਹਨ। ਇਨ੍ਹਾਂ ਪਿਛਲੇ ਤੇਰ੍ਹਾਂ ਵਰ੍ਹਿਆਂ ਵਿਚ ਉਸ ਦਾ ਇਕ ਇਕ ਦਿੰਨ ਜਾਂ ਤਾਂ ਗਰਭ ਵਿਚ ਔਲਾਦ ਨੂੰ ਪਾਲਣ ਵਿਚ ਜਾਂ ਉਨ੍ਹਾਂ ਨੂੰ ਆਪਣੀ ਛਾਤੀ ਦਾ ਖੂਨ ਪਿਆਉਣ ਵਿਚ ਹੀ ਬੀਤਿਆ ਹੈ। ਆਪਣੇ ਵਰਤਮਾਨ ਜੀਵਨ ਦੇ ਪ੍ਰਤੀ ਨਿਰਮਲਾ ਦਾ ਅਸੰਤੋਸ਼ ਅਤੇ ਝੁੰਜਲਾਹਟ ਹੋਰ ਵੀ ਵਧ ਜਾਂਦੇ ਜਦ ਉਸ ਨੂੰ ਅੱਜ ਤੋਂ ਤੇਰ੍ਹਾਂ ਚੌਦਾਂ ਵਰ੍ਹੇ ਪਹਿਲਾਂ ਦੇ ਦਿਨ ਯਾਦ ਆ ਜਾਂਦੇ ਜਾਂ ਕਦੀ ਕਪੜਿਆਂ ਦੇ ਬਕਸੇ ਨੂੰ ਉਲਟ ਪੁਲੱਟ ਕਰਦੇ ਵੇਲੇ ਉਨ੍ਹਾਂ ਹੇਠ ਦਬਿਆ ਹੋਇਆ ਉਹ ਫੋਟੋ ਦਿਖਾਈ ਦੇ ਜਾਂਦਾ ਜੋ ਵਿਆਹ ਤੋਂ ਪਿਛੋਂ ਉਸ ਨੇ ਕਮਲ ਨਾਲ ਖਿਚਵਾਇਆ ਸੀ। ਹਾ, ਕੀ ਇਹ ਉਸਦੀ ਤਸਵੀਰ ਸੀ, ਇਹ ਖੱਡਿਆ ਵਿਚ ਧਸੀਆ ਹੋਈਆਂ ਬੀਮਾਰ ਜਹੀਆਂ ਨੀਰਸ ਅੱਖਾਂ ਕਦੇ ਏਨੀਆਂ ਚਮਕਦਾਰ ਅਤੇ ਰਸ ਨਾਲ ਭਰੀਆਂ ਹੋਈਆਂ ਸਨ, ਇਨ੍ਹਾਂ ਅੱਖਾਂ ਵਿਚ ਕਦੇ ਸ਼ਰਮ, ਕੌਤਕ-ਭਰਪੂਰ ਅਤੇ ਹੁਲਾਸ ਦਾ ਮਿਲਵਾਂ ਪ੍ਰਭਾਵ ਸੀ, ਇਹ ਸੁੱਕੇ ਤੇ ਪੱਖਰੀ ਜੰਮੇ ਹੋਂਠ ਵੀ ਕਦੇ ਏਨੇ ਰਸੀਲੀ ਅਤੇ ਸ਼ਰਮ ਭਰਪੂਰ ਮੁਸਕ੍ਰਾਹਟ ਬਿਖੇਰ ਸਕਦੇ ਸਨ, ਲਟਕਦੀਆਂ ਅਤੇ ਝੁਰੜੀਆਂ ਭਰੀਆਂ ਇਹ ਗਲਾਂ ਸਿਰਫ ਤੇਰਾਂ ਸਾਲ ਪਹਿਲਾਂ ਜਵਾਨੀ ਦੀ ਸ਼ਰਾਬ ਨਾਲ ਇਸ ਤਰ੍ਹਾਂ ਭਰੀਆਂ ਹੋਈਆਂ ਸਨ। 'ਹਾਏ! ਕਿੰਨੀ ਤਬਦੀਲੀ ਆ ਗਈ। ਕਿਹੋ ਜਹੇ ਦਿਨ ਸਨ ਉਹ! ਜੁਆਨੀ ਦੀ ਮਸਤੀ ਨਾਲ ਭਰੇ ਹੋਏ, ਆਉਣ ਵਾਲੇ ਦਿਨਾਂ ਦੀ ਮਿੱਠੀ ਅਤੇ ਸੁਖ-ਭਰੀ ਕਲਪਨਾਂ ਦੇ ਭਾਰ ਨਾਲ ਅਲਸਾਏ ਹੋਏ! ਅਤੇ ਤਾਂ ਹੀ ਨਿਰਮਲ ਨੂੰ ਉਨ੍ਹਾਂ ਦਿਨਾਂ ਵਿਚੋਂ ਇਕ ਦਿਨ ਯਾਦ ਆਂ ਜਾਂਦਾ ਜਦ ਮਾਂ ਨੇ ਉਸਨੂੰ ਸਕੂਲ ਜਾਣ ਤੋਂ ਮਨ੍ਹਾਂ ਕਰ ਦਿੱਤਾ ਸੀ, ਸਾਰੇ ਘਰ ਦੀ ਸਫਾਈ ਕੀਤੀ ਗਈ ਸੀ, ਮੇਜ਼ਾਂ ਤੇ ਨਵੇਂ ਮੇਜ਼ਪੋਸ਼, ਕੁਰਸੀਆਂ ਤੇ ਨਵੀਆਂ ਗੱਦੀਆਂ ਅਤੇ ਪਲੰਘ ਤੇ ਨਵੀਂ ਚਾਦਰ, ਨਵੇਂ ਗਿਲਾਫ ਵਿਛਾਏ ਗਏ ਸਨ, ਦਰਵਾਜ਼ੇ ਤੇ ਖਿੜਕੀਆਂ ਦੇ ਪਰਦੇ ਵੀ ਧੋਤੇ ਗਏ ਸਨ, ਬੈਠਕ ਨੂੰ ਇਕ ਨਵਾਂ ਰੂਪ ਦੇ ਦਿਤਾ ਗਿਆ ਸੀ ਅਤੇ ਉਸਨੂੰ ਦੱਸਿਆ ਗਿਆ ਸੀ ਕਿ ਉਸ ਨੂੰ ਵੇਖਣ ਲਈ ਉਸ ਦਾ ਹੋਣ ਵਾਲਾ ਲਾੜਾ ਆ ਰਿਹਾ ਸੀ ਕਿੰਨੀ ਸ਼ਰਮਈ ਸੀ ਉਹ ਉਸ ਦਿਨ ਅਤੇ ਸ਼ਰਮ ਨਾਲ ਸੁਕੜੀ-ਸਿਮਟੀ ਹੌਲੇ ਕਦਮੀ ਜਦ ਉਹ ਬੈਠਕ ਵਿਚ ਜਾ ਕੇ ਕੁਰਸੀ ਤੇ ਬੈਠੀ ਸੀ ਤਾਂ ਉਸ ਨੂੰ ਲੱਗਿਆ ਸੀ ਜਿਵੇਂ ਧਰਤੀ ਵਿਚ ਧੱਸਦੀ ਜਾ ਰਹੀ ਹੋਵੇ। ਉਸ ਦੀਆਂ ਅੱਖਾਂ ਫਰਸ਼ ਤੇ ਗਡੀਆਂ ਹੋਈਆਂ ਸਨ, ਪਰ ਉਸਨੂੰ ਚੰਗੀ ਤਰਾਂ ਮਹਿ-ਸੂਸ ਹੋ ਰਿਹਾ ਸੀ ਕਿ ਕੋਈ ਦੋ ਅੱਖਾਂ ਉਸਨੂੰ ਚੁੱਪ ਕੀਤੀਆਂ ਤੱਕ ਰਹੀਆਂ ਹਨ ਅਤੇ ਉਸਦੇ ਦਿਲ ਵਿਚ ਹਲਕੀਆਂ ਹਲਕੀਆਂ ਸੂਈਆਂ ਜਿਹੀਆਂ ਚੁਭਣ ਲੱਗੀਆਂ ਸਨ। ਫਿਰ ਨਾ ਜਾਣੇ ਕਿਵੇਂ ਹੌਂਸਲਾ ਕਰਕੇ ਉਸ ਨੇ ਇੱਕ ਪਲ ਨੂੰ ਆਪਣੀਆਂ ਭਾਰੀ ਭਾਰੀ ਪਲਕਾਂ ਉਠਾ ਕੇ ਸਾਹਮਣੇ ਦੇਖਿਆ ਸੀ ਅਤੇ ਹੱਸਦੀਆਂ ਹੋਈਆਂ ਦੋ ਅੱਖਾਂ ਦੀ ਦ੍ਰਿਸ਼ਟੀ ਤੋਂ ਸ਼ਰਮਾ ਕੇ ਉਹ ਹੋਰ ਵੀ ਸਿਮਟ ਗਈ ਸੀ, ਨਜ਼ਰ ਹੋਰ ਵੀ ਡੂੰਘੀ ਜ਼ਮੀਨ ਵਿੱਚ ਗੱਡੀ ਗਈ ਸੀ, ਦੋਨੋਂ ਗੱਲ੍ਹਾਂ ਇਕ ਦਮ ਲਾਲ ਅੰਗਾਰਿਆਂ ਦੀ ਤਰ੍ਹਾਂ ਭਖ ਉਠੀਆਂ ਸਨ ਅਤੇ ਉਸ

ਇਹ ਪਲ ਕਦੀ ਉਸਨੂੰ ਲੱਗਿਆ ਸੀ ਜਿਵੇਂ ਉਸੀ ਜੁਆਨੀ ਦੇ ਸਾਰੇ ਸੁਪਨੇ ਸਾਕਾਰ ਹੋ ਉਠੇ ਹਨ। ਉਸ ਇਕ ਪਲ ਵਿਚ ਉਸਨੇ ਜੋ ਤਸਵੀਰ ਦੇਖੀ ਸੀ ਕੀ ਉਸ ਤੋਂ ਵੱਧ ਸੁਹਣਾ ਹੋਰ ਕੁਝ ਦੇਖਣ ਦੀ ਉਸਨੇ ਕਦੀ ਤਮੰਨਾ ਵੀ ਕੀਤੀ ਸੀ? ਕਿੰਨਾ ਸੁੰਦਰ ਰੂਪ ਸੀ—ਵਧੀਆ ਸੰਭਾਲੇ ਚਮਕੀਲੇ ਕਾਲੇ ਵਾਲ, ਹੱਸਦੀਆਂ ਮੋਟੀਆਂ ਮੋਟੀਆਂ ਅੱਖਾਂ, ਚਿੱਟਾ ਰੰਗ, ਮੁਸਕ੍ਰਾਹਟ 'ਚ ਭਿੱਜੇ ਹੋਏ ਦੋ ਹੋਂਠ ਅਤੇ ਹੋਂਠਾਂ ਦੇ ਉਪਰ ਪਤਲੀ ਪਤਲੀ ਛਾਂਟੀ ਹੋਈ ਮੁੱਛਾਂ ਦੀ ਕਾਲੀ ਲਕੀਰ, ਗੱਠਿਆ ਹੋਇਆ ਸਰੀਰ ਅਤੇ ਉਸ ਸਰੀਰ ਨੂੰ ਸਜਾਉਂਦਾ ਹੋਇਆ ਨੀਲੀਆਂ ਧਾਰੀਆਂ ਵਾਲਾ ਸੂਟ, ਅਤੇ ਸੂਟ ਨਾਲ ਮੇਲ ਖਾਂਦੀ ਹੋਈ ਟਾਈ—ਨਿਰਮਲਾ ਦੇ ਮਨ ਵਿਚ ਅਲਸਾਈਆਂ ਅਲਸਾਈਆਂ ਜਿਹੀਆਂ ਲਹਿਰਾਂ ਤਰੰਗ ਵਿਚ ਆ ਗਈਆਂ ਇਹ ਸਭ ਕੁਝ ਦੇਖ ਕੇ।

ਅਤੇ ਅਗਲੇ ਮਹੀਨੇ ਹੀ ਕਮਲ ਨਾਲ ਉਸਦੀ ਸ਼ਾਦੀ ਹੋ ਗਈ ਸੀ। ਅਤੇ ਸ਼ਾਦੀ ਤੋਂ ਪਿਛਲੇ ਉਹ ਦਿਨ ਨਿਰਮਲਾ ਦੀ ਜ਼ਿੰਦਗੀ ਦੇ ਸ਼ਹਿਦ ਦੀ ਮਿਠਾਸ ਵਰਗੇ ਦਿਨ ਸਨ। ਚਾਰੇ ਪਾਸੇ ਹਰਿਆ ਭਰਿਆ ਮੌਸਮ, ਜਿਧਰ ਦੇਖੋ ਰੰਗ-ਬਿਰੰਗੇ ਫੁੱਲ। ਕਿਤੇ ਕੋਈ ਸੋਕ ...ਾਂ, ਕਿਤੇ ਕੰਡਿਆਂ ਦੀ ਚੁਭਣ ਨਹੀਂ, ਨਿਰਮਲਾ ਸੋਚਦੀ ਉਸ ਤੋਂ ਵੱਧ ਕਿਹੜੀ ਔਰਤ ਖੁਸ਼ ਹੋਵੇਗੀ! ਕਮਲ ਦੇ ਦਿਲ ਦੀ ਹੀ ਉਹ ਇਕੱਲੀ ਰਾਣੀ ਨਹੀਂ ਸੀ ਸਗੋਂ ਆਪਣੇ ਉਸ ਛੋਟੇ ਜਿਹੇ ਘਰ ਦੀ ਇਕੱਲੀ ਮਾਲਕ ਸੀ ਉਹ। ਘਰ ਵਿਚ ਨਾ ਸੱਸ, ਨਾ ਸਹੁਰਾ, ਨਾ ਦਿਉਰ-ਜੇਠ ਤੇ ਨਾ ਨਣਦ। ਬੱਸ ਕਮਲ ਦੇ ਚਾਚਾ ਅਤੇ ਚਾਚੀ ਸਨ ਜਿਨ੍ਹਾਂ ਨੇ ਉਸਨੂੰ ਪੜ੍ਹਾਇਆ ਸੀ। ਪੜ੍ਹ ਲਿਖ ਕੇ ਕਮਲ ਜਦ ਨੌਕਰ ਹੋ ਗਿਆ ਅਤੇ ਦੂਜੇ ਸ਼ਹਿਰ ਵਿਚ ਇਕੱਲਾ ਰਹਿਣ ਲੱਗਾ ਸੀ ਤਾਂ ਉਸ ਦਾ ਵਿਆਹ ਕਰਕੇ ਜਿਵੇਂ ਉਹ ਆਪਣੇ ਆਖਰੀ ਕਰਜ਼ੇ ਤੋਂ ਮੁਕਤ ਹੋ ਗਏ ਸਨ। ਅਤੇ ਹੁਣ ਇਸ ਛੋਟੀ ਜਿਹੀ ਗ੍ਰਿਹਸਥੀ ਵਿਚ ਸਿਰਫ ਉਹ ਦੋਵੇਂ ਸਨ—ਇਕ ਰਾਜਾ ਤੇ ਇਕ ਰਾਣੀ! ਅਤੇ ਨਿਰਮਲਾ ਨੂੰ ਲੱਗਦਾ ਜਿਵੇਂ ਉਸਦੇ ਛੋਟੇ ਜਿਹੇ ਸੰਸਾਰ ਵਿਚ ਤਿੰਨੇ ਲੋਕ ਸਮਾ ਗਏ ਹਨ।

ਵਿਆਹ ਦੇ ਸਾਲ ਭਰ ਪਿਛੋਂ ਹੀ ਜਦ ਉਸਦੇ ਪਹਿਲੇ ਪ੍ਰਸੂਤ ਦੇ ਦਿਨ ਨੇੜੇ ਆ ਗਏ ਸਨ ਤਾਂ ਕਮਲ ਉਸਦਾ ਕਿੰਨਾ ਖਿਆਲ ਰੱਖਦਾ! ਉਸਦੀ ਹਰ ਇੱਛਾ ਪੂਰੀ ਕਰਨ ਨੂੰ ਸਦਾ ਤਿਆਰ ਰਹਿੰਦਾ ਖਾਣ ਲਈ ਤਰ੍ਹਾਂ ਤਰ੍ਹਾਂ ਦੇ ਫਲ ਮੇਵੇ ਲਿਆਉਂਦਾ ਕੋਈ ਕੰਮ ਨਾ ਕਰਨ ਦਿੰਦਾ ਰੋਟੀ ਬਣਾਉਣ ਅਤੇ ਘਰ ਦੇ ਹੋਰ ਕੰਮਾਂ ਲਈ ਉਸ ਨੇ ਇਕ ਨੌਕਰਾਣੀ ਰਖ ਲਈ ਸੀ ਚਾਚਾ ਜੀ ਦੀ ਚਿੱਠੀ ਆਈ ਸੀ ਤੇ ਬਹੂ ਨੂੰ ਉਹਨਾਂ ਕੋਲ ਛੱਡ ਜਾਉ—ਅਜੇਹੀ ਹਾਲਤ ਵਿਚ ਪ੍ਰਦੇਸ ਵਿਚ ਇਕੱਲਿਆਂ ਰਹਿਣਾ ਠੀਕ ਨਹੀਂ—ਉਧਰ ਨਿਰਮਲਾ ਦੇ ਮਾਂ ਪਿਉ ਵੀ ਨਿਰਮਲਾ ਨੂੰ ਬੁਲਾ ਰਹੇ ਸਨ ਪਰ ਕਮਲ ਨੇ ਕਿਸੇ ਦੀ ਨਾ ਸੁਣੀ ਇਕ ਪਲ ਵੀ ਉਹ ਉਸ ਤੋਂ ਵੱਖਰਾ ਨਹੀਂ ਰਹਿਣਾ ਚਾਹੁੰਦਾ ਸੀ ਅਤੇ ਪਰਸੂਤ ਦੇ ਸਮੇਂ ਉਸਨੇ ਨਿਰਮਲਾ ਨੂੰ ਸ਼ਹਿਰ ਦੇ ਸਭ ਤੋਂ ਚੰਗੇ ਨਰਸਿੰਗ ਹੋਮ ਵਿਚ ਦਾਖਲ ਕਰਵਾ ਦਿਤਾ ਸੀ ਜਿਥੇ ਡਾਕਟਰ ਅਤੇ ਨਰਸਾਂ ਉਸਦਾ ਹਮੇਸ਼ਾ ਖਿਆਲ ਕਰਦੇ।

ਨਿਰਮਲਾ ਨੂੰ ਯਾਦ ਹੈ ਜਦ ਉਹ ਗੋਦੀ ਵਿਚ ਅੱਠ ਦਿਨਾਂ ਦੇ ਅਜੇ ਨੂੰ ਲੈ ਕੇ ਹਸਪਤਾਲ ਤੋਂ ਘਰ ਆਈ ਸੀ ਤਾਂ ਕਿੰਨੀਆਂ ਖੁਸ਼ੀਆਂ ਮਨਾਈਆਂ ਗਈਆਂ ਸਨ। ਕਿੰਨੇ ਸ਼ਗਨ ਕੀਤੇ ਗਏ ਸਨ। ਕਮਲ ਦੇ ਚਾਚਾ ਆ ਗਏ ਸਨ ਅਤੇ ਨਿਰਮਲਾ ਦੇ ਘਰ ਉਸਦੇ ਪਿਤਾ ਜੀ ਬਹੁਤ ਸਾਮਾਨ ਲੈ ਕੇ ਆਏ ਸਨ। ਤਰ੍ਹਾਂ ਤਰ੍ਹਾਂ ਦੇ ਕੱਪੜੇ, ਸਾੜ੍ਹੀਆਂ, ਬੱਚਿਆਂ ਦੇ ਕੱਪੜੇ, ਖਿਲਾਉਣੇ, ਮਠਿਆਈਆਂ, ਫਲ, ਮੇਵੇ ਅਤੇ ਹੋਰ ਨਾ ਜਾਣੇ ਕੀ ਕੀ ਲੈ ਆਏ ਸਨ? ਨਿਰਮਲਾ ਲਈ ਖਾਸ ਉਸਦੀ ਮਾਂ ਨੇ ਆਪਣੇ ਹੱਥਾਂ ਦੇ ਬਣਾਏ ਹੋਏ ਵਧੀਆ ਘਿਉ ਦੇ ਲੱਡੂਆਂ ਦਾ ਇਕ ਪੀਪਾ ਭੇਜਿਆ ਸੀ। ਏਨਾ ਮਾਣ ਅਤੇ ਪਿਆਰ-ਨਿਰਮਲਾ ਖੁਸ਼ੀ ਵਿਚ ਫੂਲੀ ਨਹੀਂ ਸੀ ਸਮਾਉਂਦੀ।

ਪਰ ਅਜੇ ਨੂੰ ਸਾਲ ਭਰ ਦਾ ਹੋਇਆਂ ਅਜੇ ਮੁਸ਼ਕਲ ਨਾਲ ਤਿੰਨ ਮਹੀਨੇ ਹੀ ਹੋਏ ਸਨ ਕਿ ਨਿਰਮਲਾ ਦੇ ਦਿਨ ਫਿਰ ਪੂਰੇ ਹੋ ਗਏ। ਪਿਛਲੀ ਵਾਰ ਨਰਸਿੰਗ ਹੋਮ ਵਿਚ ਨਿਰਮਲਾ ਨੂੰ ਭਰਤੀ ਕਰਾਉਣ ਵੱਲੋਂ ਕਮਲ ਨੂੰ ਐਨਾ ਖਰਚ ਕਰਨਾ ਪਿਆ ਸੀ ਕਿ ਦੁਬਾਰਾ ਉਥੇ ਲਿਜਾਣ ਦੀ ਉਸਦੀ ਹਿੰਮਤ ਨਾ ਪਈ ਅਤੇ ਏਸ ਵਾਰ ਉਸ ਨੇ ਆਪਣੇ ਘਰ ਹੀ ਸਾਰਾ ਪ੍ਰਬੰਧ ਕਰ ਲਿਆ। ਕੰਮ ਕਾਰ ਵਿਚ ਮਦਦ ਕਰਨ ਲਈ ਉਸ ਨੇ ਆਪਣੀ ਚਾਚੀ ਨੂੰ ਬੁਲਾ ਲਿਆ ਅਤੇ ਇਕ ਦਾਈ ਦੀ ਦੇਖ ਭਾਲ ਵਿਚ ਨਿਰਮਲਾ ਨੇ ਗੀਤਾ ਨੂੰ ਜਨਮ ਦਿਤਾ ਇਕ ਤਾਂ ਦੂਜਾ ਮੌਕਾ ਹੋਣ ਕਾਰਨ, ਦੂਜਾ ਕੁੜੀ ਹੋਣ ਕਾਰਨ ਇਸ ਵਾਰ ਕੋਈ ਖੁਸ਼ੀ ਨਾ ਮਨਾਈ ਗਈ ਫਿਰ ਵੀ ਨਿਰਮਲਾ ਦੇ ਖਾਣ ਪੀਣ ਅਤੇ ਉਸਦੇ ਆਰਾਮ ਲਈ ਕਮਲ ਨੇ ਕੋਈ ਵੀ ਕਮੀ ਨਾ ਆਉਣ ਦਿਤੀ।

ਅਤੇ ਇਸ ਤਰ੍ਹਾਂ ਸਾਲ ਡੇਢ ਸਾਲ ਬਾਅਦ ਹੀ ਨਵੇਂ ਬੱਚੇ ਜੰਮਣ ਦਾ ਸਿਲਸਿਲਾ ਇਕ ਵਾਰ ਜਿਉਂ ਚਾਲੂ ਹੋਇਆ ਤਾਂ ਉਹਨੇ ਰੁਕਣ ਦਾ ਨਾਂ ਹੀ ਨਾ ਲਿਆ, ਪਹਿਲੇ ਬੱਚੇ ਨੂੰ ਨਿਰਮਲਾ ਅਜੇ ਠੀਕ ਤਰ੍ਹਾਂ ਸੰਭਾਲਣ ਯੋਗ ਵੀ ਨਾ ਹੁੰਦੀ ਕਿ ਦੂਜੇ ਦੀ ਤਿਆਰੀ ਹੋ ਜਾਂਦੀ ਅਤੇ ਕਮਲ ਹੁਣ ਇਸੇ ਵਿਚ ਏਨਾ ਅਭਿਆਸੀ ਹੋ ਗਿਆ ਸੀ ਕਿ ਹੌਲੀ ਹੌਲੀ ਉਹਦੀ ਅਭਿਆਸਤਾ ਉਦਾਸੀ ਵਿਚ

ਬਦਲ ਗਈ। ਜਦ ਕਿ ਨਿਰਮਲਾ ਨੂੰ ਹੁਣ ਵੀ ਪਹਿਲਾਂ ਦੀ ਤਰ੍ਹਾਂ ਬੱਚੇ ਨੂੰ ਨੌਂ ਮਹੀਨੇ ਗਰਭ ਵਿਚ ਰੱਖਣਾ ਪੈਂਦਾ, ਪਰਸੂਤ ਸਮੇਂ ਉਸਦੀ ਪੀੜ ਵੀ ਘੱਟ ਨਾ ਹੁੰਦੀ ਪਰ ਹੁਣ ਉਸਦੀ ਏਨੀ ਦੇਖਭਾਲ ਨਾ ਹੁੰਦੀ ਜਿੰਨੀ ਅਜੇ ਦੇ ਜਨਮ ਵੇਲੇ ਹੋਈ ਸੀ। ਬੱਚਾ ਪੈਦਾ ਕਰਨਾ ਜਿਵੇਂ ਔਰਤ ਦਾ ਸਾਧਾਰਨ ਧਰਮ ਹੈ ਅਤੇ ਇਸ ਵਿਚ ਨਿਰਮਲਾ ਦੀ ਜਿਵੇਂ ਕੋਈ ਵਿਸ਼ੇਸ਼ਤਾ ਨਹੀਂ ਹੈ—ਕਮਲ ਨੇ ਸਮਝ ਲਿਆ ਸੀ ਅਤੇ ਜਦ ਉਸਦੇ ਦਿਨ ਪੂਰੇ ਨੂੰ ਹੋਣ ਲੱਗਦੇ ਕਮਲ ਜਾਂ ਤਾਂ ਚਾਚੀ ਨੂੰ ਬੁਲਵਾ ਲੈਂਦਾ ਅਤੇ ਕਿਉਂਕਿ ਚਾਚੀ ਵੀ ਵਾਰ ਵਾਰ ਆਪਦੀ ਗ੍ਰਹਿਸਥੀ ਨੂੰ ਛੱਡ ਕੇ ਆ ਨਹੀਂ ਸੀ ਸਕਦੀ ਇਸ ਲਈ ਉਹ ਖਾਣਾ ਆਦਿ ਬਨਾਉਣ ਲਈ ਆਰਜ਼ੀ ਤੌਰ ਤੇ ਨੌਕਰਾਣੀ ਰਖ ਲੈਂਦਾ। ਪਰ ਨੌਕਰਾਣੀ ਉਤੇ ਵੀ ਤਾਂ ਘਰ ਦਾ ਸਾਰਾ ਭਾਰ ਨਹੀਂ ਪਾਇਆ ਜਾ ਸਕਦਾ ਸੀ, ਆਖਰ ਦੂਜੇ ਵੀ ਛੋਟੇ ਛੋਟੇ ਬੱਚਿਆਂ ਦੀ ਦੇਖ ਭਾਲ ਕਰਨੀ ਹੈ, ਇਸ ਲਈ ਨਿਰਮਲਾ ਪੂਰੇ ਦਿਨਾਂ ਵਿਚ ਵੀ ਘਰ ਦੇ ਅਨੇਕਾਂ ਕੰਮਾਂ ਵਿਚ ਜੁਟੀ ਰਹਿੰਦੀ। ਅਤੇ ਅਜਿਹੇ ਹੀ ਕੰਮ ਕਰਦਿਆਂ ਕਰਦਿਆਂ ਜਦ ਨਿਰਮਲਾ ਨੂੰ ਪਰਸੂਤ ਦੀਆਂ ਪੀੜਾਂ ਸ਼ੁਰੂ ਹੋਣ ਲਗਦੀਆਂ ਤਾਂ ਉਹ ਅੰਦਰ ਡਾਹੇ ਮੰਜੇ ਤੇ ਜਾ ਕੇ ਪੈ ਜਾਂਦੀ ਅਤੇ ਕਿਸੇ ਨੂੰ ਭੇਜ ਕਿ ਗੁਆਂਢ ਵਿਚੋਂ ਲੱਛ ਤਾਈ ਨੂੰ ਬੁਲਵਾ ਲੈਂਦੀ ਦਾਈ ਵੀ ਆ ਜਾਂਦੀ ਜਿਸ ਸਮੇਂ ਬੰਦ ਕੋਠੜੀ ਵਿਚ ਪਈ ਹੋਈ ਨਿਰਮਲਾ ਪਰਸੂਤ ਦੀਆਂ ਅਸਹਿ ਪੀੜਾਂ ਨਾਲ ਜ਼ੋਰ ਜ਼ੋਰ ਕਰਾਹ ਰਹੀ ਹੁੰਦੀ ਤਾਂ ਉਸ ਸਮੇਂ ਕਮਲ ਜਾਂ ਤਾਂ ਦਫਤਰ ਵਿਚ ਆਪਣਾ ਪੈਨ ਘਸਾ ਰਿਹਾ ਹੁੰਦਾ ਤੇ ਜੇ ਰਾਤ ਦਾ ਸਮਾਂ ਹੁੰਦਾ ਤਾਂ ਬਾਹਰ ਵਿਹੜੇ ਵਿਚ ਵਿਛਾਏ ਮੰਜੇ ਤੇ ਸਿਰ ਢਕ ਕੇ ਸੌਂ ਰਿਹਾ ਹੁੰਦਾ। ਅਤੇ ਬੱਚਾ ਹੋ ਜਾਣ ਤੋਂ ਪਿਛੋਂ ਨਿਰਮਲਾ ਕਮਜ਼ੋਰ ਸਰੀਰ ਨੂੰ ਪੂਰਾ ਆਰਾਮ ਵੀ ਨਾ ਦੇ ਸਕਦੀ ਉਹ ਉਸਨੂੰ ਫਿਰ ਗ੍ਰਹਿਸਥੀ ਦੇ ਧੰਦਿਆਂ ਵਿਚ ਜੁਟ ਜਾਣਾ ਪੈਂਦਾ। ਪੂਰੀ ਕਤਾਰ ਲੱਗੀ ਹੈ—ਕਿਸੇ ਦੇ ਦੰਦ ਨਿਕਲ ਰਹੇ ਹਨ, ਕਿਸੇ ਨੂੰ ਦਸਤ ਲੱਗੇ ਹਨ, ਕੋਈ ਬੁਖਾਰ ਨਾਲ ਪਿਆ ਹੈ ਤੇ ਕੋਈ ਭੱਜਦਿਆਂ ਭੱਜਦਿਆਂ ਡਿੱਗ ਪਿਆ ਹੈ ਅਤੇ ਉਸਦੇ ਗੋਡਿਆਂ ਵਿਚੋਂ ਅਤੇ ਸਿਰ ਤੋਂ ਖੂਨ ਵਗ ਰਿਹਾ ਹੈ ਆਖਰ ਕਿਸ ਕਿਸਨੂੰ ਸੰਭਾਲੇ ਨਿਰਮਲਾ, ਅਤੇ ਲਗਾਤਾਰ ਵਧਦੇ ਹੋਏ ਸਾਲਾਂ ਦੇ ਨਾਲ ਨਿਰਮਲਾ ਦੀ ਸੰਤਾਨ ਦੀ ਗਿਣਤੀ ਜਦ ਵਧਣ ਲੱਗੀ—ਅਤੇ ਕਮਲ ਦੇ ਵਧਦੇ ਹੋਏ ਫਿਕਰ ਨਾਲ ਉਸਦੀਆਂ ਪਰੇਸ਼ਾਨੀਆਂ ਵੀ ਵੱਧਦੀਆਂ ਗਈਆਂ ਅਤੇ ਉਸਦੀ ਸਿਹਤ ਦਿਨੋਂ-ਦਿਨ ਖਰਾਬ ਹੁੰਦੀ ਗਈ ਤੇ ਨਿਰਮਲਾ ਨੂੰ ਆਪਣੀ ਜ਼ਿੰਦਗੀ ਭਾਰ ਲਗਣ ਲਗੀ ਉਸਦੇ ਦਿਲ ਦਾ ਸਾਰਾ ਰੱਸ ਅਤੇ ਸਰੀਰ ਦਾ ਸਾਰਾ ਤਨ ਖਤਮ ਹੋ ਗਿਆ ਸੁਭਾਅ ਅਤੇ ਬੋਲੀ ਦੀ ਮਿਠਾਸ ਪਤਾ ਨਹੀਂ ਕਿਥੇ ਚਲੀ ਗਈ ਅਤੇ ਉਸਦੇ ਵਰਤਾਅ ਵਿਚ ਇਕ ਅਜੀਬ ਤਰ੍ਹਾਂ ਦਾ ਚਿੜਚਿੜਾਪਨ ਭਰ ਗਿਆ। ਰਸੋਈ ਦਾ ਸਾਰਾ ਕੰਮ ਨਿਬੇੜ ਕੇ ਅਤੇ ਕੱਪੜਿਆਂ ਦਾ ਵੱਡਾ ਸਾਰਾ ਢੇਰ ਧੋ ਕੇ, ਧੁੱਪੇ ਸੁੱਕਣੇ ਪਾ ਕੇ ਜਦੋਂ ਨਿਰਮਲਾ ਕਮਰੇ ਵਿਚ ਆਈ ਤਾਂ ਉਸਨੇ ਦੇਖਿਆ ਕਿ ਉਥੇ ਚੁੱਪ ਵਰਤੀ ਹੋਈ ਹੈ। ਬਿੱਟੀ ਨੂੰ ਗੀਤਾ ਨੇ ਥਾਪੜ ਕੇ ਸੁਵਾ ਦਿੱਤਾ ਸੀ ਅਤੇ ਆਪ ਇਕ ਨੁੱਕਰ ਵਿਚ ਬੈਠੀ ਸਕੂਲ ਦਾ ਕੰਮ ਕਰ ਰਹੀ ਸੀ ਨੇੜੇ ਹੀ ਬੈਠਾ ਵਿਜੇ ਵੀ ਫੱਟੀ ਤੇ ਕਾਲੀ ਸਿਆਹੀ ਨਾਲ ਗਿਣਤੀ ਲਿਖ ਰਿਹਾ ਸੀ।

ਦੂਜੇ ਪਾਸੇ ਰੀਤਾ ਅਤੇ ਸੀਤਾ ਆਪਣੀਆਂ ਗੁੱਡੀਆਂ ਨਾਲ ਖੇਡਣ ਵਿਚ ਮਸਤ ਸਨ। ਨਿਰਮਲਾ ਥੱਕ ਕੇ ਬਿੱਟੀ ਦੇ ਕੋਲ ਮੰਜੀ ਤੇ ਪੈ ਗਈ ਉਸ ਦੀ ਪਿੱਠ ਤੇ ਖੁਰਕ ਹੋ ਰਹੀ ਸੀ ਪਰ ਉਸਦਾ ਹੱਥ ਉਥੇ ਠੀਕ ਤਰ੍ਹਾਂ ਨਹੀਂ ਸੀ ਪਹੁੰਚਦਾ..."ਗੀਤਾ ਮੇਰੀ ਪਿੱਠ ਤੇ ਖਾਜ ਤਾਂ ਕਰ ਦੇ, ਆਈਂ ਬੇਟੀ-ਸਿਰਫ ਇਕ ਪਲ ਲਈ।"

ਗੀਤਾ ਹੱਥ ਵਿਚੋਂ ਕਲਮ ਉਥੇ ਹੀ ਛੱਡ ਕੇ ਮੰਜੇ ਦੀ ਬਾਹੀ ਤੇ ਆ ਬੈਠੀ ਅਤੇ ਮਾਂ ਦਾ ਬਲਾਉਜ਼ ਚੁੱਕ ਕੇ ਉਸ ਦੀ ਪਿੱਠ ਤੇ ਖਾਜ ਕਰਨ ਲੱਗੀ। ਪਤਾ ਨਹੀਂ ਉਸਦੇ ਨਿੱਕੇ ਨਿੱਕੇ ਹੱਥਾਂ ਦੀ ਛੋਹ ਨਾਲ ਜਾਂ ਉਂਝ ਹੀ ਉਸ ਦੇ ਸਰੀਰ ਦੀ ਥਕਾਵਟ ਨਾਲ ਨਿਰਮਲਾ ਦੀਆਂ ਅੱਖਾਂ ਹੌਲੀ ਹੌਲੀ ਨੀਂਦ ਨਾਲ ਬੰਦ ਹੋਣ ਲੱਗੀਆਂ। ਜਦੋਂ ਨੂੰ ਬਿੱਟੀ ਫਿਰ ਜਾਗ ਕੇ ਰੋਣ ਲਗੀ ਅਤੇ ਨਿਰਮਲਾ ਨੇ ਉਸ ਨੂੰ ਆਪਣੀ ਛਾਤੀ ਨਾਲ ਖਿੱਚ ਕੇ ਉਸ ਨੂੰ ਦੁੱਧ ਦੇ ਦਿੱਤਾ, ਜਿਸ ਨਾਲ ਬਿੱਟੀ ਬਿਲਕੁਲ ਚੁੱਪ ਹੋ ਗਈ ਅਤੇ ਕਮਰੇ ਵਿਚ ਫਿਰ ਸ਼ਾਂਤੀ ਵਰਤ ਗਈ। ਬਾਹਰ ਦਾ ਦਰਵਾਜ਼ਾ ਇਕ ਦਮ ਖੜਕਿਆ ਤੇ ਨਿਰਮਲਾ ਦੀ ਜਾਗ ਖੁਲ ਗਈ। "ਦੇਖੀ ਬੇਟਾ ਕੌਣ ਹੈ, ਅਜੇ ਆ ਗਿਆ ਹੋਣੈਂ ਸਕੂਲ ਤੋਂ।"

ਵਿਜੇ ਨੇ ਜਾ ਕੇ ਦਰਵਾਜ਼ਾ ਖੋਲ੍ਹਿਆ ਅਤੇ ਹਾਲ ਵਿਚ ਕਿਤਾਬਾਂ ਦਾ ਬਸਤਾ ਲੱਟਕਾਈ ਥਕਾਵਟ ਅਤੇ ਭੁੱਖ ਨਾਲ ਅਕਲਕਾਂਦ ਹੋਇਆ ਅਜੇ ਘਰ ਅੰਦਰ ਆ ਗਿਆ। ਕਮਰੇ ਵਿਚ ਵੜਦਿਆਂ ਹੀ ਉਸ ਨੇ ਬਸਤਾ ਇਕ ਪਾਸੇ ਸੁੱਟਿਆ ਅਤੇ ਚੀਕ ਕੇ ਬੋਲਿਆ..."ਮਾਂ ਭੁੱਖ ਲੱਗੀ ਹੈ"...

"ਇਹ ਕਿਤਾਬਾਂ ਮੁਖਤ ਆਈਆਂ ਨੇ ਜੋ ਚੁਕ ਚੁਕਕੇ ਸੁੱਟੀ ਜਾ ਰਿਹਾ ਹੈ। ਸੰਭਾਲ ਕੇ ਨਹੀਂ ਰੱਖੀਆਂ ਜਾਂਦੀਆਂ ਤੈਥੋਂ"

ਰੋਟੀ ਦੇ ਮਾਂ ਭੁੱਖ ਬਹੁਤ ਜ਼ੋਰ ਦੀ ਲੱਗੀ ਹੈ।"

"ਨਹੀਂ ਪਹਿਲਾਂ ਬਸਤੇ ਚੋਂ ਕਿਤਾਬਾਂ ਕੱਢ ਕੇ ਠੀਕ ਤਰ੍ਹਾਂ-ਰੱਖ ਅਤੇ ਹੱਥ ਮੂੰਹ ਧੋ ਕੇ ਆ ਨਲਕੇ ਤੇ, ਫਿਰ ਮਿਲੇਗੀ ਰੋਟੀ।"

—ਨਹੀਂ ਪਹਿਲਾਂ ਰੋਟੀ ਦੇਹ—ਗੀਤਾ ਦੀ ਬੱਚੀ ! ਉਠ ਕੇ ਰੋਟੀ ਦੇਹ ਮੂੰਹੋਂ, ਕਿਉਂ ਅੱਖਾਂ ਪਾੜ ਪਾੜ ਕੇ ਦੇਖ ਰਹੀ ਹੈਂ ।

ਗੀਤਾ ਨੇ ਸੁਹਿਮੀ ਨਜ਼ਰ ਨਾਲ ਮਾਂ ਵੱਲ ਦੇਖਿਆ ਜਿਵੇਂ ਪੁਛ ਰਹੀ ਹੋਵੇ ਕਿ ਰੋਟੀ ਲਿਆ ਦੇਵਾਂ !

"ਖ਼ਬਰਦਾਰ ਜੇ ਕਿਸੇ ਨੇ ਰੋਟੀ ਦਿੱਤੀ ਇਸਨੂੰ । ਹੁਣ ਇਹ ਕਹਿਣਾ ਵੀ ਨਹੀਂ ਮੰਨਦਾ ਮਰਨ ਦੇਹ ਭੁੱਖਾ ਜਦ ਭੁੱਖ ਲੱਗੂ ਤਾਂ ਆਪੇ ਕਿਤਾਬਾਂ ਸੰਭਾਲੂ ਅਤੇ ਹੱਥ ਮੂੰਹ ਧੋਊ ।"

ਅਜੇ ਥੋੜ੍ਹੀ ਦੇਰ ਤਾਂ ਆਕੜਿਆ ਖੜਿਆ ਰਿਹਾ ਅਤੇ ਫਿਰ ਤੇਜ਼ੀ ਨਾਲ ਬਸਤੇ ਦੇ ਕੋਲ ਜਾ ਕੇ ਬਸਤਾ ਚੁੱਕ ਕੇ ਮੰਜੇ ਤੇ ਦੇਹ ਮਾਰਿਆ ਅਤੇ ਉਹਦੇ ਵਿਚੋਂ ਕਿਤਾਬਾਂ ਕੱਢ ਕੱਢ ਕੇ ਉਲਟੀਆਂ ਸਿਧੀਆਂ ਅਲਮਾਰੀ ਵਿਚ ਰੱਖਣ ਲੱਗਾ । ਨਾਲ ਹੀ ਬੁੜ ਬੜਾਉਂਦਾ ਰਿਹਾ । "ਹੂੰ ਸਾਰਾ ਦਿਨ ਸਕੂਲ ਵਿਚ ਮਰੋ, ਘਰ ਆਉ ਤਾਂ ਰੋਟੀ ਵੀ ਨਹੀਂ ਮਿਲਦੀ ।"

ਨਿਰਮਲਾ ਪਈ ਪਈ ਅੱਧ ਖੁਲ੍ਹੀਆਂ ਅੱਖਾਂ ਨਾਲ ਸਭ ਕੁਝ ਦੇਖ ਰਹੀ ਸੀ ਮੁਸਕਰਾ ਕੇ ਬੋਲੀ, "ਸਕੂਲ ਜਾ ਕੇ ਕੋਈ ਅਹਿਸਾਨ ਕਰਦੇ ਸਾਡੇ ਤੇ ਆਪਣੇ ਭਲੇ ਲਈ ਹੀ ਜਾਂਦੇ ।" "ਨਹੀਂ ਜਾਂਦਾ ਸਕੂਲ ਕੱਲ ਤੋਂ" "ਚੰਗਾ ਚੰਗਾ ਨਾ ਜਾਈਂ ਹੁਣ ਜਾ ਕੇ ਮੂੰਹ ਹੱਥ ਧੋ ਆ ਗੀਤਾ ਬੇਟੀ ਰੋਟੀ ਲਿਆ ਦੇਹ ਵੀਰ ਨੂੰ ਤੇ ਹਾਂ ਇਕ ਫਾੜੀ ਆਚਾਰ ਦੀ ਵੀ ਲੈ ਆਈਂ—।" ਨਿਰਮਲਾ ਜਾਣਦੀ ਹੈ ਕਿ ਅਜੇ ਨੂੰ ਅੰਬ ਦਾ ਆਚਾਰ ਬਹੁਤ ਚੰਗਾ ਲਗਦਾ ਹੈ । ਇਹ ਕਹਿ ਕੇ ਜਦ ਉਸਨੇ ਅਜੇ ਵੱਲ ਤਿਰਛੀਆਂ ਨਜ਼ਰਾਂ ਨਾਲ ਦੇਖਿਆ ਤਾਂ ਉਸਦੇ ਤਣੇ ਹੋਏ ਹੋਂਠ ਮੁਸਕਰਾਹਟ ਨਾਲ ਫੈਲ ਗਏ ਅਤੇ ਉਹ ਸ਼ਰਮਾਉਂਦਾ ਨਲਕੇ ਵੱਲ ਭੱਜ ਗਿਆ।

ਸ਼ਾਮ ਦੇ ਪੰਜ ਵੱਜ ਰਹੇ ਸੀ ਕਮਲ ਦੇ ਆਉਣ ਦਾ ਸਮਾਂ ਹੋ ਰਿਹਾ ਸੀ । ਨਿਰਮਲਾ ਉਠੀ ਅਤੇ ਰਸੋਈ ਵਿਚ ਜਾ ਕੇ ਚਾਹ ਅਤੇ ਸ਼ਾਮ ਦੇ ਖਾਣੇ ਦੇ ਪ੍ਰਬੰਧ ਵਿਚ ਜੁਟ ਗਈ । ਅੰਗੀਠੀ ਜਲਾ ਕੇ ਉਸਨੇ ਉਤੇ ਤੱਕ ਪੱਕੇ ਕੋਲੇ ਧਰ ਕੇ ਉਸਨੂੰ ਸੁਲਗਾਉਣ ਲਈ ਬਾਹਰ ਗਲੀ ਵਿਚ ਰਖ ਦਿੱਤਾ ਅਤੇ ਆਪ ਇਕ ਥਾਲੀ ਵਿਚ ਥੋੜ੍ਹੀ ਜਿਹੀ ਦਾਲ ਕੱਢ ਕੇ ਚੁਗਣ ਲਈ ਬੈਠ ਗਈ । ਗੀਤਾ ਕਮਰਿਆਂ ਵਿਚ ਝਾੜੂ ਲਾ ਰਹੀ ਸੀ । ਗੋਦੀ ਵਿਚ ਬਿੱਟੀ ਨੂੰ ਲਈ ਵਿਜੇ, ਗੀਤਾ ਅਤੇ ਸੀਤਾ ਦੇ ਨਾਲ ਬਾਹਰ ਗਲੀ ਵਿਚ ਖੇਲ ਰਿਹਾ ਸੀ ! ਹੋਰ ਵੀ ਬਹੁਤ ਸਾਰੇ ਬੱਚੇ ਗਲੀ ਵਿਚ ਖੇਲ ਰਹੇ ਸਨ ਪਰ ਅਜੇ ਦਾ ਪਤਾ ਨਹੀਂ ਸੀ । ਸਕੂਲ ਤੋਂ ਆ ਕੇ ਰੋਟੀ ਖਾ ਕੇ ਹੀ ਪਤਾ ਨਹੀਂ ਕਿਧਰ ਨੂੰ ਚਲਿਆ ਗਿਆ ਸੀ । ਅੱਜ ਹੀ ਨਹੀਂ, ਇਹ ਹਰ ਰੋਜ਼ ਦੀ ਗੱਲ ਹੈ । ਰੋਟੀ ਖਾ ਕੇ ਉਹ ਘਰੋਂ ਬਾਹਰ ਨਿਕਲ ਜਾਂਦਾ ਹੈ ਅਤੇ ਹੁਣ ਜਾਂ ਤਾਂ ਕਿਤੇ ਗਲੀ ਦੇ ਮੁੰਡਿਆਂ ਨਾਲ ਕੱਟੇ ਹੋਏ ਪਤੰਗਾਂ ਦੇ ਪਿੱਛੇ ਭੱਜ ਰਿਹਾ ਹੋਵੇਗਾ ਜਾਂ ਕਿਤੇ ਗੋਲੀਆਂ ਖੇਡ ਰਿਹਾ ਹੋਵੇਗਾ । ਤੇ ਜਾਂ ਕਿਤੇ ਅਵਾਰਾ ਮੁੰਡਿਆਂ ਨਾਲ ਲੜਾਈ ਝਗੜਾ ਕਰ ਰਿਹਾ ਹੋਵੇਗਾ । ਨਿਰਮਲਾ ਪਰੇਸ਼ਾਨ ਹੈ ਕਿ ਕਿਵੇਂ ਸਮਝਾਏ ਇਸ ਮੁੰਡੇ ਨੂੰ ਪੜਾਈ ਵਿਚ ਅਤੇ ਘਰ ਵਿਚ ਉਸਦਾ ਬਿਲਕੁਲ ਜੀਅ ਨਹੀਂ ਲੱਗਦਾ ਕਿੰਨੀ ਵਾਰ ਉਹ ਉਸਨੂੰ ਕੁਟ ਚੁਕੀ ਹੈ ਪਰ ਉਸਨੂੰ ਇਕ ਵੀ ਨਹੀਂ ਪੋਂਹਦੀ । ਕਮਲ ਹੋ ਉਸਨੂੰ ਉਸਦੀ ਕੋਈ ਚਿੰਤਾ ਹੀ ਨਹੀਂ । ਇਕ ਵਾਰ ਜਦ ਉਸਨੇ ਬਹੁਤ ਸ਼ਿਕਾਇਤ ਕੀਤੀ ਸੀ ਤਾਂ ਰਾਤ ਨੂੰ ਪਾਏ ਕੱਪੜਿਆਂ ਅਤੇ ਮਿੱਟੀ ਨਾਲ ਲਥਪਥ ਹੋ ਕੇ ਜਦ ਅਜੇ ਸਹਿਮੇ ਹੋਏ ਕਦਮਾਂ ਨਾਲ ਘਰ ਅੰਦਰ ਸੀ ਤਾਂ ਉਠ ਕੇ ਕਮਲ ਸੋਟੀ ਨਾਲ ਉਸਨੂੰ ਏਨਾ ਕੁਟਿਆ ਸੀ ਕਿ ਤਿੰਨ ਦਿਨ ਤੱਕ ਉਹ ਮੰਜੇ ਤੋਂ ਨਹੀਂ ਸੀ ਉਠ ਸਕਿਆ । ਮੁੜ ਕੇ ਨਿਰਮਲਾ ਨੇ ਕਮਲ ਨੂੰ ਕੁਛ ਕਹਿਣਾ ਹੀ ਛੱਡ ਦਿਤਾ ਸੀ ਆਪ ਹੀ ਬੁੜ ਬੁੜਾਉਂਦੀ ਰਹਿੰਦੀ ਅਤੇ ਕਮਲ ਨੇ ਤਾਂ ਇਕ ਦਫ਼ਾ ਆਪਣੀ ਸੋਟੀ ਦਾ ਕਮਾਲ ਦਿਖਾ ਕੇ ਆਪਣੇ ਫਰਜ਼ ਦੀ ਪੂਰਤੀ ਕਰ ਲਈ ਸੀ ।

ਗਲੀ ਵਿਚ ਸਾਈਕਲ ਦੀ ਆਵਾਜ਼ ਸੁਣਦਿਆਂ ਹੀ ਬਾਹਰ ਖੇਲ ਦੀਆਂ ਹੋਈਆਂ ਗੀਤਾ ਤੇ ਸੀਤਾ "ਪਾਪਾ ਆ ਗਏ ਪਾਪਾ ਆ ਗਏ ।" ਚੀਕ ਚਿਹਾੜਾ ਪਾਉਂਦੀਆਂ ਉਸ ਵੱਲ ਭੱਜ ਗਈਆਂ ਅਤੇ ਥੋੜੇ ਚਿਰ ਪਿਛੋਂ ਹੀ ਸਾਈਕਲ ਦੇ ਅਗਲੇ ਡੰਡੇ ਤੇ ਦੋਵਾਂ ਕੁੜੀਆਂ ਨੂੰ ਬਿਠਾਈ ਕਮਲ ਘਰ ਅੰਦਰ ਆ ਵੜਿਆ । ਪਿਛੇ ਪਿਛੇ ਵਿਜੇ ਵੀ ਗੋਦੀ ਵਿਚ ਬਿੱਟੀ ਨੂੰ ਚੱਕੀ ਘਰ ਆ ਗਿਆ । ਵਿਹੜੇ ਵਿਚ ਇਕ ਪਾਸੇ ਸਾਈਕਲ ਖੜੀ ਕਰਕੇ ਕਮਲ ਨੇ ਦੋਨਾਂ ਕੁੜੀਆਂ ਨੂੰ ਥੱਲੇ ਲਾਹਿਆ । ਅਤੇ ਪਿੱਛੇ ਲੱਗੇ ਕੈਰੀਅਰ ਤੋਂ ਟਿਫਨ ਲਾਹ ਕੇ ਗੀਤਾ ਨੂੰ ਫੜਾ ਦਿਤਾ ਅਤੇ ਆਪ ਕਮਰੇ ਵਿਚ ਚਲਾ ਗਿਆ । ਕਪੜੇ ਆਦਿ ਬਦਲ ਕੇ ਅਤੇ ਬਾਥਰੂਮ ਚੋਂ ਹੱਥ ਮੂੰਹ ਧੋ ਕੇ ਜਦ ਉਹ ਵਿਹੜੇ ਵਿਚ ਪਈ ਮੰਜੀ ਤੇ ਆ ਕੇ ਬੈਠਿਆ ਤਾਂ ਬੱਚੇ ਫਿਰ ਗਲੀ ਵਿਚ ਚਲੇ ਗਏ ਸਨ ।

ਨਿਰਮਲਾ ਬਾਹਰੋਂ ਅੰਗੀਠੀ ਚੁਕ ਕੇ ਲਿਆਈ ਤੇ ਚਿਮਟੇ ਨਾਲ ਕੋਲੇ ਵਗੈਰਾ ਠੀਕ ਕਰਕੇ ਉਸਨੇ ਚਾਹ ਲਈ ਪਾਣੀ ਰੱਖ ਦਿਤਾ ।

"ਗੀਤਾ ਅਖਬਾਰ ਲਿਆਈਂ ਜ਼ਰਾ, ਰਾਮ ਬਾਬੂ ਦੇ ਘਰੋਂ ।"—ਕਮਲ ਨੇ ਆਪਣੀਆਂ ਮੰਜੇ ਤੇ ਲੱਤਾਂ ਪਸਾਰਦੇ ਹੋਏ ਕਿਹਾ । ਅਤੇ ਗੀਤਾ ਗੁਆਂਢ ਵਿਚੋਂ ਦੇ ਰਾਮ ਬਾਬੂ ਦੇ ਘਰੋਂ ਅਖਬਾਰ ਮੰਗਣ ਚਲੀ ਗਈ । ਅਖਬਾਰ ਦਾ ਕਮਲ ਨੂੰ ਸ਼ੁਰੂ ਤੋਂ ਹੀ ਚਸਕਾ ਹੈ । ਪਹਿਲਾਂ ਉਹ ਆਪਣਾ ਅਖਬਾਰ ਮੰਗਵਾਉਂਦਾ ਸੀ, ਪਰੰਤੂ ਨਿਰਮਲਾ ਨੂੰ ਇਹ ਚਾਰ ਪੰਜ ਰੁਪਏ ਮਹੀਨੇ ਦਾ ਖਰਚ ਬਿਲਕੁਲ ਥੇਲੋੜਾ ਲਗਦਾ ਸੀ ਅਤੇ ਹਰ ਵਕਤ ਉਸ ਨੂੰ

ਟੋਕਦੀ ਰਹਿੰਦੀ ਤੇ ਹਰ ਰੋਜ਼ ਦੀ ਇਸ ਕਿਚਕਿਚ ਤੋਂ ਤੰਗ ਆ ਕੇ ਕਮਲ ਨੇ ਸੋਚਿਆ ਕਿ ਅਖਬਾਰ ਪੜ੍ਹਨ ਦੇ ਸੁਖ ਤੋਂ ਵੱਧ ਦੁੱਖ ਮਨ ਨੂੰ ਕਲੇਸ਼ ਨਾਲ ਹੁੰਦਾ ਹੈ। ਜੋ ਚਾਰ ਪੰਜ ਰੁਪਏ ਗੈਰ ਜ਼ਰੂਰੀ ਖਰਚੇ ਦੀ ਆੜ ਵਿਚ ਨਿਰਮਲਾ ਸਦਾ ਮਚਾਈ ਰੱਖਦਾ ਹੈ, ਹਾਰ ਕੇ ਉਸਨੇ ਅਖਬਾਰ ਮੰਗਵਾਉਣਾ ਹੀ ਛੱਡ ਦਿਤਾ ਅਤੇ ਉਹ ਸ਼ਾਮ ਨੂੰ ਆਪਣੇ ਗੁਆਂਢੀ ਰਾਮ ਬਾਬੂ ਦੇ ਘਰੋਂ ਹੀ ਅਖਬਾਰ ਮੰਗਵਾ ਕੇ ਪੜ੍ਹ ਲੈਂਦਾ ਹੈ। ਉਹ ਸਵਾਦ ਤਾਂ ਉਸ ਵਿਚ ਨਹੀਂ ਰਹਿੰਦਾ ਜੋ ਸਵੇਰੇ ਸਵੇਰੇ ਚਾਹ ਦੀ ਪਿਆਲੀ ਨਾਲ ਤਾਜ਼ੇ ਤਾਜ਼ੇ ਅਖਬਾਰ ਦੇ ਅਣਖੁਲ੍ਹੀਆਂ ਪਰਤਾਂ ਵਿਚ ਖੋਲ੍ਹਣ ਵਿਚ ਆਉਂਦਾ ਸੀ। ਪਰ ਫਿਰ ਵੀ ਉਸਨੂੰ ਸੰਤੋਖ ਕਰਨਾ ਹੀ ਪਿਆ।

ਰਸੋਈ ਦੇ ਦਰਵਾਜ਼ੇ ਦੇ ਕੋਲ ਬੈਠ ਕੇ ਸਿਰ ਨੀਵਾਂ ਕਰੀ ਆਲੂ ਛਿੱਲਦੀ ਹੋਈ ਨਿਰਮਲਾ ਵੱਲ ਕਮਲ ਥੋੜੀ ਦੇਰ ਇਕ ਟੱਕ ਵੇਖਦਾ ਰਿਹਾ ਅਤੇ ਫੇਰ ਪੁੱਛਣ ਲੱਗਿਆ —"ਅਜੇ ਕਿੱਥੇ ਹੈ" ਅਤੇ ਪੁੱਛਦੇ ਹੀ ਉਸਨੂੰ ਲੱਗਿਆ ਕਿ ਇਹ ਸਵਾਲ ਉਸ ਨੇ ਫਜ਼ੂਲ ਵਿਚ ਹੀ ਕੀਤਾ ਕਿਉਂ ਜਵਾਬ ਵਿਚ ਨਿਰਮਲਾ ਨੇ ਜੋ ਕੁਛ ਕਹਿਣਾ ਹੈ ਉਹ ਤਾਂ ਉਸਨੂੰ ਪਤਾ ਹੀ ਹੈ।

ਨਿਰਮਲਾ ਜਿਵੇਂ ਸੱਚ ਮੁੱਚ ਹੀ ਇੰਤਜ਼ਾਰ ਕਰ ਰਹੀ ਸੀ—"ਕੀ ਪਤਾ ਕਿੱਥੇ ਹੈ। ਮੈਨੂੰ ਕੋਈ ਪੁਛ ਕੇ ਗਿਆ ਹੈ ਫਿਰਦਾ ਹੋਵੇਗਾ ਕਿਤੇ ਅਵਾਰਾਗਿਰਦੀ ਕਰਦਾ। ਘਰ ਵਿਚ ਥੋੜਾ ਉਸਦਾ ਮਨ ਲਗਦਾ ਹੈ। ਰੱਬ ਜਾਣੇ ਸਕੂਲ ਵਿਚ ਵੀ ਛੇ ਘੰਟੇ ਕਿਵੇਂ ਟਿਕ ਕੇ ਬੈਠਦਾ ਹੋਵੇਗਾ। —ਪਰ ਤੁਹਾਨੂੰ ਕੀ ਫਿਕਰ ਹੈ। ਤੁਹਾਨੂੰ ਅਖਬਾਰ ਤੋਂ ਵਿਹਲ ਮਿਲੇ ਤਾਂ ਹੀ ਹੈ ਨਾ! ਇਹ ਨਹੀਂ ਬਈ ਦਫਤਰ ਤੋਂ ਆ ਕੇ ਦੋ ਘੜੀਆਂ ਬੱਚਿਆਂ ਨੂੰ ਕੋਲ ਬਿਠਾ ਕੇ ਕੁਝ ਪੜ੍ਹਾ ਦੇਵਾਂ। ਆਏ ਤੇ ਆ ਕੇ ਅਖਬਾਰ ਖੋਹਲ ਕੇ ਬੈਠ ਗਏ।...ਰਾਮ ਲਾਲ ਵੱਲ ਹੀ ਦੇਖੋ,'ਬੈਠ ਕੇ ਬੱਚਿਆਂ ਨੂੰ ਪੜ੍ਹਾ ਰਿਹਾ ਹੋਵੇਗਾ ਅਤੇ ਸਾਡੇ ਬੱਚੇ ਨੇ ਕਿ ਗਲੀਆਂ ਵਿਚ ਫਿਰਦੇ ਨੇ ਆਵਾਰਾਗਰਦਾਂ ਵਾਂਗ।'

ਗੀਤਾ ਅਖਬਾਰ ਲੈ ਆਈ ਸੀ। ਉਪਰ ਦੀਆਂ ਮੋਟੀਆਂ ਮੋਟੀਆਂ ਖਬਰਾਂ ਤੇ ਸਰਸਰੀ ਨਿਗ੍ਹਾ ਮਾਰਦੇ ਹੋਏ ਕਮਲ ਨੇ ਕਿਹਾ, "ਫਿਕਰ ਕਰਨ ਨੂੰ ਤੂੰ ਥੋੜ੍ਹੀ ਹੈਂ ? ਚੌਵੀ ਘੰਟੇ ਡੰਡਾ ਲੈ ਕੇ ਪਿੱਛੇ ਪਈ ਰਹਿੰਦੀ ਹੈਂ ਬੱਚੇ ਗਲੀ ਵਿਚ ਨਹੀਂ ਭੱਜਣਗੇ ਤਾਂ ਘਰ ਵਿਚ ਬੈਠਣਗੇ ਕੁੱਟ ਖਾਣ ਨੂੰ!"

—'ਹਾਂ, ਹਾਂ ਮੈਂ ਤਾਂ ਦੁਸ਼ਮਣ ਹਾਂ ਇਹਨਾਂ ਦੀ ਜੋ ਡੰਡਾ ਲੈ ਕੇ ਇਨਾਂ ਪਿਛੇ ਭੱਜਦੀ ਫਿਰਦੀ ਹਾਂ ਅਤੇ ਇਨ੍ਹਾਂ ਦਾ ਹੱਗਿਆ ਮੂਤ੍ਰਿਆ ਧੋਣ ਲਈ ਤੁਸੀਂ ਆ ਜਾਂਦੇ ਹੋ ਦਫਤਰ ਤੋਂ। ਇਹ ਮੈਂ ਹੀ ਹਾਂ ਜੋ ਇੰਨ੍ਹੀ ਦੇਖਭਾਲ ਕਰਦੀ ਹਾਂ, ਤੁਹਾਡੇ ਪਿਛੇ ਤਾਂ ਇਹ ਕੁੱਤਿਆਂ ਮਗਰ ਫਿਰਦੇ ਹੁੰਦੇ'

ਕਮਲ ਨੇ ਦੇਖਿਆ ਕਿ ਹੁਣ ਉਸਨੇ ਫੇਰ ਕੁਝ ਕਿਹਾ ਤਾਂ ਕਹਿਣ-ਸੁਨਣ ਦਾ ਇਹ ਸਿਲਸਲਾ ਰੁਕਣ ਵਾਲਾ ਨਹੀਂ। ਇਸ ਲਈ ਬਿਨਾਂ ਬੋਲਿਆਂ ਉਹ ਚੁੱਪ ਚਾਪ ਅਖਬਾਰ ਪੜ੍ਹਦਾ ਰਿਹਾ। ਪੈਕਟ ਵਿਚੋਂ ਉਸਨੇ ਇਕ ਸਿਗਰਟ ਕੱਢ ਕੇ ਜਲਾਈ ਅਤੇ ਕੋਲੇ ਖੜ੍ਹੀ ਗੀਤਾ ਨੂੰ ਪੁਛਣ ਲੱਗਾ, "ਚਾਹ ਨਹੀਂ ਬਣੀ ਅਜੇ ?" ਉਤ੍ਰ ਵਿਚ ਗੀਤਾ ਮਾਂ ਵੱਲ ਦੇਖਣ ਲੱਗੀ ਅਤੇ ਹੱਥ ਵਿਚਲੇ ਆਲੂ ਤੇ ਚਾਕੂ ਥਾਲੀ ਵਿਚ ਪਟਕ ਕੇ ਨਿਰਮਲ ਕ੍ਰਿਝਦੀ ਉਠੀ ਅਤੇ ਅੰਗੀਠੀ ਤੇ ਪਏ ਉਬਲਦੇ ਪਾਣੀ ਵਿਚ ਚਾਹ ਪੱਤੀ ਪਾਈ। ਭਾਂਡਿਆਂ ਦੇ ਖੜਕੇ ਨਾਲ ਉਸਦੇ ਬੜਬੜਾਉਣ ਦੀ ਆਵਾਜ਼ ਬਾਹਰ ਤੱਕ ਆਉਂਦੀ ਰਹੀ।

ਥੋੜੇ ਚਿਰ ਪਿਛੋਂ ਜਦ ਉਹ ਪਿਆਲੇ ਵਿਚ ਚਾਹ ਪਾ ਕੇ ਲਿਆਈਂ ਤਾਂ ਕਮਲ ਇਹ ਦੇਖਕੇ ਹੈਰਾਨ ਹੋ ਗਿਆ ਕਿ ਅੱਜ ਪੁਰਾਣੇ ਹੈਂਡਲ ਦੇ ਬਗੈਰ ਪਿਆਲੇ ਦੀ ਥਾਂ ਨਵੇਂ ਪਿਆਲੇ ਵਿਚ ਚਾਅ ਲਿਆਈ ਸੀ। ਇਕ ਹੱਥ ਨਾਲ ਪਿਆਲਾ ਫੜਦਿਆਂ ਨਿਰਮਲਾ ਦੇ ਮੂੰਹ ਵੱਲ ਦੇਖਦਿਆਂ ਉਸਨੇ ਪੁਛਿਆ ਅੱਜ ਉਸ ਪਿਆਲੇ ਨੂੰ ਕੀ ਹੋ ਗਿਆ ?'

—'ਟੁਟ ਗਿਆ'

—'ਚਲੋ ਪਿੱਛਾ ਛੁੱਟਿਆ। ਏਨੇ ਦਿਨਾਂ ਤੋਂ ਕਮਬਖਤ ਬਗ਼ੈਰ ਹੈਂਡਲ ਦੇ ਪਿਆਲੇ ਵਿਚ ਚਾਹ ਪੀਣੀ ਪੈਂਦੀ ਸੀ।'

—ਹਾਂ, ਹਾਂ, ਤੁਹਾਡਾ ਤਾਂ ਪਿੱਛਾ ਛੁੱਟ ਗਿਆ। ਘਰ ਵਿਚ ਨੁਕਸਾਨ ਹੋ ਗਿਆ ਅਤੇ ਇਨ੍ਹਾਂ ਨੂੰ ਖੁਸ਼ੀ ਹੋ ਰਹੀ ਹੈ। ਇਸ ਨੂੰ ਵੀ ਤੋੜ ਦਿਓ, ਹੋਰ ਵੀ ਤਿੰਨ ਪਿਆਲੇ ਪਏ ਹਨ ਅਲਮਾਰੀ ਵਿਚ, ਉਨ੍ਹਾਂ ਨੂੰ ਵੀ ਤੋੜ ਦਿਓ, ਇਕ ਵਾਰ ਹੀ ਪਿੱਛਾ ਛੁੱਟ ਜਾਏ।

'ਸਹੁਰੀਏ, ਕੀ ਮੈਂ ਤੋੜ ਗਿਆ ਉਸਨੂੰ ਦਫਤਰ ਤੋਂ ਆ ਕੇ ਜੋ ਮੇਰੇ ਪਿੱਛੇ ਪਈ ਹੈਂ। ਆਪ ਹੀ ਭਾਵੇਂ ਘਰ 'ਚ ਬੈਠੀ ਬੈਠੀ ਤੋੜ ਭੰਨ ਕਰਦੀ ਰਹੇ ਪਰ ਤੁਹਮਤ ਦੂਜਿਆਂ ਤੇ ਲਾਉਂਦੀ ਹੈ।'

ਨਿਰਮਲਾ ਜਦ ਤਾਈਂ ਵਾਪਿਸ ਰਸੋਈ ਦੇ ਦਰ-ਵਾਜ਼ੇ ਕੋਲ ਜਾ ਬੈਠੀ ਸੀ। ਅਤੇ ਆਲੂ ਛਿੱਲਣ ਲੱਗ ਪਈ ਸੀ। ਉਥੋਂ ਹੀ ਤੜਪ ਕੇ ਬੋਲੀ, 'ਮੈਂ ਤਾਂ ਜਾਣੀ ਸਾਰਾ ਦਿਨ ਤੋੜ ਭੰਨ ਹੀ ਕਰਦੀ ਰਹਿੰਦੀ ਹਾਂ। ਮੈਂ ਹੀ ਫਾਲਤੂ ਦਿਸਦੀ ਹਾਂ ਤਾਂ ਲਿਆ ਦਿਓ ਪੁੜੀ ਅਫੀਮ ਦੀ ਸਾਰਿਆਂ ਦਾ ਇਕ ਵਾਰ ਹੀ ਪਿੱਛਾ ਛੁੱਟ ਜਾਏ।' ਇਹ ਕਹਿੰਦਿਆਂ ਉਸ ਦਾ ਗਲ ਭਰ ਆਇਆ।

ਅੱਖਾਂ ਉਸਦੀਆਂ ਅਖਬਾਰ ਤੇ ਟਿਕੀਆਂ ਸਨ ਪਰ ਉਹ ਪੜ੍ਹ ਕੁਝ ਵੀ ਨਹੀਂ ਰਿਹਾ ਸੀ। ਸਿਰ ਚੁਕ ਕੇ ਉਸਨੇ ਨਿਰਮਲਾ ਵੱਲ ਘੂਰ ਕੇ ਦੇਖਿਆ ਅਤੇ ਫੇਰ

ਅਖਬਾਰ ਤੇ ਅੱਖਾਂ ਝੁਕਾ ਲਈਆਂ। ਉਹ ਬੁੜ ਬੁੜਾਇਆ —'ਹਰ ਵਕਤ ਸਾਲੀ ਬਕਬਕ ਕਰਦੀ ਰਹਿੰਦੀ ਹੈ। ਇਕ ਮਿੰਟ ਵੀ ਆਦਮੀ ਆਰਾਮ ਨਾਲ ਨਹੀਂ ਬੈਠ ਸਕਦਾ ਘਰ।' ਅਤੇ ਉਹ ਫੇਰ ਅਖਬਾਰ ਵਿਚ ਮਨ ਲਗਾਉਣ ਦੀ ਕੋਸ਼ਿਸ਼ ਕਰਨ ਲੱਗਾ।

ਉਧਰ ਧੋਤੀ ਦੇ ਪੱਲੇ ਨਾਲ ਅੱਖਾਂ 'ਚ ਭਰ ਆਏ ਪਾਣੀ ਨੂੰ ਪੂੰਝਦੀ ਹੋਈ ਨਿਰਮਲਾ ਕਹੀ ਜਾ ਰਹੀ ਸੀ -'ਹਾਏ ਰਾਮ! ਫੁੱਟ ਗਈ ਕਿਸਮਤ ਮੇਰੀ! ਚੌਵੀ ਘੰਟੇ ਇਕ ਕੰਬਖਤ ਔਲਾਦ ਤੇ ਗ੍ਰਹਿਸਥੀ ਵਿਚ ਦੇ ਪਿੱਛੇ ਧੰਦਾ ਫੂਕੋ। ਕੀ ਮਜ਼ਾਲ ਕਿ ਇਕ ਮਿੰਟ ਵੀ ਆਰਾਮ ਮਿਲ ਜਾਏ ਸਰੀਰ ਨੂੰ। ਉਤੋਂ ਆਹ ਇਨਾਮ ਮਿਲਦਾ ਹੈ। ਸੋਨੇ ਵਰਗਾ ਸਰੀਰ ਜਲਾ ਕੇ ਖਾਕ ਕਰ ਦਿਤਾ ਇਸ ਧੰਦੇ ਨੇ ਫੂਕ ਫੂਕ ਕੇ। ਦਰਦ ਦੇ ਮਾਰੇ ਹਰ ਵੇਲੇ ਸਰੀਰ ਦੇ ਟੁਕੜੇ ਹੋਏ ਰਹਿੰਦੇ ਨੇ, ਘਰ ਫਿਕਰ ਕਿਸਨੂੰ ਹੈ ਮੇਰੀ! ਮੈਂ ਤਾਂ ਇਸ ਨਿੱਜ ਹੋਈ ਔਲਾਦ ਦੇ ਮੂੰਹ ਵੱਲੀ ਦੇਖਦੀ ਹਾਂ, ਕਿਸੇ ਕਰਮ ਦੀ ਹੋਵੇ-ਕਿਸੇ ਸਿਰੇ ਲੱਗ ਜਾਏ, ਨਹੀਂ ਮੇਰਾ ਕੀ ਹੈ? ਇਕ ਸਾਹ ਦੇ ਪ੍ਰਾਣ ਨੇ. ਕਿਸੇ ਦਿਨ ਗਲ 'ਚ ਰੱਸਾ ਪਾ ਲੂੰ ਤਾਂ ਸਾਰੇ ਦੇ ਸਾਰੇ ਬੰਨ੍ਹੇ ਜਾਵੋਂਗੇ।

ਨਾ ਜਾਣੇ ਕਦ ਤੱਕ ਉਸਦੀ ਬੁੜ ਬੁੜ ਚਲਦੀ ਰਹੀ ਅਤੇ ਨਾ ਜਾਣੇ ਕਦ ਤੱਕ ਕਮਲ ਉਖੜੇ ਹੋਏ ਮਨ ਨਾਲ ਜ਼ਬਰਦਸਤੀ ਅਖਬਾਰ ਨਾਲ ਅੱਖਾਂ ਜੋੜਦਾ ਰਿਹਾ।

ਰਾਤ ਦੇ ਗਿਆਰਾਂ ਵਜ ਚੁੱਕੇ ਸਨ। ਖਾ ਪੀ ਕੇ ਸਭ ਬੱਚੇ ਆਪਣੇ ਆਪਣੇ ਵਿਛੌਣੇ 'ਚ ਦੁਬਕ ਕੇ ਸੌਂ ਗਏ ਸਨ। ਅੰਦਰ ਵਾਲੀ ਕੋਠੜੀ 'ਚ ਵਿਛੇ ਹੋਏ ਪਲੰਘ ਤੇ ਅਜੇ ਤੇ ਵਿਜੇ ਸੌਂ ਗਏ ਸਨ। ਬਾਹਰ ਦੇ ਕਮਰੇ 'ਚ ਤਿੰਨ ਮੰਜੇ ਸਨ, ਇਕ ਤੇ ਇਕੱਲੀ ਗੀਤਾ, ਇਕ ਤੇ ਰੀਤਾ ਤੇ ਸੀਤਾ ਇਕੱਠੀਆਂ ਸੌਂ ਗਈਆਂ ਸਨ। ਚੌਕੇ ਤੇ ਭਾਂਡੇ ਸਾਂਭ ਸਿਮਟ ਕੇ ਨਿਰਮਲਾ ਤੀਜੀ ਮੰਜੀ ਤੇ ਸੁੱਤੀ ਹੋਈ ਬਿੱਟੀ ਨਾਲ ਪੈ ਗਈ ਅਤੇ ਕਮਲ ਬਾਹਰ ਬਰਾਮਦੇ ਵਿਚ ਡਹੀ ਮੰਜੀ ਤੇ ਪੈ ਗਿਆ ਸੀ।

ਇਕਦਮ ਖਾਮੋਸ਼ੀ ਛਾਈ ਹੋਈ ਸੀ। ਰਾਤ ਦੇ ਹਨੇਰੇ ਨੇ ਜਿਵੇਂ ਰੌਲੇ ਗੌਲੇ ਨੂੰ ਵੀ ਢੱਕ ਕੇ ਸੁਆ ਦਿਤਾ ਸੀ।

ਗੱਠਾਂ ਖੁਲ੍ਹ ਗਈਆਂ ਸਨ ਅਤੇ ਵਾਤਾਵਰਣ ਦਾ ਤਣਾਅ ਢਿੱਲਾ ਪੈ ਗਿਆ ਸੀ।...................

...।'ਕੰਮ ਧੰਦਾ ਹੈ ਤਾਂ ਉਸਦੀ ਖਿੱਝ ਹੈ, ਬਾਲ ਬੱਚੇ ਹਨ ਤਾਂ ਉਨ੍ਹਾਂ ਦਾ ਰੋਣਾ ਧੋਣਾ ਹੈ, ਪਿਆਲੇ ਪਲੇਟਾਂ ਹਨ ਤਾਂ ਉਨ੍ਹਾਂ ਦਾ ਟੁਟਣਾ ਫੁਟਣਾ ਹੈ—ਇਹ ਸਭ ਹੈ ਤਾਂ ਇਹ ਸਭ ਜਿਵੇਂ ਹੋਣਾ ਹੀ ਹੈ। ਜਿਵੇਂ ਰਾਤ ਆਈ ਹੈ ਤਾਂ ਉਸਦੇ ਨਾਲ ਹਨੇਰਾ ਆਇਆ ਹੈ, ਖਮੋਸ਼ੀ ਆਈ ਹੈ, ਆਰਾਮ ਆਇਆ ਹੈ ਅਤੇ ਹੁਣ ਨੀਂਦ ਆਵੇਗੀ ਅਤੇ ਕੁਝ ਘੰਟਿਆਂ ਲਈ ਜਿਵੇਂ ਸਟੇਜ ਤੇ ਪਰਦਾ ਡਿਗ ਪਵੇਗਾ।

ਲੇਕਿਨ ਇਹ ਵੀ ਜਿਵੇਂ ਰਾਤ ਦਾ ਹੀ ਜਾਦੂ ਸੀ ਕਿ ਕਾਫੀ ਦੇਰ ਤੱਕ ਪਾਸੇ ਬਦਲਦੇ ਰਹਿਣ ਤੇ ਵੀ ਕਮਲ ਨੂੰ ਨੀਂਦ ਨਹੀਂ ਸੀ ਆ ਰਹੀ। ਮਨ ਵਿਚ ਅਜੀਬ ਤਰ੍ਹਾਂ ਦੀ ਬੇਚੈਨੀ ਮੱਚ ਰਹੀ ਸੀ। ਆਖਰ ਉਸ ਨੇ ਆਵਾਜ਼ 'ਚ ਸੂਖਮਤਾ ਤੇ ਕੋਮਲਤਾ ਭਰ ਕੇ ਬੁਲਾਇਆ—

—ਨਿਰਮਲ!

ਹੂੰ

—ਸੁੱਤੀ ਨਹੀਂ ਅਜੇ?

—ਊਂ ਹੂੰ!

—ਆ ਕੇ ਮੇਰੇ ਪੈਰ ਘੁੱਟ ਦੇ, ਨੀਂਦ ਨਹੀਂ ਆ ਰਹੀ।

ਉਸਦੀ ਇਸ ਆਵਾਜ਼ ਦੀ ਕੋਮਲਤਾ ਅਤੇ ਪੈਰ ਦਬਾਉਣ ਦਾ ਅਰਥ ਨਿਰਮਲਾ ਚੰਗੀ ਤਰ੍ਹਾਂ ਜਾਣਦੀ ਹੈ। ਬੋਲੀ—ਹੁਣ ਅੱਜ ਰਹਿਣ ਦਿਓ, ਬੜੇ ਜ਼ੋਰ ਨਾਲ ਨੀਂਦ ਆ ਰਹੀ ਹੈ।

—ਆ ਜਾ ਨਾ ਜ਼ਰਾ। ਸਾਰਾ ਸਰੀਰ ਦੁੱਖ ਰਿਹਾ ਹੈ। ਥੋੜ੍ਹਾ ਚਿਰ ਪੈਰ ਦਬਾ ਦਿੰਦੀ ਤਾਂ ਨੀਂਦ ਆ ਜਾਂਦੀ।

ਨਿਰਮਲਾ ਅਲਸਾਈ-ਜਹੀ ਆਪਣੀ ਮੰਜੀ ਤੋਂ ਉਠ ਕੇ ਕਮਲ ਦੀ ਪੈਂਦ ਆ ਬੈਠੀ ਅਤੇ ਰਜ਼ਾਈ ਦੇ ਅੰਦਰ ਹੱਥ ਕਰਕੇ ਹੌਲੀ ਹੌਲੀ ਉਸਦੇ ਪੈਰ ਦਬਾਉਣ ਲੱਗੀ।

—ਕਿਉਂ ਦੁਖਦਾ ਸਰੀਰ ਤੁਹਾਡਾ? ਬਹੁਤ ਕੰਮ ਐ ਦਫਤਰ ਵਿਚ?

—ਦਫਤਰ 'ਚ ਕੰਮ ਦੀ ਕੁਝ ਨਾ ਪੁੱਛ। ਸਾਰਾ ਦਿਨ ਇਕ ਮਿੰਟ ਵੀ ਸਿਰ ਚੁੱਕਣ ਦੀ ਵਿਹਲ ਨਹੀਂ ਮਿਲਦੀ। ਕੁਰਸੀ ਤੇ ਬੈਠਿਆਂ ਬੈਠਿਆਂ ਕਮਰ ਦੂਹਰੀ ਹੋ ਜਾਂਦੀ ਹੈ।... ਪਰ ਕੰਮ ਤਾਂ ਤੈਨੂੰ ਵੀ ਬਹੁਤ ਰਹਿੰਦਾ ਹੈ ਨਾ! ਥੱਕ ਜਾਂਦੀ ਹੋਵੇਂਗੀ ਤੂੰ ਵੀ ਤਾਂ।

—ਮੇਰੀ ਬੜੀ ਫਿਕਰ ਹੈ ਤੁਹਾਨੂੰ!

—ਕਿਹੜੀਆਂ ਗੱਲਾਂ ਕਰਦੀ ਐਂ। ਤੂੰ ਤਾਂ ਮੇਰੀ ਪਿਆਰੀ ਨਿੰਮੋ ਰਾਣੀ ਹੈਂ। ਰੱਬ ਜਾਣਦੈ, ਏਨੇ ਸਾਲ ਹੋ ਗਏ ਵਿਆਹ ਨੂੰ ਕੀ ਮਜ਼ਾਲ ਤੇਰੇ ਬਿਨਾਂ ਕਿਸੇ ਔਰਤ ਵੱਲ ਅੱਖ ਚੁੱਕ ਕੇ ਵੀ ਵੇਖਿਆ ਹੋਵੇ।—ਅਤੇ ਇਹ ਕਹਿ ਕੇ ਕਮਲ ਨੇ ਹੱਥ ਵਧਾ ਕੇ ਨਿਰਮਲਾ ਨੂੰ ਆਪਣੇ ਵੱਲ ਖਿੱਚ ਲਿਆ।

—ਮੰਨ ਵੀ ਜਾਇਆ ਕਰੋ! ਹੁਣੇ ਬਿਟੀ ਜਾਗ ਪਵੇਗੀ ਤਾਂ ਰੋ ਰੋ ਕੇ ਸਾਰਾ ਘਰ ਉਸ ਨੇ ਸਿਰ ਤੇ ਚੁੱਕ ਲੈਣੈਂ!

—ਪਰ ਜਦ ਤਕ ਕਮਲ ਨੇ ਉਸਨੂੰ ਪੂਰੀ ਤਰ੍ਹਾਂ ਆਪਣੇ ਨਾਲ ਲਿਟਾ ਲਿਆ ਸੀ।

—ਰੋਣ ਦੇਹ ਕੰਮਬਖਤ ਨੂੰ,—ਉਸਨੇ ਕਿਹਾ ਤੇ

ਆਪਣੀਆਂ ਬਾਹਾਂ ਤੇ ਲੱਤਾਂ ਨਾਲ ਨਿਰਮਲਾ ਦੇ ਸਾਰੇ ਸਰੀਰ ਨੂੰ ਕੱਸ ਕੇ ਜਕੜ ਲਿਆਂ।

ਨਿਰਮਲਾ ਦੀਆਂ ਪਲਕਾਂ ਹੌਲੀ ਹੌਲੀ ਬੰਦ ਹੋ ਗਈਆਂ। ਉਸਦੇ ਮਨ ਤੇ ਇਕ ਨਸ਼ਾ ਜਿਹਾ ਛਾਈ ਜਾ ਰਿਹਾ ਸੀ ਅਤੇ ਸਰੀਰ ਦੀ ਸਾਰੀ ਪੀੜ, ਸਾਰਾ ਥਕੇਵਾਂ ਜਿਵੇਂ ਉਸ ਨਸ਼ੇ ਵਿਚ ਡੁਬਦਾ ਜਾ ਰਿਹਾ ਸੀ। ਸਿਥਲ ਅੰਗਾਂ 'ਚ ਇਕ ਤਣਾਅ ਪੈਦਾ ਹੋ ਗਿਆ ਸੀ ਅਤੇ ਉਸ ਦੀਆਂ ਬਾਹਾਂ ਕਮਲ ਦੇ ਪਿੱਠ ਦੇ ਚਾਰੇ ਪਾਸੇ ਲਿਪਟ ਗਈਆਂ ਸਨ ਅਤੇ ਲਗਾਤਾਰ ਉਸ ਦੀ ਪਕੜ ਕਸਦੀ ਜਾ ਰਹੀ ਸੀ।

—ਟੁਟਿਆ ਹੋਇਆ ਪਿਆਲਾ, ਜੂਠੇ ਭਾਂਡੇ ਅਤੇ ਮੈਲੇ ਕਪੜਿਆਂ ਦਾ ਢੇਰ, ਅਜੇ ਦੀ ਉਸ਼ੰਡਤਾ, ਕਮਲ ਦੀਆਂ ਗਾਲਾਂ, ਅਫੀਮ ਦੀ ਪੁੜੀ, ਗ੍ਰਹਿਸਥੀ ਦੀਆਂ ਹੋਰ ਅਨੇਕਾਂ ਪ੍ਰੇਸ਼ਾਨੀਆਂ ਅਤੇ ਆਪਣੀ ਢਹਿੰਦੀ ਹੋਈ ਸਿਹਤ ਸਬੰਧੀ ਉਸ ਦੀ ਚਿੰਤਾ—ਸਭ ਨਾ ਜਾਣੇ ਕਿਥੇ ਪਿੱਛੇ ਰਹਿ ਗਈਆਂ ਸਨ ਅਤੇ ਨਿਰਮਲਾ ਨੂੰ ਲੱਗ ਰਿਹਾ ਸੀ ਜਿਵੇਂ ਉਹ ਬੱਦਲਾਂ ਤੇ ਸਵਾਰ ਹੋ ਕੇ ਉੱਚੀ ਉੱਚੀ ਆਕਾਸ਼ ਵਿਚ ਉਡਦੀ ਜਾ ਰਹੀ ਹੈ। ਕੌਣ ਜਾਣੇ ਉਸ ਉਪਜਾਊ ਮਿੱਟੀ 'ਚ ਇਕ ਹੋਰ ਨਵੀਂ ਪਿਊਂਦ ਦਾ ਬੀਜ ਜਨਮ ਪਿਆ ਸੀ। ○○

## ਕਰਾਂਤੀਕਾਰੀ ਸਾਹਿਤ ਸਭਾ ਦੇ ਨੁਮਾਇੰਦਿਆਂ ਦੀ ਜਸਵੰਤ ਕੰਵਲ ਨਾਲ ਮੁਲਾਕਾਤ

ਪੰਜਾਬੀ ਦੇ ਨਾਵਲਕਾਰ ਜਸਵੰਤ ਕੰਵਲ ਬਾਰੇ ਸਾਹਿਤਕ ਅਤੇ ਰਾਜਨੀਤਕ ਹਲਕਿਆਂ 'ਚ ਛਿੜੇ ਵਾਦ ਵਿਵਾਦ 'ਚ ਹਿੱਸਾ ਪਾਉਣ ਲਈ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਨੇ, ਜਸਵੰਤ ਕੰਵਲ ਦੇ ਮੁਲਅੰਕਣ ਦੇ ਕਾਰਜ ਨੂੰ ਹੱਥ ਲਿਆ ਹੋਇਆ ਹੈ. ਇਸ ਕਾਰਜ ਨੂੰ ਵਧੇਰੇ ਸਾਰਥਕ ਅਤੇ ਹਕੀਕੀ ਬਣਾਉਣ ਦੇ ਇਰਾਦੇ ਅਧੀਨ ਕੰਵਲ ਦੇ ਪੱਖ ਨੂੰ ਸਪਸ਼ਟ ਰੂਪ ਵਿਚ ਜਾਨਣ ਲਈ ਸਭਾ ਦੇ ਨੁਮਾਇੰਦਿਆਂ (ਕਰਮਜੀਤ ਜੋਗਾ, ਜਗਦੇਵ ਸਿੰਘ ਅਤੇ ਬਾਰੂ ਸਤਵਰਗ) ਨੇ 17-4-84 ਨੂੰ ਕੰਵਲ ਨਾਲ ਮੁਲਾਕਾਤ ਕੀਤੀ. ਮੁਲਾਕਾਤ ਦਾ ਸਾਰ-ਤੱਤ ਪੇਸ਼ ਹੈ, ਸਭਾ ਦਾ ਕੰਵਲ ਵਲੋਂ ਪੇਸ਼ ਕੀਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ. ਇਹਨਾਂ ਵਿਚਾਰਾਂ ਨੂੰ ਅੰਤੇ ਕੰਵਲ ਦੀਆਂ ਲਿਖਤਾਂ ਅੰਦਰਲੇ ਵਿਚਾਰਾਂ ਨੂੰ ਸਭਾ ਆਉਣ ਵਾਲੇ ਸਮੇਂ 'ਚ 'ਕੰਵਲ ਦਾ ਮੁਲਅੰਕਣ' ਨਾਉਂ ਦੇ ਪਰਚੇ 'ਚ ਆਲੋਚਨਾਤਮਕ ਪੱਖ ਲੈ ਰਹੀ ਹੈ.

ਕ.ਸ. : ਕੰਵਲ ਜੀ ! ਤੁਹਾਡੀਆਂ ਲਿਖਤਾਂ ਅਤੇ ਤੁਹਾਡੇ ਨਿੱਜੀ ਜੀਵਨ ਬਾਰੇ ਕਈ ਸਵਾਲ ਉਠੇ ਹਨ ਇਹਨਾਂ ਬਾਰੇ ਅਸੀਂ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਤੁਹਾਡਾ ਪੱਖ ਜਾਨਣ ਆਏ ਹਾਂ।

ਜ. ਕ. : ਜੀ ਆਇਆਂ ਨੂੰ।

ਕ. ਸ. : ਤੁਹਾਨੂੰ ਕਿਸ ਸਰੋਤ ਨੇ ਲਿਖਣ ਲਈ ਪ੍ਰੇਰਿਆ ?

ਜ. ਕ. : ਮੈਨੂੰ 18-19 ਸਾਲ ਦੀ ਉਮਰ 'ਚ ਹੀਰ ਪੜ੍ਹਨ ਦਾ ਬਹੁਤ ਸ਼ੌਕ ਸੀ, ਉਦੋਂ ਮੈਂ ਮਲਾਇਆ ਵਿਚ ਸੀ. ਗੁਰੂ ਗੋਬਿੰਦ ਸਿੰਘ ਬਾਰੇ ਕਵਿਤਾ ਲਿਖਕੇ ਗਾਈ। ਉਸਤੇ ਮੇਰੀ ਵਾਹਵਾ-ਵਾਹਵਾ ਹੋਈ ਨੇ ਮੈਨੂੰ ਅਗਾਂਹ ਧੱਕਾ ਲਾਇਆ। ਉਨੀ ਦਿਨੀਂ ਇਕ ਸਾਥੀ ਮਿਲਿਆ। ਉਸਨੇ ਦੱਸਿਆ, ਤੂੰ ਲਗਾਂ ਮਾਤਰਾਂ ਨਹੀਂ ਗਿਣਦਾ। ਮੈਨੂੰ ਅਹਿਸਾਸ ਹੋਇਆ ਮੈਂ ਪੜ੍ਹਾਈ ਛੱਡ ਕੇ ਮਾੜਾ ਕੰਮ ਕੀਤਾ। ਇਹ ਅਹਿਸਾਸ ਮੈਨੂੰ ਪਿੰਡ ਮੋੜ ਕੇ ਲੈ ਆਇਆ. ਅਗਾਂਹ ਘਰੇਲੂ ਹਾਲਾਤ ਵਿਗੜ ਚੁਕੇ ਸਨ। ਸਾਨੂੰ ਭਰਾਵਾਂ ਨੂੰ ਅੱਡ ਹੋਣਾ ਪਿਆ। ਖੇਤੀ ਨਵੇਂ ਸਿਰਿਉਂ ਸ਼ੁਰੂ ਕਰਨੀ ਪਈ। ਮੈਂ ਪੜ੍ਹ ਨਾ ਸਕਿਆ। ਪੜ੍ਹਨ ਦੀ ਥਾਂ ਲਿਖਣ ਵੱਲ ਮੇਰੀ ਲਗਨ ਵਧਦੀ ਗਈ।

ਬ. ਸ. : ਅਸੀਂ ਠੋਸ ਰੂਪ ਇਹ ਜਾਨਣਾ ਚਾਹੁੰਦੇ ਹਾਂ ਕਿ ਤੁਹਾਨੂੰ ਤੁਹਾਡੀ ਘਰੇਲੂ ਆਰਥਕ ਹਾਲਤ ਨੇ ਜਾਂ ਪਿਆਰ ਦੇ ਜਜ਼ਬੇ ਨੇ ਜਾਂ ਜ਼ਿੰਦਗੀ ਦੀ ਹੋਰ ਕਿਸੇ ਅਹਿਮ ਘਟਨਾ ਨੇ ਲਿਖਣ ਲਈ ਪ੍ਰੇਰਿਆ ?

ਜ. ਕੰ. ਗੱਲ ਧਾਰਮਿਕ ਜਜ਼ਬੇ ਤੋਂ ਸ਼ੁਰੂ ਕੀਤੀ। ਪਿਆਰ ਦਾ ਪੱਖ ਤਾਂ ਮੇਰੀ ਜ਼ਿੰਦਗੀ 'ਚ ਉਦੋਂ ਉਭਰ ਕੇ ਸਾਹਮਣੇ ਆਇਆ ਜਦੋਂ ਮੈਂ ਪਾਲੀ ਨਾਵਲ ਲਿਖ ਰਿਹਾ ਸਾਂ।

ਕ. ਸ. ਲੇਖਕ ਤੁਸੀਂ ਕਿਹੜੇ ਕਿਹੜੇ ਪੜ੍ਹੇ ?

ਜ. ਕੰ. : ਵਿਕਟਰ ਹਿਊਗੋ, ਮੇਰੀ ਸਕਾਟ, ਬਲਜ਼ਾਕ, ਚਾਰਲਸ ਡਿਕਨਜ਼ ਅਤੇ ਗੋਰਕੀ। ਬਹੁਤੇ ਨਰਿੰਦਰ ਸੋਚ ਦੇ ਅਨੁਵਾਦ ਪੜ੍ਹੇ।

ਕ. ਸ. ਰਾਤ ਬਾਕੀ ਨਾਵਲ ਤੋਂ ਹੀ. ਤੁਹਾਡੇ ਨਾਵਲ ਜਮਾਤੀ-ਜਦੋਂ ਜਹਿਦ ਦਾ ਪ੍ਰਭਾਵ ਨਹੀਂ ਦੇਣ ਲੱਗੇ।

ਜ. ਕੰ. ਹਾਂ ! 1947 ਤੋਂ ਬਾਦ ਮੈਨੂੰ ਇੱਕ ਕਮਿਊਨਿਸਟ ਮੁੰਡੇ ਨੇ ਇੱਕ ਲੀਫਲੇਟ ਦਿੱਤਾ। ਇਹ ਲੀਫਲੇਟ ਪੜ੍ਹ ਕੇ ਮੈਨੂੰ ਉਸ ਠੱਗੀ ਦੀ ਸਮਝ ਆਈ ਜਿਹੜੀ ਠੱਗੀ ਆਜ਼ਾਦੀ ਦੇ ਨਾਉਂ ਤੇ ਇਥੋਂ ਦੇ ਲੋਕਾਂ ਨਾਲ ਵੱਜੀ। ਉਦੋਂ ਮੈਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀ ਨੌਕਰੀ ਕਰਦਾ ਹੁੰਦਾ ਸੀ। ਮੈਨੂੰ ਸ਼ਰੋਮਣੀ ਕਮੇਟੀ ਦੇ ਕਾਰ ਵਿਹਾਰ ਨਾਲ ਘਿਰਣਾ ਜਿਹੀ ਹੋ ਗਈ। ਇਸ ਘਿਰਣਾ ਨੂੰ ਮੈਂ "ਅਸਤੀਫਾ" ਕਹਾਣੀ 'ਚ ਪਰਗਟ ਕੀਤਾ ਇਸ ਕਹਾਣੀ ਨੂੰ ਅਸਤੀਫੇ ਦੇ ਰਪ 'ਚ ਦੇ ਕੇ ਮੈਂ ਸ਼ਰੋਮਣੀ ਕਮੇਟੀ ਦੀ ਨੌਕਰੀ ਛੱਡ ਦਿੱਤੀ।

ਜ. ਸ. ਤੁਹਾਡਾ 1947 ਤੋਂ ਬਾਦ ਇਥੋਂ ਦੀ ਕਮਿਊਨਿਸਟ ਪਾਰਟੀ ਨਾਲ ਕੋਈ ਨੇੜਤਾ ਸੰਬੰਧ ਹੋਇਆ ?

ਜ. ਕੰ. ਹਾਂ ! ਮੇਰੇ ਉਪਰ ਰੂਸੀ-ਚੀਨੀ ਇਨਕਲਾਬ ਦਾ ਪ੍ਰਭਾਵ ਪਿਆ । ਲਾਲ ਪਾਰਟੀ ਦੇ ਆਗੂ ਤੇਜਾ ਸਿੰਘ ਸੁਤੰਤ੍ਰ ਨਾਲ ਤਾਂ ਮੇਰਾ ਸਿਧਾ ਸਬੰਧ ਹੀ ਜੁੜ ਗਿਆ ਸੀ ।

ਜ. ਸ. ਸੁਤੰਤਰ ਨੇ ਅਤੇ ਕਮਿਊਨਿਸਟ ਪਾਰਟੀ ਦੇ ਦੂਸਰੇ ਆਗੂਆਂ ਨੇ ਤੁਹਾਡੇ ਦ੍ਰਿਸ਼ਟੀਕੋਣ ਨੂੰ ਮਾਰਕਸਿਸਟ ਬਨਾਉਣ 'ਚ ਕੋਈ ਸਹਿਯੋਗ ਦਿੱਤਾ ?

ਜ. ਕੰ. ਬੱਸ ਐਵੇਂ ਜਾ ਮਾਤਰ ! ਸੁਤੰਤਰ ਨੂੰ ਉਸ ਸਮੇਂ ਬਹੁਤਾ ਸਮਾਂ ਹੀ ਨਹੀਂ ਸੀ ਮਿਲਦਾ । ਦੂਸਰਿਆਂ ਨੇ ਕੋਈ ਐਨਾ ਬਹੁਤਾਂ ਧਿਆਨ ਨਹੀਂ ਦਿੱਤਾ ।

ਬ. ਸ ਤੁਹਾਡੇ ਦੱਸਣ ਮੁਤਾਬਕ, 1947 ਤੋਂ ਬਾਦ ਹੀ ਤੁਸੀਂ ਮਾਰਕਸਵਾਦੀ ਫਲਸਫੇ ਦੇ ਪ੍ਰਭਾਵ ਹੇਠ ਆ ਗਏ ਸੀ । ਅਤੇ ਇਸ ਫਲਸਫੇ ਅਨੁਸਾਰ ਤੁਹਾਡੀ ਚੇਤੰਨਤਾ ਵਿਕਸਿਤ ਹੋਣੀ ਸ਼ੁਰੂ ਹੋ ਗਈ ਸੀ ਪਰ ਫੇਰ ਵੀ ਤੁਹਾਡੇ ਬਾਦ ਦੇ ਨਾਵਲਾਂ 'ਚ ਜਮਾਤੀ ਜੱਦੋ ਜਹਿਦ ਵਿਕਸਿਤ ਰੂਪ 'ਚ ਧੁਰਾ ਬਣਦੀ ਰਹੀ ? ਕਦੇ ਤੁਸੀਂ 'ਰਾਤ ਬਾਕੀ ਹੈ' ਨਾਵਲ ਲਿਖਿਆ ਕਦੇ 'ਰੂਪ ਧਾਰਾ' ਅਤੇ 'ਬਰਫ ਦੀ ਅੱਗ' ਨਾਵਲ ਲਿਖਿਆ ! ਕਦੇ ਲਹੂ ਦੀ ਲੋਅ ਲਿਖਿਆ ਕਦੇ ਮਨੁੱਖਤਾ ਕਦੇ ਸੌਤਾ ਲਿਖਿਆ, ਜਦੋਂ ਤੁਸੀਂ ਰੂਪ ਧਾਰਾ ਜਾਂ ਬਰਫ ਦੀ ਅੱਗ ਜਿਹੇ ਰੁਮਾਂਟਿਕ ਨਾਵਲ ਲਿਖੇ, ਕੀ ਉਸ ਸਮੇਂ ਕਿਸੇ ਨਾ ਕਿਸੇ ਪੱਧਰ ਤੇ ਜਮਾਤੀ ਜੱਦੋ-ਜਹਿਦ ਮੌਜੂਦ ਨਹੀਂ ਸੀ ?

ਜ. ਕੰ ਬਈ ! ਬਰਫ ਦੀ ਅੱਗ ਨਾਵਲ ਤਾਂ ਇਥੋਂ ਦਾ ਹੈ ਈ ਨਹੀਂ । ਇਹ ਇੰਗਲੈਂਡ ਦਾ ਹੈ । ਇਸ ਨਾਵਲ 'ਚ ਮੈਂ ਪਦਾਰਥਵਾਦ ਅਤੇ ਅਧਿਆਤਮਵਾਦ ਅੰਦਰਲੇ ਟਕਰਾਅ ਨੂੰ ਪੇਸ਼ ਕੀਤਾ ਹੈ । ਨਾਲੇ ਸਦਾ ਲੇਖਕ ਦੀ ਚੇਤੰਨਤਾ 'ਚ ਸਿਆਸਤ ਦਾ ਨਹੀਂ ਪੈਂਦਾ ਰਹਿੰਦਾ । ਕਈ ਵਾਰ ਸਭਿਆਚਾਰ ਦਾ ਪ੍ਰਭਾਵ ਵੀ ਭਾਰੂ ਹੋ ਸਕਦਾ ਹੈ ।

ਜ. ਸ. ਕੰਵਲ ਜੀ ! ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਤੁਹਾਡੀ ਲੇਖਣੀ 'ਚ ਇਕਸਾਰਤਾ ਅਤੇ ਲੜੀਬੱਧਤ ਦੀ ਘਾਟ ਮੌਜੂਦ ਹੈ ਜਿਵੇਂ ਤੁਹਾਡੇ ਕਹਾਣੀ ਸੰਗ੍ਰਹਿ "ਕੰਡੇ" 'ਚ ਇੱਕ ਕਹਾਣੀ ਹੈ ਬੁਢੇ ਕਾਮਰੇਡ ਦੀ । ਉਸ ਕਾਮਰੇਡ ਨੂੰ ਤੁਸੀਂ ਇੱਕ ਪਾਸੇ ਕਮਿਊਨਿਸਟ ਪਾਰਟੀ ਦੇ ਮੈਂਬਰ ਵਿਖਾਇਆ ਹੈ ਦੂਸਰੇ ਪਾਸੇ ਉਸ ਸਮੇਂ ਅਕਾਲੀਆਂ ਵੱਲੋਂ ਚਲਾਏ ਜਾ ਰਹੇ ਮੋਰਚੇ 'ਚ ਸਰਗਰਮ ਰੋਲ ਅਦਾ ਕਰਦਾ ਵਿਖਾਇਆ ਹੈ ।

ਜ. ਕੰ. : ਬਈ ਠੀਕ ਏ. ਉਹ ਬੁੱਢਾ ਕਾਮਰੇਡ ਮੋਰਚੇ 'ਚ ਜਾਂਦੇ, ਪਰ ਜੇ ਕਮਿਊਨਿਸਟ ਪਾਰਟੀਆਂ ਕੁਝ ਕਰਨ ਨਾ ਤਾਂ ਫੇਰ ਲੋਕ ਕਿਧਰ ਜਾਣ ।

ਜ. ਸ. : ਫੇਰ ਤੁਸੀਂ ਕਮਿਊਨਿਸਟ ਪਾਰਟੀ ਦੀ ਗ਼ਲਤ ਲਾਈਨ ਨੂੰ ਨੰਗੀ ਕਿਉਂ ਨਾ ਕੀਤਾ ? ਆਪ-ਮੁਹਾਰਤਾ ਦੇ ਰੁਝਾਣ ਨੂੰ ਹੱਲਾ-ਸ਼ੇਰੀ ਕਿਉਂ ਦਿੱਤੀ ?

ਜ ਕੰ. : ਲਾਈਨ ਨੰਗੀ ਕਰਨ ਦੇ ਮੈਂ ਸਮਰੱਥ ਨਹੀਂ ਸੀ।

ਬ. ਸ. : ਆਰਥਕਤਾ ਅੰਦਰਲੇ ਵਿਰੋਧ ਤੋਂ ਇਲਾਵਾ ਕੰਵਲ ਜੀ ! ਰਾਜਨੀਤੀ ਅਤੇ ਸਭਿਆਚਾਰ ਅੰਦਰਲੇ ਵਿਰੋਧ ਨੂੰ ਸਮਝਿਆ ਜਾ ਸਕਦਾ ਹੈ ?

ਜ. ਕੰ : ਬਿਲਕੁਲ ਨਹੀਂ ਸਮਝਿਆ ਜਾ ਸਕਦਾ.

ਬ. ਸ. : ਫੇਰ ਜੇ ਕੋਈ ਫਿਰਕੇ ਜਾਂ ਧਰਮ ਆਦਿ ਨੂੰ ਆਧਾਰ ਬਣਾ ਕੇ ਕੋਈ ਘੋਲ ਲੜਦਾ ਹੈ ਜਿਵੇਂ ਅੱਜ ਅਕਾਲੀ ਪਾਰਟੀ ਲੜ ਰਹੀ ਹੈ ਤਾਂ ਤੁਸੀਂ ਇਸ ਲੜਾਈ ਨੂੰ ਕੀ ਸਮਝਦੇ ਹੋ ?

ਜ. ਕੰ. : ਸਹੀ ਮੰਗਾਂ ਨਾਲ ਲੋਕਾਂ ਨੇ ਜਾਣਾ । ਜੇ ਲੇਖਕ ਲੋਕਾਂ ਨਾਲ ਨਹੀਂ ਜਾਂਦਾ ਤਾਂ ਉਹ ਲੋਕਾਂ ਨਾਲੋਂ ਟੁੱਟ ਜਾਊ । ਨਿਰਾ ਪਾਰਟੀ ਨਾਲ ਖੜਾ ਰਹੂ । ਪਾਰਟੀ ਵੀ ਉਹ ਜਿਸ ਤੋਂ ਕੁਝ ਹੋ ਨਹੀਂ ਰਿਹਾ । ਲੋਕ ਜੇ ਗ਼ਲਤ ਵੀ ਕਰਦੇ ਐ ਤਾਂ ਉਹਨਾਂ ਨਾਲ ਖੜਨਾ ਚਾਹੀਦਾ ।

ਬ. ਸ. : ਲੇਖਕ ਨੂੰ ਲੋਕਾਂ ਦੇ ਨਾਲ ਗ਼ਲਤ ਲਾਈਨ (ਜਿਹੜੀ ਲੋਕਾਂ ਨੂੰ ਭਰਾ ਮਾਰ ਲੜਾਈ ਵੱਲ ਲੈ ਜਾ ਰਹੀ ਹੈ) ਨੂੰ ਲੋਕਾਂ 'ਚ ਨੰਗੀ ਕਰਨ ਲਈ ਖੜਨਾ ਚਾਹੀਦਾ ਹੈ ਜਾਂ ਨਿਰੋਲ ਦਰਸ਼ਕ ਵਜੋਂ ਖੜਨਾ ਚਾਹੀਦਾ ਹੈ ।

ਜ. ਕੰ. : ਉਹਨਾਂ (ਅਕਾਲੀਆਂ ਅਤੇ ਅੱਤਵਾਦੀਆਂ) ਦੀ ਗ਼ਲਤ ਲਾਇਨ ਦੀ ਮੈਂ ਕਦੇ ਹਮਾਇਤ ਨਹੀਂ ਕੀਤੀ, ਮੈਂ ਹਮੇਸ਼ਾ ਕਹਿੰਦਾ ਰਿਹਾ ਹਾਂ ਕਿ ਮੈਂ ਇਹਨਾਂ ਵਲੋਂ ਪੰਜਾਬ ਦੇ ਵੱਧ ਅਧਿਕਾਰਾਂ ਦੀਆਂ ਉਠਾਈਆਂ ਮੰਗਾਂ ਦੀ ਹਮਾਇਤ ਕਰਦਾ ਹਾਂ, ਲੇਕਿਨ ਮੇਰੀ ਰਾਜਨੀਤੀ ਉਨ੍ਹਾਂ ਨਾਲੋਂ ਵੱਖਰੀ ਹੈ ।

ਬ. ਸ. : ਸਭਿਆਚਾਰ ਦੇ ਵਿਕਾਸ ਬਾਰੇ ਤੁਹਾਡੀ ਕੀ ਧਾਰਨਾ ਹੈ ?

ਜ. ਕੰ. : ਆਰਥਿਕ ਪੱਖੋਂ ਜਿਹੜੀ ਯੂਨਟੀ (ਇਕਾਈ) ਇਸ ਖੇਤਰ 'ਚ ਜਿਉਂ ਰਹੀ ਐ ਅਤੇ ਕੰਮ ਕਰ ਰਹੀ ਹੈ । ਉਹਨਾਂ ਦਾ ਨਾਲ ਦੀ ਨਾਲ ਸਭਿਆਚਾਰਕ ਵਿਕਾਸ ਵੀ ਹੋ ਰਿਹਾ ਹੈ । ਗੱਲ ਇਹ ਐ ਇਥੋਂ ਦੇ ਬਹੁਤ ਸਾਰੇ ਹਿੰਦੂ ਤਬਕੇ ਨੇ ਪੰਜਾਬੀ ਨੂੰ ਮਾਤ-ਭਾਸ਼ਾ ਮੰਨਣੋਂ ਨਾਂਹ ਕਰ ਦਿੱਤੀ ਐ । ਬਾਹਰਲੀ ਲੇਬਰ, ਭੱਠਿਆਂ ਦੀ, ਸੜਕਾਂ ਦੀ ਖੇਤਾਂ ਦੀ ਜਿਸ ਤਰ੍ਹਾਂ ਬਾਹਰੋਂ ਲਿਆਂਦੀ ਜਾ ਰਹੀ ਐ; ਛਾਉਣੀਆਂ ਪਾ ਪਾ ਕੇ ਇਥੋਂ ਦੇ ਪੰਜਾਬੀਆਂ ਨੂੰ ਬਾਹਰ ਧੱਕਿਆ ਜਾ

ਰਿਹਾ ਹੈ । ਇਸ ਤਰ੍ਹਾਂ ਦਿਨੋ ਦਿਨ ਇਥੇ ਗੈਰ ਪੰਜਾਬੀਆਂ ਦੀ ਗਿਣਤੀ ਵੱਧਦੀ ਜਾ ਰਹੀ ਐ ਅਤੇ ਪੰਜਾਬੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਮੈਂ ਇਸ ਗੱਲ ਦੀ ਪੀੜ ਮੰਨਦਾ ਹਾਂ ਜੋ ਸਾਡੇ ਕੋਲ ਪੰਜਾਬੀ ਜ਼ਬਾਨ ਨਹੀਂ ਰਹਿਣੀ। ਪੰਜਾਬੀਅਤ ਹੀ ਨਹੀਂ ਰਹਿਣੀ ਤਾਂ ਸਾਡਾ ਜਿਉਣਾ ਬਿਲਕੁਲ ਵੱਖਰਾ ਹੋ ਜਾਵੇਗਾ। ਮੈਂ ਪੰਜਾਬੀ ਹੋਣ ਦੇ ਨਾਤੇ ਪੰਜਾਬੀਅਤ ਨੂੰ ਜਿਉਂਦਾ ਰੱਖਣਾ ਚਾਹੁੰਦਾ ਹਾਂ।

ਬ. ਸ. : ਭਲਾ ਕੰਵਲ ਜੀ ! ਜਦ ਅੱਜ ਪੈਦਾਵਾਰੀ ਸ਼ਕਤੀਆਂ ਅਤੇ ਸਮਾਜ ਦੀ ਪੈਦਾਵਾਰੀ ਮਿਹਨਤ ਦਾ ਵਿਕਾਸ ਸੰਸਾਰ ਪੱਧਰ ਤੇ ਹੋ ਚੁੱਕਾ ਹੈ ਤੇ ਵਿਕਾਸ ਦੀ ਇਸ ਪ੍ਰਕ੍ਰਿਆ ਨਾਲੋਂ ਸੰਸਾਰ ਦੀ ਕੋਈ ਵੀ ਆਰਥਿਕ ਇਕਾਈ ਅਤੇ ਸਾਡੇ ਪੰਜਾਬ ਦੀ ਆਰਥਕ ਇਕਾਈ ਟੁੱਟੀ ਹੋਈ ਨਹੀਂ ਤਾਂ ਫੇਰ ਸਭਿਆਚਾਰਕ ਇਕਾਈ ਆਪਣੀ ਮੌਲਿਕਤਾ ਦੀ ਸੀਮਾ 'ਚ ਵਿਕਾਸ ਕਿਵੇਂ ਕਰ ਸਕਦੀ ਹੈ ? ਫੇਰ ਇਸ ਨੂੰ ਤੁਸੀਂ ਕੀ ਸਮਝਦੇ ਹੋ, ਜਿਤਨਾ ਵਿਦੇਸ਼ੀ ਸ਼ਬਦਾਂ ਨੂੰ (ਜਿਹੜੇ ਆਪਣੀ ਵਸਤੂ ਦੇ ਪ੍ਰਤੀਕ ਹਨ) ਤੁਸੀਂ ਵੀ, ਅਸੀਂ ਵੀ ਤੇ ਦੂਸਰੇ ਲੋਕ ਵੀ ਜਾਂ ਪੰਜਾਬੀ ਦਾ ਸ਼ਬਦ ਕੋਸ਼ ਵੀ ਹਜ਼ਮ ਕਰ ਰਿਹਾ ਹੈ । ਟਰੈਕਟਰ, ਕੰਬਾਈਨ, ਲੇਬਰ ਜਿਹੇ ਹੋਰ ਬੇਅੰਤ ਸ਼ਬਦਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ।

ਜ. ਸ. : ਕੰਵਲ ਜੀ ! ਜਿਵੇਂ ਗੁਰਦਾਸ ਮਾਨ ਦਾ ਗੀਤ ਹੈ 'ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ। ਕੀ ਘੱਗਰਿਆਂ ਦੀ ਥਾਂ ਅੱਜ ਵਿਦੇਸ਼ੀ ਸਾੜੀਆਂ ਨੇ ਨਹੀਂ ਲਈ ਹੋਈ ? ਫੁਲਕਾਰੀਆਂ ਦੀ ਥਾਂ ਵਿਦੇਸ਼ੀ ਸ਼ੌਲਾਂ ਨੇ ਨਹੀਂ ਆ ਮੱਲੀ ?

ਜ. ਕੰ. : ਬਈ ! ਇਹੋ ਤਾਂ ਗੱਲ ਮਾੜੀ ਐ । ਮੈਂ ਪੰਜਾਬੀਅਤ ਨੂੰ ਜਿਉਂਦਾ ਰੱਖਣਾ ਚਾਹੁੰਨਾ—ਤੁਹਾਨੂੰ ਪੰਜਾਬੀਅਤ ਦੇ ਸੰਕਲਪ ਨੂੰ ਸਮਝਣ ਲਈ ਹੋਰ ਪੜ੍ਹਨਾ ਚਾਹੀਦੈ ।

ਕ. ਸ. . ਕੰਵਲ ਜੀ ! ਪਿੱਛੇ ਤੁਸੀਂ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ ਭਈਏ ਸਾਡੇ ਕਲਚਰ ਨੂੰ ਖਰਾਬ ਕਰਦੇ ਨੇ ?

ਜ. ਸ. : ਫੇਰ ਤੁਹਾਡੀ ਸਮਝ ਮੁਤਾਬਕ ਤਾਂ ਅਸੀ ਵੀ ਭਈਆਂ ਦੇ ਕਲਚਰ ਨੂੰ ਖਰਾਬ ਨਹੀਂ ਕਰਦੇ ? ਜਿਵੇਂ ਅਸੀਂ ਵੇਖਦੇ ਹਾਂ ਕਿ ਭਈਆਂ ਤੇ ਸਾਡੀ ਬੋਲੀ ਰਹਿਣ ਸਹਿਣ ਅਤੇ ਖਾਣ-ਪੀਣ ਆਦਿ ਦਾ ਪ੍ਰਭਾਵ ਪੈ ਰਿਹਾ ਹੈ ।

ਜ. ਕੰ. : ਤਕੜੇ ਸਭਿਆਚਾਰ ਦਾ ਪ੍ਰਭਾਵ ਪਛੜਿਆ ਸਭਿਆਚਾਰ ਅਕਸਰ ਕ਼ਬੂਲ ਹੀ ਲੈਂਦਾ ਹੈ ।

ਜ. ਸੰ. : ਕੰਵਲ ਜੀ ! ਅਜੋਕੇ ਪੰਜਾਬੀ ਸਭਿਆਚਾਰ ਅਨੁਸਾਰ, ਜਿਸ ਉਮਰ 'ਚ ਤੁਸੀਂ ਡਾ, ਜਸਵੰਤ ਗਿੱਲ ਨਾਲ ਵਿਆਹ ਕਰਵਾਇਆ ਹੈ ਇਸ ਉਮਰ ਦੇ ਵਿਆਹ ਨੂੰ ਪੰਜਾਬੀ ਲੋਕ ਠੀਕ ਨਹੀਂ ਸਮਝਦੇ । ਇਸ ਬਾਰੇ ਤੁਹਾਡਾ ਕੀ ਵਿਚਾਰ ਹੈ ।

ਜ. ਕੰ : ਬਈ । ਮੈਂ ਇਸ ਗੱਲ ਨੂੰ ਬਹੁਤ ਛੋਟੀ ਗੱਲ ਸਮਝਦਾ ਹਾਂ । ਮੈਂਟਲ ਲੈਵਲ (ਮਾਨਸਿਕ ਬਰਾਬਰਤਾ) ਨੂੰ ਮੈਂ ਅਹਿਮ ਸਮਝਦਾ ਹਾਂ । ਬਾਕੀ ਮੇਰੇ ਅਤੇ ਡਾ. ਗਿੱਲ ਦੇ ਸਬੰਧ ਪੁਰਾਣੇ ਸਨ । ਇਹ ਜੇ ਮੇਰੀ ਜ਼ਿੰਦਗੀ ਵਿਚ ਨਾ ਅਉਂਦੀ ਤਾਂ ਸ਼ਾਇਦ ਮੈਂ ਇੰਨਾ ਕੁਝ ਨਾ ਲਿਖ ਸਕਦਾ । ਮੇਰੇ ਲੇਖਕ ਬਨਣ 'ਚ ਇਹਨਾਂ ਦਾ ਮਹੱਤਵ ਪੂਰਨ ਰੋਲ ਹੈ । ਸਾਡੇ ਸਾਰੇ ਪ੍ਰਵਾਰ 'ਚ ਆਪਸੀ ਪੂਰਾ ਸਹਿਯੋਗ ਹੈ ।

ਬ ਸ. : ਪਛੜੇ ਜਗੀਰੂ ਯੁਗ ਅੰਦਰ ਚੱਲੀ ਜਮਾਤੀ ਜੱਦੋ ਜਹਿਦ ਦੀ ਤਰਜਮਾਨੀ ਫਿਲਾਸਫੀ ਅਰਥਾਤ ਗੁਰਬਾਣੀ ਆਦਿ ਦੀ ਰੌਸ਼ਨੀ ਰਾਹੀਂ ਅਜੋਕੇ ਸਾਮਰਾਜਵਾਦੀ ਪ੍ਰਬੰਧ ਨੂੰ ਸਮਝਿਆ ਜਾ ਸਕਦਾ ਹੈ ? ਅਤੇ ਇਸ ਪ੍ਰਬੰਧ ਦੀ ਖੁਰਾ ਖੋਜਾ ਮਿਟਾਉਣ ਵਾਲੀ ਜਮਾਤੀ ਜਦੋ ਜਹਿਦ ਅਗਾਂਹ ਵਧਾਈ ਜਾ ਸਕਦੀ ਹੈ ?

ਜ. ਕੰ. : ਜਗੀਰੂ ਯੁੱਗ ਦੀ ਤਰਜਮਾਨ ਫਿਲਾਸਫੀ ਇਹ ਕਾਰਜ ਨਹੀਂ ਕਰ ਸਕਦੀ । ਇਸ ਕਾਰਜ ਨੂੰ ਅਜੋਕੇ ਯੁੱਗ ਦੀ ਸਾਇੰਟੇਫਿਕ ਥਿਊਰੀ ਹੀ ਪੂਰਾ ਕਰ ਸਕਦੀ ਹੈ ।

ਜ. ਸ. : ਪਰ ਕੰਵਲ ਜੀ ! ਤੁਸੀਂ ਆਪਣੇ ਨਾਵਲ ਮੋੜਾਂ ਦੇ ਪਾਤਰ ਗਿਆਨੀ ਜੀ ਦੇ ਮੂੰਹੋਂ ਵਾਰ ਵਾਰ ਇਹ ਉਪਦੇਸ਼ ਦਿਵਾਇਆ ਹੈ ਕਿ ਤੁਸੀਂ ਬਾਹਰਲਾ ਸਿਧਾਂਤ ਕਿਉਂ ਚੁੱਕੀ ਫਿਰਦੇ ਹੋ । ਤੁਸੀਂ ਆਪਣਾ ਇਤਿਹਾਸ ਕਿਉਂ ਨਹੀਂ ਲੈਂਦੇ, ਤੁਸੀਂ ਮਾਰਕਸ, ਏਂਗਲਜ ਲੈਨਿਨ, ਸਟਾਲਨ ਤੇ ਮਾਓ ਨੂੰ ਚੁੱਕੀ ਫਿਰਦੇ ਹੋ। ਤੁਸੀਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਨੂੰ ਕਿਉਂ ਨਹੀਂ ਲੈਂਦੇ ?

ਬ. ਸ. : ਮਾਰਕਸਵਾਦ-ਲੈਨਿਨਵਾਦ ਕੰਵਲ ਜੀ ਬਾਹਰਲਾ ਸਿਧਾਂਤ ਕਿਵੇਂ ਹੈ ? ਕੀ ਇਹ ਸਾਇੰਟੇਫਿਕ ਥਿਊਰੀ ਨਹੀਂ ? ਕੀ ਇਸ ਸਾਇੰਟੇਫਿਕ ਥਿਊਰੀ ਦੇ ਅਨੁਸਾਰ ਰੂਸ-ਚੀਨ ਦੇ ਲੋਕਾਂ ਨੇ ਇਨਕਲਾਬ ਨਹੀਂ ਸੀ ਕੀਤੇ ?

ਜ. ਕੰ. : ਮੈਂ ਇਸਨੂੰ ਸਾਇੰਸਟੇਫਿਕ ਥਿਊਰੀ ਮੰਨਦਾ ਹਾਂ । ਅਤੇ ਇਹ ਵੀ ਮੰਨਦਾ ਹਾਂ ਕਿ ਇਸ ਥਿਊਰੀ ਰਾਹੀਂ ਇਨਕਲਾਬ ਹੋਏ ਪਰ ਮੈਂ ਇਹ ਕਹਿੰਦਾ ਹਾਂ ਕਿ ਆਪਣੇ ਵਿਰਸੇ ਦੀ ਇਤਿਹਾਸਕ ਨੀਂਹ ਨਹੀਂ ਪਕੜੀ। ਆਪਣੀ ਹਿਸਟਰੀ ਦੀ ਇਨਕਲਾਬੀ ਧਾਰਾ ਨੂੰ ਛੱਡ ਕੇ ਬਿਗਾਨੇ ਇਨਕਲਾਬ ਦੀ ਧਾਰਾ ਨੂੰ ਜਾ ਫੜਿਆ । ਜਿਹੜੀ ਲੋਕਾਂ ਦੀ ਸਮਝ 'ਚ ਨਹੀਂ ਆਈ । ਗੁਰੂ ਗੋਬਿੰਦ ਸਿੰਘ ਨੇ ਜ਼ਾਤਪਾਤ ਤੋੜ ਕੇ ਯੂਨਟੀ ਬਣਾਈ ।

ਅਸੀਂ ਜੇ ਉਸ ਯੂਨਟੀ ਨੂੰ ਪ੍ਰੋਲੇਤਾਰੀ ਯੂਨਟੀ ਵਜੋਂ ਲੈਂਦੇ ਤਾਂ ਗੱਲ ਹੋਰ ਹੋਣੀ ਸੀ। ਪਹਿਲੀਆਂ ਦੋਵਾਂ ਕਮਿਊਨਿਸਟ ਪਾਰਟੀਆਂ ਨੇ ਇਸ ਨੂੰ ਫਿਰਕੂ ਗੱਲ ਆਖ ਕੇ ਛੱਡ ਦਿੱਤਾ। ਤੀਜੀ ਨੇ ਇਤਿਹਾਸ ਨੂੰ ਵਰਤਣ ਵਲ ਕੁਝ ਨਾ ਕੁਝ ਧਿਆਨ ਦਿੱਤਾ।

ਬ. ਸ. : ਮਾਰਕਸਵਾਦ-ਲੈਨਿਨਵਾਦ ਦੀ ਰੋਸ਼ਨੀ 'ਚ ਆਪਣੀ ਇਤਿਹਾਸਕ ਕਲਾਸ ਸਟਰੱਗਲ ਦੇ ਤੱਤ ਨੂੰ ਸਮਝ ਕੇ ਵਰਤਮਾਨ ਕਲਾਸ ਸਟਰੱਗਲ ਦੀ ਸੇਵਾ 'ਚ ਤਾਂ ਭੁਗਤਾਇਆ ਜਾ ਸਕਦਾ ਹੈ ਪਰ ਕੰਵਲ ਜੀ। ਇਤਿਹਾਸ ਨੂੰ ਸਾਇੰਟਿਫਿਕ ਥਿਉਰੀ ਦਾ ਰੁਤਬਾ ਨਹੀਂ ਦਿੱਤਾ ਜਾ ਸਕਦਾ।

ਜ. ਕੰ : ਠੀਕੈ ਤੁਹਾਡੀ ਗੱਲ। ਥਿਊਰੀ ਤਾਂ ਸਾਇੰਟਿਫਿਕ ਹੀ ਠੀਕ ਹੈ ਪਰ ਇਸ ਨੂੰ ਇਤਿਹਾਸ ਅਤੇ ਲੋਕਾਂ ਨਾਲ ਜੋੜਕੇ ਹੀ ਠੀਕ ਰੂਪ 'ਚ ਲਾਗੂ ਕੀਤਾ ਜਾ ਸਕਦੈ।

ਜ. ਸ. : ਪਰ ਕੰਵਲ ਜੀ ! ਤੁਹਾਡਾ ਮੋੜਾ ਨਾਵਲ ਪੜ੍ਹ ਕੇ ਇਉਂ ਲਗਦੈ ਜਿਵੇਂ ਤੁਸੀਂ ਸਿੱਖ ਫਿਲਾਸਫ਼ੀ ਨੂੰ ਮਾਰਕਸਵਾਦ ਲੈਨਿਨਵਾਦ ਦੇ ਉੱਪਰ ਦੀ ਸਮਝਦੇ ਹੋ ?

ਜ. ਕੰ. : ਤੁਹਾਡਾ ਇਹ ਪ੍ਰਭਾਵ ਗਲਤ ਐ। ਮੈਂ ਇਸ ਨਾਵਲ 'ਚ ਕਿਸਾਨੀ ਦੀ ਪਾਰਟੀ ਬਣਾਉਣ ਦੀ ਜ਼ਰੂਰ ਗੱਲ ਕੀਤੀ ਐ।

ਬ. ਸ. : ਪਰ ਕੰਵਲ ਜੀ ! ਸਾਇੰਟੇਫਿਕ ਥਿਊਰੀ ਅਧੀਨ ਹੋਏ ਤਜਰਬੇ ਤਾਂ ਇਹ ਦਸਦੇ ਐ ਕਿ ਮਜ਼ਦੂਰ ਪਾਰਟੀ ਦੀ ਅਗਵਾਈ ਹੇਠ ਲਾਮਬੰਦ ਹੋਏ ਮਿਹਨਤ-ਕਸ਼ ਲੋਕ ਇਸ ਗਲਤ-ਨਜ਼ਾਮ ਨੂੰ ਬਦਲ ਸਕਦੇ ਨੇ ਪਰ ਤੁਸੀਂ ਇੱਥੇ ਹਕੀਕਤ ਨੂੰ ਉਲਟੀ ਖੜੀ ਕਰ ਰਹੇ ਹੋ ?

ਜ ਕੰ. : ਚੀਨ ਵਿਚ ਕੀ ਮਾਓ ਨੇ ਕਿਸਾਨੀ ਇਨਕਲਾਬ ਨਹੀਂ ਸੀ ਕੀਤਾ ?

ਬ ਸ. : ਪਰ ਮਾਓ ਨੇ ਚੀਨੀ ਇਨਕਲਾਬ ਵਿਚ ਕੰਵਲ ਜੀ ! ਕਿਸਾਨ ਪਾਰਟੀ ਦੀ ਅਗਵਾਈ 'ਚ ਨਹੀਂ ਸੀ ਕੀਤਾ। ਪ੍ਰੋਲੇਤਾਰੀ ਪਾਰਟੀ ਦੀ ਅਗਵਾਈ 'ਚ ਕੀਤਾ ਸੀ। ਕਾ: ਮਾਓ ਨੇ ਵਾਰ ਵਾਰ ਆਖਿਆ ਸੀ ਇਨ-ਕਲਾਬ ਕਰਨ ਲਈ ਤਿੰਨ ਸ਼ਰਤਾਂ ਜ਼ਰੂਰੀ ਹਨ। ਮਾਰਕਸਵਾਦ-ਲੈਨਿਨਵਾਦ ਨਾਲ ਆਤਮਸ਼ਾਂਤ ਮਜ਼ਦੂਰ ਜਮਾਤ ਦੀ ਪਾਰਟੀ, ਸਾਂਝਾ ਮੋਰਚਾ ਅਤੇ ਲਾਲ ਫੌਜ।

ਜ. ਸ. : ਕੰਵਲ ਜੀ ! ਇਹ ਸਾਇੰਸਟੇਫਿਕ ਥਿਊਰੀ ਦਾ ਨੁਕਸ ਨਹੀਂ। ਇਸ ਨੂੰ ਅਸਲ 'ਚ ਲਾਗੂ ਕਰਨ 'ਚ ਕਮਜ਼ੋਰੀ ਹੈ।

ਬ. ਸ. : ਤੁਸੀਂ ! ਸੁਮੀਤ, ਸੁਖਰਾਜ ਖੱਦਰ, ਡਾ: ਤਿਵਾੜੀ ਅਤੇ ਹੋਰ ਜਿਹੜੇ ਸਾਧਾਰਨ ਅਤੇ ਸਾਊ ਲੋਕਾਂ ਦੇ ਕਤਲ ਹੋ ਰਹੇ ਹਨ, ਨੂੰ ਕੀ ਸਮਝਦੇ ਹੋ ?

ਜ. ਕੰ. : ਪਹਿਲੀ ਗੱਲ ਐ, ਮੈਂ ਇਹ ਸਮਝਦਾ ਹਾਂ ਕਿ ਇਹ ਕਤਲ ਨਹੀਂ ਹੋ ਰਹੇ। ਬਾਕਾਇਦਾ ਗਿਣੀ-ਮਿਥੀ ਪਾਲਸੀ ਦੇ ਅਨੁਸਾਰ ਕਰਵਾਏ ਜਾ ਰਹੇ ਹਨ। ਇਨ੍ਹਾਂ ਕਤਲਾਂ ਨੂੰ ਮੈਂ ਬਹੁਤ ਮਾੜੀ ਗੱਲ ਸਮਝਦਾ ਹਾਂ ਇਨ੍ਹਾਂ ਕਤਲਾਂ ਤੇ ਅੱਤਵਾਦੀਆਂ ਦੀ ਜਿਥੇ ਮੈਂ ਪੁਰਜ਼ੋਰ ਨਿਖੇਧੀ ਕਰਦਾ ਹਾਂ ਉਥੇ ਨਾਲ ਦੀ ਨਾਲ ਕਾਂਗਰਸ ਸਰਕਾਰ ਨੂੰ ਮੁੱਖ ਦੋਸ਼ੀ ਠਹਿਰਾਉਂਦਾ ਹਾਂ ਇਹਨਾਂ ਕਾਤਲਾਂ ਦਾ।

ਬ. ਸ. : ਕੰਵਲ ਜੀ ! ਤੁਸੀਂ ਆਪਣੇ ਨਾਵਲ ਮੋੜੇ ਦੇ ਪਾਤਰ ਕੁਲਵਿੰਦਰ (ਜਿਸ ਨੂੰ ਤੁਸੀਂ ਇਨਕਲਾਬੀ ਵਿਖਾਇਆ ਹੈ) ਦੇ ਮੂੰਹੋਂ ਅਖਵਾਇਆ ਹੈ ਕਿ ਅਸੀਂ ਵੀ ਇਸੇ ਤਰ੍ਹਾਂ ਦੀ ਮਨੁੱਖਤਾ ਲਈ ਲੜ ਰਹੇ ਹਾਂ। ਭਲਾ ਕੰਵਲ ਜੀ ! ਜੇ ਸਮਾਜਵਾਦੀ ਯੁਗ ਦੀ ਮਨੁੱਖਤਾ, ਅਜੋਕੇ ਬੁਰਜੂਆ ਯੁਗ 'ਚ ਪੈਦਾ ਕੀਤੀ ਜਾ ਸਕਦੀ ਹੈ ਤਾਂ ਫੇਰ ਇਸ ਯੁੱਗ ਨੂੰ ਬਦਲਣ ਦੀ ਕੁਲਵਿੰਦਰ ਹੋਰਾਂ ਨੂੰ ਕੀ ਲੋੜ ਹੈ ?

ਜ. ਕੰ. : ਵਈ ! ਕੁਲਵਿੰਦਰ ਨਿੱਜੀ ਮਨੁਖਤਾ ਦੀ ਗੱਲ ਕਰਦਾ ਹੈ ਸਮੁੱਚੀ ਮਨੁੱਖਤਾ ਦੀ ਗੱਲ ਨਹੀਂ ਕਰਦਾ।

ਬ. ਸ. : ਮਨੁੱਖ ਦਾ ਨਿੱਜ ਕੀ ਅਜੋਕੇ ਬਰਜੂਆ ਪ੍ਰਬੰਧ ਤੋਂ ਆਜ਼ਾਦ ਆਪਣੀ ਕੋਈ ਅਲੇਹਿਦੀ ਹੋਂਦ ਰੱਖਦਾ ਹੈ ?

ਜ. ਕੰ. : ਮੈਂ ਸਮਝਦਾ ਹਾਂ ਕਿ ਜਗੀਰੂ ਅਤੇ ਬਰਜੂਆ ਯੁਗ ਅੰਦਰ ਵੀ ਨਿੱਜੀ ਮਨੁੱਖਤਾਂ ਵਾਲੇ ਚੰਗੇ ਬੰਦੇ ਹੋ ਸਕਦੇ ਹਨ।

ਜ. ਸ. : ਕੀ ਕੰਵਲ ਜੀ ! ਸਟੇਟ ਅੰਦਰਲੀ ਨਿੱਜੀ ਮਨੁੱਖਤਾਂ ਵਾਲੇ ਬੰਦੇ ਸਟੇਟ 'ਚ ਰਹਿੰਦੇ ਹੋਏ ਸਟੇਟ ਤੋਂ ਉਪਰ ਵੀ ਹੋ ਕੇ ਆਪਣੀ ਆਜ਼ਾਦ ਹੈਸੀਅਤ ਰੱਖ ਸਕਦੇ ਹਨ ?

ਜ. ਕੰ. : ਨਹੀਂ ਰੱਖ ਸਕਦੇ।

ਬ. ਸ. : ਤਾਂ ਫੇਰ ਕੰਵਲ ਜੀ ਨਿੱਜੀ ਮਨੁੱਖਤਾ ਨੂੰ ਸਟੇਟ ਦੇ ਚਰਿੱਤਰ ਬਾਰੇ ਭੁਲੇਖਾ ਖੜਾ ਕਰਨਾ ਨਹੀਂ ?

ਜ. ਸ. : ਆਪਣੇ ਮੋੜਾ ਨਾਵਲ ਦਾ ਤੁਸੀਂ ਮਨੁੱਖਤਾ ਨਾਵਲ ਉਲਟ ਵਿਖਾਇਆ ਹੈ ਡਾਕਟਰ ਅਤੇ ਨਰਸਾਂ ਦੇ ਸੁਭਾਅ ਦਾ ਚਰਿੱਤਰ ਆਮ ਕੋਮਲ ਹੁੰਦਾ ਹੈ ਅਤੇ ਡੀ. ਸੀ ਅਤੇ ਐਸ. ਐਸ. ਪੀ., ਡੀ.ਐਸ.ਪੀ. ਆਦਿ ਸੁਭਾਅ ਨਿਰਦਈ ਹੁੰਦਾ ਹੈ। ਪਰ ਤੁਸੀਂ ਮਨੁੱਖਤ ਨਾਵਲ 'ਚ ਤਾਂ ਡੀ. ਐੱਸ. ਪੀ. ਅਤੇ ਡੀ.ਸੀ. ਅਤੇ ਐਸ. ਐਸ. ਪੀ ਨੂੰ ਰਹਿਮ ਦਿਲ ਸਿੰਬਲ ਦੇ ਤੌਰ ਤੇ ਪੇਸ਼ ਕੀਤਾ ਹੈ ਪਰ ਮੋੜਾ ਨਾਵਲ 'ਚ ਡਾਕਟਰਾਂ ਨਰਸਾਂ ਨੂੰ ਪੱਥਰ ਦਿਲ ਸਿੰਬਲ ਵਜੋਂ

ਪੇਸ਼ ਕੀਤਾ ਹੈ। ਜਦੋਂ ਕਿ ਕੋਮਲ ਕਲਾਵਾਂ ਦੀ ਮਾਲਕ ਰਚਨਾ ਦੀ ਦਰਦਨਾਕ ਹਾਲਤ ਡਾਕਟਰਾਂ-ਨਰਸਾਂ ਦੀ ਹਮਦਰਦੀ ਜਿੱਤਣ ਦਾ ਗੁਣ ਰੱਖਦੀ ਸੀ.

ਜ. ਕੰ. : ਮੈਨੂੰ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਸ਼੍ਰੇਣੀਆਂ 'ਚ ਵੀ ਚੰਗੇ ਹੁੰਦੇ ਹਨ ਡਾਕਟਰ, ਰਚਨਾ ਨੂੰ ਜ਼ਰੂਰ ਦਾਖ਼ਲ ਕਰ ਲੈਂਦੇ ਜੇ ਉਨਾਂ ਨੂੰ ਉਪਰੋਂ ਟੈਲੀਫੂਨ ਨਾ ਆਇਆ ਹੁੰਦਾ।

ਜ ਸ. : ਕੰਵਲ ਜੀ ! ਤੁਸੀਂ ਸਿੱਖ ਫਿਲਾਸਫੀ ਅਤੇ ਹਿੰਦੂ ਫਿਲਾਸਫ਼ੀ 'ਚ ਕੋਈ ਅੰਤਰ ਸਮਝਦੇ ਹੋ ?

ਜ. ਕੰ. : ਮੈਂ ਹਿੰਦੂ ਫਿਲਾਸਫੀ ਨਾਲੋਂ ਸਿੱਖ ਫ਼ਿਲਾਸਫੀ ਨੂੰ ਅਗਾਂਹ ਵਧੂ ਮੰਨਦਾ ਹਾਂ ਅਤੇ ਸਿੱਖ ਫਿਲਾਸਫੀ ਨਾਲੋਂ ਮਾਰਕਸਵਾਦੀ ਫਿਲਾਸਫੀ ਨੂੰ ਅਗਾਂਹ ਵਧੂ ਮੰਨਦਾ ਹਾਂ।

ਬ. ਸ. : ਜਮਾਤੀ ਯੁੱਗ 'ਚ ਕੰਵਲ ਜੀ ! ਪਿਆਰ ਜਮਾਤਾਂ ਦੀ ਆਰਥਕਤਾ ਨਾਲੋਂ ਆਪਣੀ ਕੋਈ ਵੱਖਰੀ ਹੋਂਦ ਰੱਖਦਾ ਹੈ ? ਸਾਨੂੰ ਤੁਹਾਡੀਆਂ ਲਿਖਤਾਂ 'ਚ ਇਹ ਪ੍ਰਭਾਵ ਮਿਲਦਾ ਹੈ ਜਿਵੇਂ ਤੁਸੀਂ ਪਿਆਰ ਨੂੰ ਕੋਈ ਸੁਪਰ ਪਾਵਰ ਸਮਝਦੇ ਹੋ ?

ਜ. ਕੰ. : ਮੈਨੂੰ ਇਉਂ ਲਗਦਾ ਹੈ ਜਿਵੇਂ ਤੁਸੀਂ ਪਿਆਰ ਨੂੰ ਆਰਥਕਤਾ ਨਾਲ ਜਰਬਾ ਰਹੇ ਹੋ। ਬਾਕੀ ਸੁਪਰ ਪਾਵਰ ਬਾਰੇ ਹਾਲੇ ਬੜੇ ਭੁਲੇਖੇ ਨੇ। ਮੈਨੂੰ ਕਈ ਵਾਰੀ ਇਉਂ ਮਹਿਸੂਸ ਹੁੰਦਾ ਹੈ ਅਣਹੱਦ ਦੀ ਵੀ ਕੋਈ ਸਟੇਜ ਐ—ਜਿਵੇਂ ਐ ਕਿਉਂ ਹੈ ? . ਇਸ ਗੱਲ ਦਾ ਮੈਨੂੰ ਹਾਲੇ ਤੱਕ ਕੋਈ ਪਤਾ ਨਹੀਂ। ਇਸ ਨੂੰ ਸੁਪਰ ਪਾਵਰ ਬਣਾ ਲਈ ਜਾਂ ਮਨ ਦੀ ਉਚਾਈ ਦੀ ਕੋਈ ਸਟੇਜ ਸਮਝ ਲਈਏ। ਪਰ ਹੈ ਜ਼ਰੂਰ ।

ਕ. ਸ. : ਕੰਵਲ ਜੀ ! ਪਿਆਰ ਅਸੀਂ ਜਮਾਤਾਂ ਦੀ ਆਰ-ਥਕਤਾ ਨਾਲ ਇਉਂ ਜੁੜਿਆ ਮੰਨਦੇ ਹਾਂ ਜਿਵੇਂ ਧਰਤੀ ਅੰਦਰਲੇ ਬੂਟੇ ਦੀ ਟਾਹਣੀ ਨਾਲ ਫੁੱਲ ਜੁੜਿਆ ਹੁੰਦਾ ਹੈ ਭਾਵ ਪਿਆਰ ਸੁਪਰ-ਸਟਰਕਰ (ਪਰ-ਉਸਾਰ) ਦਾ ਅੰਗ ਹੈ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ ?

ਜ. ਕੰ. : ਮੇਰਾ ਇਸ ਬਾਰੇ ਕੋਈ ਵਿਚਾਰ ਨਹੀਂ। ਐਵੇਂ ਤੁਹਾਨੂੰ ਆਖਾਂ।

ਬ. ਸ. : ਜਦੋਂ ਕੰਵਲ ਜੀ ! ਮਨੁੱਖ ਦੀਆਂ ਇਛਾਵਾਂ ਅਤੇ ਖਾਹਿਸ਼ਾਂ ਆਦਿ ਅਤੇ ਇਨ੍ਹਾਂ ਦੀਆਂ ਵਸਤਾਂ ਦਾ ਖਿਆਲ ਦੌਲਤ ਜਾਂ ਮੁਦਰਾ ਦੱਲੇ ਦਾ ਰੋਲ ਅਦਾ ਕਰ ਰਹੀ ਹੋਵੇ ਤਾਂ ਉਸ ਸਮੇਂ ਪਿਆਰ ਕਲਾ ਆਦਿ ਜਿਣਸ ਬਣੇ ਬਿਨਾਂ ਨਹੀਂ ਰਹਿ ਸਕਦੇ ਹਨ ?

ਜ. ਕੰ. : ਜਿਣਸ ਬਣੇ ਬਿਨਾਂ ਨਹੀਂ ਰਹਿ ਸਕਦੇ। ਇਹ ਸਚਾਈ ਹੈ। ਇਸ ਕਰਕੇ ਤਾਂ ਮੈਂਟਲ ਲੈਵਲ ਨੂੰ ਆਪਣੇ ਨਾਵਲਾਂ 'ਚ ਉਚਿਆਉਂਦਾ ਸਾਂ।

ਜ. ਸ. : ਕੰਵਲ ਜੀ ! ਪਿੱਛੇ ਜਿਹੇ ਜਿਹੜਾ ਤੁਹਾਡੀ ਲੜਕੀ ਦਾ ਕਤਲ ਹੋ ਗਿਆ ਸੀ ਉਸ ਬਾਰੇ ਤੁਹਾਡੇ ਕੀ ਵਿਚਾਰ ਸਨ ?

ਜ. ਕੰ. : ਮੇਰੀ ਉਹ ਲੜਕੀ ਉਸ ਮੁੰਡੇ ਨੂੰ ਪਿਆਰ ਕਰਦੀ ਸੀ ਜਿਹੜਾ ਵਿਦੇਸ਼ ਵਿਚ ਰਹਿੰਦਾ ਸੀ। ਲੜਕੀ ਦੀ ਮਰਜ਼ੀ ਅਨੁਸਾਰ ਵਿਆਹ ਉਸ ਲੜਕੇ ਨਾਲ ਕੀਤਾ ਗਿਆ। ਬਾਦ 'ਚ ਲੜਕੀ ਅਤੇ ਲੜਕੇ ਦੀ ਆਪਸ 'ਚ ਅਣ-ਬਣ ਹੋ ਗਈ। ਲੜਕੀ ਦੇ ਇਧਰ ਇਕ ਰਾਮਗੜ੍ਹੀਏ ਮੁੰਡੇ ਨਾਲ ਸਬੰਧ ਬਣ ਗਏ। ਉਸਨੇ ਮੈਨੂੰ ਕਿਹਾ ਬਾਪੂ ਜੀ ! ਮੈਂ ਇਸ ਮੁੰਡੇ ਨਾਲ ਮੈਰਿਜ ਕਰਵਾਉਣੀ ਹੈ। ਲੜਕੀ ਦੀ ਮਾਨਸਿਕ ਸਥਿਤੀ ਨੂੰ ਸਮਝਦਿਆਂ, ਮੈਂ ਲੜਕੀ ਨੂੰ ਪਹਿਲੇ ਮੁੰਡੇ ਕੋਲੋਂ ਤਲਾਕ ਲੈ ਦਿੱਤਾ। ਮੈਨੂੰ ਨਾਵਲ ਛਪਵਾਉਣ ਲਈ ਸਿੰਘਾਪੁਰ ਜਾਣਾ ਪਿਆ। ਬਾਦ 'ਚ ਮੇਰੀ ਲੜਕੀ ਨੇ ਰਾਮਗੜ੍ਹੀਆ ਮੁੰਡੇ ਨਾਲ ਵਿਆਹ ਕਰ-ਵਾਉਣ ਲਈ ਕਾਰਡ ਛਪਵਾਏ। ਸਾਡੇ ਕਿਸੇ ਰੂੜੀ-ਵਾਦੀ ਵਿਚਾਰਾਂ ਵਾਲੇ ਨਜ਼ਦੀਕੀ ਨੇ ਪਰੰਪਰਾ-ਇਸ਼ਟ-ਇਸ਼ੂ ਅਧੀਨ ਕੁੜੀ ਨੂੰ ਕਤਲ ਕਰ ਦਿੱਤਾ। ਉਸ ਕਾਤਲ ਨਾਲ ਹੁਣ ਸਾਡੇ ਉੱਕਾ ਹੀ ਸਬੰਧ ਨਹੀਂ। ਇਸ ਬਾਰੇ ਮੇਰੇ ਸਿਆਸੀ ਵਿਰੋਧੀਆਂ ਨੇ ਜਿਹੜਾ ਗ਼ਲਤ ਪ੍ਰਚਾਰ ਕੀਤਾ ਹੈ ਮੈਂ ਉਸ ਨੂੰ ਬਕਵਾਸ ਸਮਝਦਾ ਹਾਂ। ਮੈਂ ਪਿਆਰ ਅਤੇ ਆਜ਼ਾਦੀ ਦਾ ਮੁਦੱਈ ਹਾਂ। ਇਹੋ ਵਿਸ਼ਾ ਮੇਰੀਆਂ ਲਿਖਤਾਂ ਦਾ ਆਧਾਰ ਬਣਦਾ ਆ ਰਿਹਾ ਹੈ।

ਬ. ਸ. : ਕੰਵਲ ਜੀ ! ਤੁਹਾਡਾ ਬਹੁਤ-2 ਸ਼ੁਕਰੀਆ !

ਜ. ਸ. : ਡਾ. ਗਿੱਲ ਜੀ, ਤੁਹਾਡਾ ਵੀ ਬਹੁਤ-ਬਹੁਤ ਸ਼ੁਕਰੀਆ। ਜਿਹੜਾ ਸਹਿਯੋਗ ਤੁਸੀਂ ਸਾਨੂੰ ਇੰਟਰ-ਵਿਊ ਦੌਰਾਨ ਦਿੱਤਾ, ਉਸਦਾ ਧੰਨਵਾਦ।

ਕ. ਸ. : ਸਭਾ ਵਲੋਂ ਕੰਵਲ ਜੀ ! ਅਸੀਂ ਤੁਹਾਡੇ ਸਾਰੇ ਪ੍ਰਵਾਰ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਤੁਹਾਡੀ ਗੈਰ-ਹਾਜ਼ਰੀ 'ਚ ਸਾਡੀ ਵਧੀਆ ਆਓ-ਭਗਤ ਕੀਤੀ।

ਵਲੋਂ :—ਬਾਰੂ ਸਤਵਰਗ
ਸਕੱਤਰ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ।
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 100

**1**. ਫ੍ਰਿਕਾਪ੍ਰਸਤੀ ਦਾ ਕੀ ਹੱਲ ਹੋਵੇ, ਹਰ ਇਕ ਇਨਸਾਫ ਪਸੰਦ ਵਿਅਕਤੀ ਲਈ ਸਵਾਲ ਹੈ। ਕਿਉਂਕਿ ਅੱਜ ਤਕ ਲੱਗਭਗ ਪਿਛਲੇ ਦੋ ਸਾਲਾਂ ਤੋਂ ਸਰਕਾਰ ਵਲੋਂ ਫਿਰਕਾ-ਪ੍ਰਸਤੀ ਨੂੰ ਨੱਥ ਪਾਉਣ ਲਈ ਦਵਾ ਦੁਤਾਲੀ ਤੋਂ ਗਵਰਨਰੀ ਰੂਲ ਪੁਲਿਸ ਰੂਲ ਗੜਵੜ ਵਾਲੇ ਇਲਾਕੇ ਕਰਾਰ ਦੇਣ ਦੇ ਵਾਵਜੂਦ ਜਾਂ ਫਿਰਕੂ ਜਥੇਬੰਦੀ ਸਿੱਖ ਸਟੂਡੈਂਡ ਫੈਡਰੇਸ਼ਨ ਤੇ ਪਾਬੰਦੀ ਲਾਉਣ ਦੇ ਬਾਵਜੂਦ ਉਸੇ ਤਰ੍ਹਾਂ ਬੇਗੁਨਾਹ ਲੋਕਾਂ ਦੇ ਕਤਲ, ਲੁਟਾਂ, ਖੋਹਾਂ, ਬੈਂਕ ਡਾਕੇ ਘੱਟ ਗਿਣਤੀ ਵਿਚ ਦਹਿਸ਼ਤ ਦੀਆਂ ਕਾਰਵਾਈਆਂ ਜਾਰੀ ਹੀ ਨਹੀਂ ਸਗੋਂ ਵਧੀਆਂ ਜਾ ਰਹੀਆਂ ਹਨ ਇਹ ਫਿਰਕੂ ਅੱਗ ਪੰਜਾਬ ਤਕ ਹੀ ਸੀਮਤ ਨਾ ਰਹਿ ਕੇ ਹਰਿਆਣਾ ਜਾਂ ਇਸ ਤੋਂ ਬਾਹਰ ਤਕ ਫੈਲ ਕੇ ਭਾਂਬੜ ਬਣ ਚੁਕੀ ਹੈ ਏਥੋਂ ਤਕ ਕਿ ਰੰਕਾਰੀਆਂ ਹਿੰਦੂਆਂ ਨੂੰ ਕਤਲ ਕਰਨ ਤੋਂ ਅਗੇ ਜਿਹੜੇ ਕਮਿਊਨਿਸਟ ਇਨਕਲਾਬੀ ਫਿਰਕਾਪ੍ਰਸਤੀ ਦੇ ਖਿਲਾਫ ਧੜੱਲੇ ਨਾਲ ਲੜਨ ਅਤੇ ਬੋਲਣ ਦੀ ਜੁੱਰਤ ਕਰਦੇ ਹਨ ਸਗੋਂ ਉਹਨਾਂ ਦੇ ਵੀ ਕਤਲ ਹੋਣੇ ਸ਼ੁਰੂ ਹੋ ਗਏ ਏਸ ਕੁਰਸੀ ਯੁਧ ਵਿਚ ਵੱਖ ਵੱਖ ਮੌਕਾਪ੍ਰਸਤ ਸਿਆਸੀ ਪਾਰਟੀਆਂ ਅਤੇ ਅਖੌਤੀ ਖੁਦਗਰਜ਼ ਧਾਰਮਿਕ ਆਗੂ ਅਰਾਮ ਨਾਲ ਉਸੇ ਤਰ੍ਹਾਂ ਗੱਦੀਆਂ ਤੇ ਬਿਰਾਜਮਾਨ ਹਨ। ਕੀ ਵੱਖ ਵੱਖ ਅਖਬਾਰਾਂ ਦੇ ਸੰਪਾਦਕਾਂ ਦੇ ਕਤਲਾਂ ਨਾਲ ਕਿਸੇ ਦੀ ਵਿਚਾਰਧਾਰਾ ਨੂੰ ਰੋਕਿਆ ਜਾ ਸਕਦਾ? ਕੀ ਸਾਥੀ ਸੁਖਰਾਜ ਖੱਦਰ ਚੰਗਿਆੜੀ ਦੇ ਸੰਪਾਦਕ ਦਾ ਕਤਲ ਸਾਰੀਆਂ ਕਮਿਊਨਿਸਟ ਪਾਰਟੀਆਂ ਦੀ ਜ਼ਮੀਰ ਨੂੰ ਝੰਜੜਦਾ ਨਹੀਂ ? ਕੀ ਸੈਂਕੜਿਆਂ ਦੀ ਗਿਣਤੀ 'ਚ ਬੇਗੁਨਾਹ ਲੋਕਾਂ ਦੇ ਕੀਤੇ ਗਏ ਕਤਲ ਮਿਹਨਤਕਸ਼ ਲੋਕਾਂ ਦੀ ਜ਼ਮੀਰ ਨੂੰ ਨਹੀਂ ਝੰਜੋੜਦੇ। ਕੀ ਇਹ ਸਭ ਕੁਝ ਇਸੇ ਤਰ੍ਹਾਂ ਵਾਪਰਦਾ ਰਹੇਗਾ ? ਕੀ ਸਾਨੂੰ ਸਰਕਾਰ ਤੋਂ ਆਸ ਕਰਨੀ ਚਾਹੀਦੀ ਹੈ ਕਿ ਸਾਡੀ ਰਾਖੀ ਉਹ ਕਰੇ ਜਾਂ ਪੁਲੀਸ, ਇਹ ਸਭ ਕੁਝ ਪਖੰਡ ਹੈ, ਆਪਣੀ ਰਾਖੀ ਆਪ ਕਰਨ ਦੀ ਇਕੱਠੇ ਹੋ ਕੇ ਲੋੜ ਹੈ ਤਾਂਕਿ ਮਿਹਨਤਕਸ਼ ਲੋਕਾਂ ਦੀ ਆਪਣੀ ਹੱਕੀ ਲੜਾਈ ਜਮਾਤ ਦੇ ਖਿਲਾਫ ਕਾਇਮ ਤੇ ਚਾਲੂ ਰਹਿ ਸਕੇ ਮੇਰਾ ਇਹ ਸੁਝਾਓ ਹੈ ਕਿ ਸਾਰੀਆਂ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਨੂੰ ਏਸ ਲੋਕ ਵਿਰੋਧੀ ਜਮਹੂਰੀ ਮਸਲੇ ਤੇ ਸਿਧਾਂਤਕ ਮੱਤਭੇਦ ਬਰਕਰਾਰ ਰਖਦਿਆਂ ਇਕ ਹੋਣ ਦੀ ਲੋੜ ਹੈ, ਨਹੀਂ ਤਾਂ ਅੱਜ ਸੁਖਰਾਜ ਖਦਰ ਦਾ ਕਤਲ ਹੋਇਆ, ਏਸੇ ਤਰ੍ਹਾਂ ਸੁਰਖ ਰੇਖਾ ਦੇ ਸੰਪਾਦਕ ਨੂੰ ਕਤਲ ਕਰਨ ਦੀਆਂ ਧਮਕੀਆਂ, ਕਿਸਾਨ ਯੂਨੀਅਨ ਦੇ ਜਥੇਬੰਦਕ ਸਕੱਤਰ ਨੂੰ ਮਾਰਨ ਦੀਆਂ, ਪੰਜਾਬ ਨੌਜਵਾਨ ਭਾਰਤ ਸਭਾ ਦੇ ਸਕੱਤਰ ਮੇਘ ਰਾਜ ਭਗਤੂ ਆਣਾ ਨੂੰ ਮਾਰਨ ਦੀਆਂ ਧਮਕੀਆਂ ਜਾਂ ਸਿੱਖ ਜਨੂੰਨੀਆਂ ਵਲੋਂ ਇਨਕਲਾਬੀ ਸ਼ਕਤੀਆਂ ਨੂੰ ਖਤਮ ਕਰਨ ਵਰਗੇ ਬੇਸ਼ਰਮ ਕਾਰੇ, ਸੁਧਾਰ ਵਿਚ ਸਿਖ ਜਨੂੰਨੀਆਂ ਵਲੋਂ ਇਕ ਕਾਰਕੂੰਨ ਨੂੰ ਗੁਰਦਵਾਰੇ 'ਚ ਲਿਜ ਕੇ ਤਸੀਹੇ ਦੇਵੋ ਆਦਿ ਵਰਗੀਆਂ ਘਟਨਾਵਾਂ ਆਉਣ ਵਾਲੇ ਸਮੇਂ ਵਿਚ ਕਦੇ ਵੀ ਵਾਪਰ ਸਕਦੀਆਂ ਹਨ। ਇਹ ਗੱਲ ਸਾਫ਼ ਹੈ ਕਿ ਇਹ ਸਭ ਕੁਝ ਸਰਕਾਰ ਦੀ ਸ਼ਹਿਤੇ ਹੋ ਰਿਹਾ ਕਿਉਂਕਿ ਲੁਧਿਆਣੇ ਮੋਲਡਰ ਸਟੀਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਬਲਜਿੰਦਰ ਸਿੰਘ ਅਤੇ ਸੁਧਾਕਰ ਨੂੰ ਏਸ ਲਈ ਉਥੋਂ ਦੀ ਪੁਲੀਸ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਤਸੀਹੇ ਦਿਤੇ ਗਏ ਕਿਉਂਕਿ ਉਹ ਫਿਰਕਾਪ੍ਰਸਤੀ ਦੇ ਖਿਲਾਫ ਆਪਣੀ ਯੂਨੀਅਨ ਦੇ ਲੀਫਲੈਟ ਵੰਡ ਰਹੇ ਸਾਥੀ ਨੂੰ ਥਾਣੇ 'ਚੋਂ ਰਿਹਾ ਕਰਵਾਉਣ ਗਏ ਸੀ ਕੀ ਇਹ ਸਰਕਾਰ ਦੀ ਨੇਕ ਨੀਅਤ ਹੈ, ਇਹ ਸਭ ਕੁਝ ਪਾੜੋ ਤੇ ਰਾਜ ਕਰੋ ਦੀ ਨੀਤੀ ਅੰਗਰੇਜ਼ ਸਰਕਾਰ ਵਾਂਗ ਇਹਨਾਂ ਸਰਕਾਰਾਂ ਦੀ ਵੀ ਲੋੜ ਹੈ ਕਿਉਂਕਿ ਇਹ ਵਡੇ ਸਰਮਾਏਦਾਰ ਸਾਮਰਾਜਵਾਦ ਜਗੀਰਦਾਰ ਜਮਾਤ ਦੀ ਨੁਮਾਇੰਦਾ ਸਰਕਾਰਾਂ ਹਨ, ਇਹ ਹਮੇਸ਼ਾਂ ਲੁਟੇਰੀ ਜਮਾਤ ਦੇ ਹਿਤਾਂ ਵਿਚ ਹੀ ਭੁਗਤਦੀਆਂ ਹਨ, ਮਿਹਨਤਕਸ਼ ਜਮਾਤ ਨੂੰ ਕੁਚਲਣ ਦੀ ਕੋਸ਼ਿਸ਼ ਕਰਦੀਆਂ ਹਨ।

ਸੋ ਲੋੜ ਏਸ ਗੱਲ ਦੀ ਹੈ ਕਿ ਤੁਸੀਂ ਕੋਈ ਸਾਂਝੀ ਮੀਟਿੰਗ ਕਮਿਊਨਿਸਟ ਇਨਕਲਾਬੀ ਤੇ ਲੋਕ ਪੱਖੀ ਪੇਪਰਾਂ 'ਸੁਰਖ ਰੇਖਾ' ਜ਼ਫਰਨਾਮਾ, ਜੈਕਾਰਾ, ਪਰਚੰਡ, ਹਿਰਾਵਲ ਦਸਤਾ ਜਾਂ ਹੋਰ ਅਗਾਂਹ ਵਧੂ ਪੇਪਰਾਂ ਪਾਰਟੀਆਂ, ਗਰੁਪਾਂ ਜਨਤਕ ਜਥੇਬੰਦੀਆਂ ਦੀ ਇਕ ਪੰਜਾਬ ਪੱਧਰ ਤੇ ਮੀਟਿੰਗ ਬੁਲਾਓ ਜਿਸ ਵਿਚ ਘੱਟੋ ਘੱਟ ਪ੍ਰੋਗਰਾਮ ਤੇ ਸਾਥੀ ਸਹਿਮਤ ਹੋਣ ਤੇ ਸਾਰਿਆਂ ਦੀ ਇਕ ਸਾਂਝੀ ਐਕਸ਼ਨ ਕਮੇਟੀ ਬਣਾਓ ਤੇ ਵਡੇ ਪੱਧਰ ਤੇ ਇਸ਼ਤਿਹਾਰ ਲੀਫਲੈਟ ਹਿੰਦੂ ਸਿਖ ਜਨੂੰਨੀਆਂ ਦੇ ਖਿਲਾਫ ਦਲੇਰੀ ਨਾਲ ਟਾਕਰਾ ਲੈਣ ਲਈ ਕਢੋਂ ਪੰਜਾਬ ਪਧਰ ਤੇ ਆਪਣੇ ਡੀਫੈਂਸ ਲਈ ਹਥਿਆਰ ਬੰਦ ਮੁਜ਼ਾਹਰੇ ਜਥੇਬੰਦ ਕੀਤੇ ਜਾਣ ਤੇ ਇਹਨਾਂ ਲੋਕ ਦੋਖੀਆਂ ਨੂੰ ਸਬਕ ਸਿਖਾਇਆ ਜਾਵੇ। ਜਿਵੇਂ ਸੁਧਾਰ ਵਿਚ ਹਥਿਆਰਬੰਦ ਮੁਜਾਹਰਾ ਹੋਇਆ ਜਾਂ ਭਗਤੂ ਆਣੇ ਵਿਚ ਨੌਜਵਾਨ ਭਾਰਤ ਸਭਾ ਦੀ ਲੀਡਰ-ਸ਼ਿਪ ਥੱਲੇ ਹਥਿਆਰਬੰਦ ਮੁਜ਼ਾਹਰਾ ਕੀਤਾ ਗਿਆ ਤੇ ਨਿਹੰਗਾਂ ਦੇ ਡੇਰੇ ਦਾ ਘਿਰਾਓ ਕਰਨਾ ਆਦਿ, ਇਹਨਾਂ ਆਟੇ 'ਚ ਲੂਣ, ਦਹਿਸ਼ਤ ਪਸੰਦ ਫ੍ਰਿਕੂ ਟੋਲਿਆਂ, ਭਿੰਡਰਾਂ ਪਵਨੇ ਵਰਗੇ ਸਿਰਫਿਰੇ ਜਨੂੰਨੀਆਂ ਨਾਲ ਸਾਮ੍ਹਣੀ ਟੱਕਰ ਲੈਣ ਲਈ ਜਨਤਕ ਪੱਧਰ ਤੇ ਉਭਾਰ ਤਿਆਰ ਕੀਤਾ

ਜਾਵੇ ਕਿਉਂਕਿ ਇਹਨਾਂ ਦੀ ਪਸ਼ੂਵਿਰਤੀ ਏਥੋਂ ਤਕ ਵਧ ਚੁਕੀ ਹੈ ਕਿ ਇਹਨਾਂ ਨੇ ਦਲੀਲਾਂ ਨਾਲ ਠੀਕ ਨਹੀਂ ਆਉਣਾ । ਅਗਰ ਅਸੀਂ ਜਾਂ ਕਮਿਉਨਿਸਟ ਇਨਕਲਾਬੀ ਜਾਂ ਜਮਹੂਰੀ ਲਹਿਰ ਨੂੰ ਪ੍ਰਨਾਏ ਲੋਕ ਇਹੋ ਜਿਹਾ ਕੋਈ ਉਪਾਓ ਨਹੀਂ ਕਰਨਗੇ ਤਾਂ ਜੋ ਕੁਝ ਅੱਜ ਤਕ ਕੀਤਾ ਕਮਾਇਆ ਸਾਰਾ ਖੂਹ 'ਚ ਪੈ ਜਾਵੇਗਾ । ਲੋਕਾਂ ਨੂੰ ਵੀ ਏਸ ਗੱਲ ਦਾ ਵਿਸ਼ਵਾਸ ਹੈ ਕਿ ਕਮਿਉਨਿਸਟ ਇਨਕਲਾਬੀ ਅਗੇ ਲਗਣ ਤਾਂ ਅਸੀ ਸਾਥ ਦੇਵਾਂਗੇ ਕਿਉਂਕਿ ਸਾਰੇ ਕਾਰੋਵਾਰ ਵਪਾਰ ਠਪ ਪਏ ਹਨ ਲੋਕਾਂ ਵਿਚ ਡਰ ਦਾ ਮਹੌਲ ਬਣਿਆ ਪਿਆ ਹੈ ਜਬਰ ਜ਼ੁਲਮ ਦੀ ਹੱਦ ਟੱਪ ਚੁਕੀ ਹੈ · ਇਕ ਪਾਸੇ ਸਰਕਾਰ ਦੇ ਜਾਬਰ ਵਾਰ ਦੂਜੇ ਪਾਸੇ ਲੋਕ ਦੋਖੀ ਫ਼ਿਰਕੂ ਟੋਲਿਆਂ ਦੇ ਜਾਬਰ ਵਾਰਾਂ ਦਾ ਮੁਕਾਬਲਾ ਕਰਨ ਲਈ ਕਮਰਕਸੇ ਕਸਣੇ ਪੈਣੇ ਹਨ ਕਿਉਂਕਿ ਇਹਨਾਂ ਲੋਕ ਵਿਰੋਧੀ ਤਾਕਤਾਂ ਨੂੰ ਕਮਿਉਨਿਸਟ ਇਨਕਲਾਬੀ ਏਸ ਕਰਕੇ ਚੁਭ ਰਹੇ ਹਨ ਕਿ ਇਹ ਸਮੁਚੇ ਲੁੱਟੂ ਨਿਜ਼ਾਮ ਨੂੰ ਹਥਿਆਰਬੰਦ ਤਾਕਤ ਨਾਲ ਤਹਿਸ ਨਹਿਸ ਕਰਨਾ ਹੈ ਬਾਕੀ ਇਹੋ ਜਿਹੇ ਅਖੌਤੀ ਮਰੋੜਿਆਂ ਨੇ ਤਾਂ ਸਰਕਾਰ ਦੀ ਕੀ ਟੰਗ ਤੋੜਨੀ ਹੈ । ਜਮਾਤੀ ਏਕਾ ਹੀ ਠੱਲ ਪਾ ਸਕੇਗਾ

—ਨਵਜੋਤ

**2.** ਪੇਪਰ ਸਮਤਾ ਲਗਾਤਾਰ ਮਿਲ ਰਿਹਾ ਹੈ । ਆਪ ਜੀ ਵੱਲੋਂ ਲਿਖੀ 'ਹਿੱਟ ਲਿਸਟ' ਬਹੁਤ ਵਧੀਆ ਲੱਗੀ ਹੈ । ਖਾਸ ਕਰਕੇ ਸੰਪਾਦਕੀ ਜਿਸ ਵਿਚ ਸਭ ਕੁਝ ਬਾਰੇ ਸਪਸ਼ਟ ਕੀਤਾ ਗਿਆ ਹੈ ਕਿ ਅਸਲ ਲੜਾਈ ਕੀ ਹੈ ?

ਅੱਜ ਦੇ ਹਾਲਾਤ ਵਿਚ ਨਕਸਲੀ ਗਰੁਪਾਂ ਨੂੰ ਘੱਟੋ ਘੱਟ ਸਮਝ ਦੇ ਆਧਾਰ ਤੇ ਇਕ ਥਾਂ ਇਕੱਠਾ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ । ਅੱਜ ਦੇ ਹਾਲਾਤਾਂ ਵਿਚ ਜਦੋਂ ਹਰ ਗਰੁੱਪ ਨੇ ਆਪਣੀਆਂ ਦੋ ਚਾਰ ਜਥੇਬੰਦੀਆਂ ਲੈ ਕਿ 'ਐਕਸ਼ਨ ਕਮੇਟੀਆਂ ਬਣਾਈਆਂ ਹੋਈਆਂ ਹਨ । ਇਸ ਹਾਲਤ ਵਿਚ ਇਹਨਾਂ ਸਾਰਿਆਂ ਨੂੰ ਇਕ ਥਾਂ ਤੇ ਇਕੱਠਾ ਕਰਕੇ ਇਕ ਵਿਸ਼ਾਲ ਆਧਾਰ ਬਣਾਇਆ ਜਾਵੇ ਤਾਂ ਕਿ ਇਹਨਾਂ ਫਿਰਕਾਪ੍ਰਸਤਾਂ ਵਿਰੁੱਧ ਕੋਈ ਜਥੇਬੰਦਕ ਕਾਰਵਾਈ ਕੀਤੀ ਜਾਵੇ । ਇਸ ਤਰ੍ਹਾਂ ਅਸੀਂ ਕਦ ਤੱਕ ਆਪਣੀਆਂ ਆਪਣੀਆਂ ਟਿੰਡਾਂ ਵਜਾਉਂਦੇ ਰਹਾਂਗੇ । ਸਾਨੂੰ ਹਾਲਤ ਤੋਂ ਕੁੱਝ ਸਿਖਣਾ ਚਾਹੀਦਾ ਹੈ ਕਿ ਹਾਲਾਤ ਕਿਸ ਤੇਜ਼ੀ ਨਾਲ ਵਿਗੜ ਰਹੇ ਹਨ । ਜਦੋਂ ਅੱਜ ਇਨਕਲਾਬੀਆਂ ਦੇ ਪੇਪਰ ਬੰਦ ਕਰਨ, ਉਹਨਾਂ ਦੇ ਵਰਕਰਾਂ ਨੂੰ ਜਾਨੋਂ ਮਾਰਨ ਦੀਆਂ ਕੋਸ਼ਿਸ਼ਾਂ, ਪਿੰਡਾਂ ਵਿਚ ਕਿਸੇ ਇਕੱਠ ਨੂੰ ਬੋਲਣ ਤੋਂ ਰੋਕਣਾ, ਅਮਨ ਮਾਰਚਾਂ ਤੇ ਹਮਲੇ ਹੋਣ ਤਾਂ ਕੀ ਅਸੀਂ ਆਪਸ ਵਿਚ ਹੀ ਲੜਦੇ ਰਹਾਂਗੇ ?

ਆਉ ਹੁਣ ਵੇਹਲੇ ਹੋ ਕਿ ਆਪਣੇ ਨਿੱਕੇ ਮੋਟੇ ਮੱਤ-ਭੇਦ ਲਾਂਭੇ ਰੱਖ ਕਿ ਫਿਰਕਾਪ੍ਰਸਤੀ ਦੇ ਵਿਰੋਧ ਵਾਸਤੇ ਵਿਸ਼ਾਲ ਆਧਾਰ ਬਣਾਈਏ, ਨਹੀਂ ਤੇ ਅਸੀਂ ਮਾਰ ਖਾ ਜਾਵਾਂਗੇ । ਆਖਰਕਾਰ ਕਦ ਤੱਕ ਰੂਸ, ਚੀਨ ਬਾਰੇ ਬਹਿਸਾਂ ਕਰਦੇ ਰਹਾਂਗੇ । ਪੰਜਾਬ ਬਾਰੇ ਕੁਝ ਸੋਚੋ । ਕਦ ਤੱਕ ਕੌਮਾਂਤਰੀਵਾਦੀ ਹੋਣ ਦੀਆਂ ਗੱਲਾਂ ਕਰਦੇ ਰਹਾਂਗੇ ਜਦੋਂ ਅਸੀਂ ਆਪਣੇ ਸੂਬੇ ਵਿਚ ਹੀ ਹਾਲਤਾਂ ਨਾਲ ਸਹੀ ਤਰੀਕੇ ਨਾਲ ਨਹੀਂ ਨਿਬੜ ਸਕੇ । ਇਸ ਲਈ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਹਨਾਂ ਨੂੰ ਇਕ ਥਾਂ ਤੇ ਇਕੱਠੇ ਸੱਦੋ ਜਾਂ ਗੋਲ ਮੇਜ਼ ਗੱਲਬਾਤ ਕਰਕੇ ਇਹਨਾਂ ਨੂੰ ਸੰਗਠਤ ਕਰੋ । ਇਹ ਸਾਡੀ ਦਿਲੀ ਖਾਹਸ਼ ਹੈ ਕਿ ਆਪ ਇਸ ਪਾਸੇ ਜ਼ਰੂਰ ਵਿਚਾਰ ਕਰੋਗੇ ।

o

[ਕਾ.ਵਿਨੋਦ ਮਿਸ਼ਰਾ ਦੀ ਅਗਵਾਈ ਵਾਲੀ ਕੇਂਦਰੀ ਕਮੇਟੀ ਦਾ ਸੀ. ਪੀ. ਆਈ. (ਐਮ. ਐਲ.) ਦੇ ਕੁਲ ਇਨਕਲਾਬੀਆਂ ਨੂੰ ਸੱਦਾ]—

## 3. ਇਕ ਮੁੱਠ ਤਾਂ ਆਪਾਂ ਜ਼ਰੂਰ ਹੋਣਾ ਹੈ

22 ਅਪਰੈਲ ਨੂੰ ਸਾਡੀ ਪਾਰਟੀ ਆਪਣੇ ਸੋਲਵੇਂ ਸਾਲ ਵਿਚ ਪੈਰ ਰੱਖੇਗੀ । ਪਿਛਲੇ ਪੰਦਰਾਂ ਸਾਲਾਂ ਵਿਚ ਸਾਡੀ ਪਾਰਟੀ ਨੇ ਸੱਤਾ ਹਥਿਆਉਣ ਲਈ ਭਾਰਤੀ ਜਨਤਾ ਦੀ ਪਹਿਲੀ ਸੁਚੇਤ ਅਤੇ ਜਥੇਬੰਦ ਲੜਾਈ ਦੀ ਅਗਵਾਈ ਕੀਤੀ, ਵਹਿਸ਼ੀਆਨਾ ਜ਼ੁਲਮ ਦਾ ਟਾਕਰਾ ਕੀਤਾ ਅਤੇ ਲਹਿਰ ਨੂੰ ਸੱਟ ਲੱਗਣ ਅਤੇ ਡੂੰਘੀ ਫੁੱਟ ਦੇ ਬਾਵਜੂਦ ਜਮਹੂਰੀ ਘੋਲਾਂ ਦੀ ਮੂਹਰਲੀ ਕਤਾਰ ਵਿਚ ਵੱਖ-ਵੱਖ ਰੂਪਾਂ ਵਿਚ ਰਹੀ । ਵੱਖ-ਵੱਖ ਹਿੱਸਿਆਂ ਵਿਚ ਟੁਟੀ ਸੀ.ਪੀ.ਆਈ. (ਐਮ. ਐਲ) ਅੱਜ ਵੀ ਭਾਰਤੀ ਇਨਕਲਾਬ ਦਾ ਹਰਾਵਲ ਦਸਤਾ ਹੈ ਅਤੇ ਭਾਰਤੀ ਜਨਤਾ ਤਹਿ ਦਿਲੋਂ ਸਾਡਾ ਏਕਾ ਅਤੇ ਮੌਜੂਦਾ ਸਿਆਸੀ ਹਾਲਤ ਵਿਚ ਸਾਡੀ ਅਸਰਦਾਰ ਦਖਲ-ਅੰਦਾਜ਼ੀ ਚਾਹੁੰਦੀ ਹੈ । ਵੱਖ ਵੱਖ ਟੋਟਿਆਂ ਵਿਚ ਵੰਡਿਆਂ ਰਹਿਣਾ ਗੈਰ-ਪਾਰਟੀ ਕਮਿਊਨਿਸਟ ਇਨਕਲਾਬੀਆਂ ਨੂੰ ਆਪਣੀ ਹੋਂਦ ਬਣਾਈ ਰੱਖਣ ਦਾ ਮੌਕਾ ਦਿੰਦਾ ਹੈ ਅਤੇ ਜਨਤਾ ਦੇ ਜਮਹੂਰੀ ਘੋਲਾਂ ਨੂੰ ਉੱਨਤ ਪੱਧਰ ਤੇ ਲਿਜਾਣ ਦੀ ਸਾਡੀ ਅੰਦਰੂਨੀ ਸਮਰੱਥਾ ਕੁਛ ਦੱਬਵੀਂ ਹੀ ਰਹਿ ਜਾਂਦੀ ਹੈ । ਏਸੇ ਲਈ ਸੀ.ਪੀ.ਆਈ. (ਐਮ.ਐਲ) ਦਾ ਏਕਾ ਕੁੱਲ ਕਮਿਊਨਿਸਟ ਇਨਕਲਾਬੀ ਗਰੁੱਪਾਂ ਨੂੰ ਇਕ ਮੁੱਠ ਕਰਨ ਦੀ ਕੁੰਜੀ ਹੈ ਅਤੇ ਇਹ ਸਾਨੂੰ ਅਧੂਰੇ ਜਮਹੂਰੀ ਇਨਕਲਾਬ ਨੂੰ ਪੂਰਾਂ ਕਰਨ ਲਾਇਕ ਤਾਜ਼ਾ ਪਰਚੰਡ ਤਾਕਤ ਨਾਲ ਜ਼ਰੂਰ ਹੀ ਭਰ ਦੇਵੇਗਾ ।

ਭਾਵੇਂ ਸਾਡਾ ਵਿਰਸਾ ਸਾਂਝਾ ਹੈ ਪਰ ਇਹ ਵੀ ਇਕ ਡਾਢੀ ਅਸਲੀਅਤ ਹੈ ਕਿ ਅਸੀਂ ਲੰਮੇ ਸਮੇਂ ਤੋਂ ਅੱਡ-ਅੱਡ ਕੰਮ ਕਰ ਰਹੇ ਹਾਂ । ਭਾਵੇਂ ਇਸ ਪਿੱਛੇ ਕਾਰਣ

ਕੋਈ ਵੀ ਹੋਵੇ ਪਰ ਲੰਮੇਂ ਸਮੇਂ ਦੇ ਵਿਛੋੜੇ ਨੇ ਸਾਡੇ ਅੰਦਰ ਆਪਸੀ ਮੇਲ ਜੋਲ ਅਤੇ ਇਕਰੂਪਤਾ ਦੇ ਵਿਕਾਸ ਨੂੰ ਕਾਫ਼ੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਹੈ, ਸੌੜੀ ਅਤੇ *ਗਰੁੱਪ-ਮਨੋਬਿਰਤੀ ਨੂੰ ਮਜ਼ਬੂਤ ਕਰਨ* ਵਿਚ ਮਦਦ ਕੀਤੀ ਹੈ ਅਤੇ ਸਾਡੇ ਅੰਦਰਲੀ ਖਾਈ ਨੂੰ ਸਥਾਈ ਬਣਾਉਣ ਦੀ ਕੋਸ਼ਿਸ ਕੀਤੀ ਹੈ। ਪਰ ਹਰ ਸਾਲ 22 ਅਪਰੈਲ ਸਾਨੂੰ ਆਪਣੀ ਸਾਂਝੀ ਬੰਸ-ਪਰੰਪਰਾ ਅਤੇ ਸਾਂਝੇ ਪਿਛੋਕੜ ਦੀ ਯਾਦ ਦੁਆਉਂਦਾ ਹੈ। ਕੀ ਅਸੀਂ ਆਪਣੀ ਪਾਰਟੀ ਦੀ ਮੌਜੂਦਾ ਪੰਦਰਵੀਂ ਵਰ੍ਹੇ-ਗੰਢ ਤੇ ਰਵਾਇਤੀ-ਰਸਮਾਂ ਹੀ ਕਰਾਂਗੇ ਜਾਂ ਇਸ ਲੰਮੇ ਵਿਛੋੜੇ ਦੇ ਅਧਿਆਇ ਨੂੰ ਖਤਮ ਕਰਨ ਖ਼ਾਤਰ ਕੋਈ ਕਾਰਗਰ ਕਦਮ ਚੁੱਕਾਂਗੇ ? ਅਸੀਂ ਸੀ. ਪੀ. ਆਈ. (ਐਮ. ਐਲ.) ਦੇ ਵੱਖ ਵੱਖ ਟੋਟਿਆਂ ਦੀਆਂ ਕਤਾਰਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਏਕੇ ਦੀਆਂ ਕੋਸ਼ਸ਼ਾਂ ਤੇ ਆਪਣਾ ਅਸਰ ਪਾਉਣ, ਹੇਠੋਂ ਦਬਾਅ ਪਾਉਣ ਅਤੇ ਏਸ ਗੱਲ ਦੀ ਕੋਸ਼ਸ਼ ਕਰਨ ਕਿ ਉਨ੍ਹਾਂ ਦੇ ਆਗੂ ਵੀ ਪਾਰਟੀ ਬਣਨ ਦੇ ਸੋਹਲਵੇਂ ਵਰ੍ਹੇ ਅੰਦਰ ਪਾਰਟੀ-ਏਕੇ ਲਈ ਠੋਸ ਕਦਮ ਚੁੱਕਣ ਲਈ ਮਜਬੂਰ ਹੋ ਜਾਣ।

ਸਭ ਤੋਂ ਪਹਿਲਾਂ ਸਾਂਝੇ ਮਸਲੇ ਤੇ ਸਾਂਝੀ ਕਾਰਵਾਈ ਦਾ ਵਿਕਾਸ ਕਰਨ ਅਤੇ ਹਰ ਪੱਧਰ ਤੇ ਵੱਖ-ਵੱਖ ਮੋਰਚਿਆਂ ਦੇ ਕੰਮ ਵਿਚ ਤਾਲਮੇਲ ਕਾਇਮ ਕਰਨ ਖਾਤਰ ਪੁਰਜ਼ੋਰ ਕੋਸ਼ਸ਼ ਕੀਤੀ ਜਾਣੀ ਚਾਹੀਦੀ ਹੈ। ਕਾਰਵਾਈ ਦੀ ਇਸ ਏਕਤਾ ਰਾਹੀਂ ਅਸੀਂ ਪਾਰਟੀ ਦੇ ਟੋਟਿਆਂ ਵਿਚਾਲੇ ਖੜੀ ਕੰਧ ਢਾਹੁਣ ਵਿਚ ਕੁਝ ਹੱਦ ਤੱਕ ਸਫਲ ਹੋਵਾਂਗੇ, ਸਾਡਾ ਆਪਸੀ ਮੇਲ ਜੋਲ ਅਤੇ ਪਾਰਟੀ ਕਤਾਰਾਂ ਦੀ ਇਕਰੂਪਤਾ ਵੀ ਵਧੇਗੀ ਇਸ ਨਾਲ ਸਾਡੇ ਮੁੜ-ਏਕੇ ਦਾ ਭੌਤਿਕ ਅਧਾਰ ਹੋਰ ਵੀ ਤਾਕਤਵਾਰ ਬਣੇਗਾ।

ਇਸ ਦੇ ਇਲਾਵਾ ਸਾਨੂੰ ਇੱਕੋ ਇਕ, ਇਕ ਮੁੱਠ ਅਤੇ ਕੇਂਦਰੀ ਅਗੰਵਾਈ ਹੇਠ ਸਾਡੀ ਮੁਕੰਮਲ ਏਕਤਾ ਦੇ ਸੁਆਲ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਬੁਨਿਆਦੀ ਮਸਲਿਆਂ (ਜਿਵੇਂ ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ ਬਾਰੇ ਅਤੇ ਇਲਾਕਾਵਾਰ ਸੱਤਾ ਹਥਿਆਉਣ ਵੱਲ ਸਾਡੀ ਪਰਤੀਬੱਧਤਾ) ਉੱਤੇ *ਏਕੇ ਦੇ ਬਾਵਜੂਦ ਅਸੀਂ ਖਿੰਡੇ-ਪੁੰਡੇ ਕਿਉਂ ਹਾਂ ?* ਜ਼ਰੂਰ ਹੀ, ਸਿਰਫ ਚੰਦ ਬੁਨਿਆਦੀ ਮਸਲਿਆਂ ਤੇ ਜਾਂ ਬੀਤੇ ਮਸਲਿਆਂ ਤੇ ਸਰਬਸੰਮਤੀ ਹੀ ਪਾਰਟੀ ਏਕੇ ਲਈ ਨਵੀਂ ਸਮੱਗਰੀ (New Content) ਵੀ ਜ਼ਰੂਰੀ ਹੈ। ਅਤੇ ਜੇ ਅਸੀਂ ਸੱਚਮੁੱਚ ਠੋਸ ਅਰਥਾਂ ਵਿਚ ਪਾਰਟੀ ਏਕੇ ਦੇ ਕੰਮ ਨੂੰ ਅਗਾਂਹ ਵਧਾਉਣਾ ਚਾਹੁੰਦੇ ਹਾਂ ਤਾਂ ਕੀ ਇਹ ਸਾਡੇ ਲਈ ਜ਼ਰੂਰੀ ਨਹੀ ਹੋ ਜਾਂਦਾ ਕਿ ਇਸ ਨਵੀਂ ਸਮੱਗਰੀ ਦੀ ਨਿਸ਼ਾਨਦੇਹੀ ਕਰੀਏ ਅਤੇ ਕੁਝ ਹੱਦ ਤੱਕ ਸਹਿਮਤ ਹੋਣ ਲਈ ਬਹਿਸ ਨੂੰ ਕੇਂਦਰਤ ਕਰੀਏ ? ਇਸ ਕੰਮ ਲਈ ਵੀ, ਮਤਲਬ ਬਹਿਸ ਨੂੰ ਲਾਹੇਵੰਦ ਮੋੜ ਦੇਣ ਲਈ ਵੀ ਪਾਰਟੀ ਕਤਾਰਾਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ।

ਏਸੇ ਸੇਧ ਵਿਚ ਅਗਾਂਹ ਵਧ ਕੇ ਅਸੀਂ ਇਕ ਏਕਤਾ-ਕਾਂਗਰਸ ਸੱਦਣ ਵਿਚ ਸਫਲ ਹੋ ਸਕਦੇ ਹਾਂ ਜ਼ਿਹੜਾ ਕਿ ਸੱਚਾ ਪਾਰਟੀ ਏਕਾ ਹਾਸਲ ਕਰਨ ਦਾ ਇੱਕੋ ਇੱਕ ਰਾਹ ਹੈ। ਵਿਕਾਸਸ਼ੀਲ ਲੋਕ-ਘੋਲਾਂ ਦੀ ਅਗਵਾਈ ਕਰਦੀ ਸੀ ਸੀ ਪੀ. ਆਈ. (ਐਮ. ਐਲ.) ਸਾਰੇ ਦੈਤਾਂ-ਰਾਖਸ਼ਾਂ ਲਈ ਮੌਤ ਦੀ ਘੰਟੀ ਵਜਾਏਗੀ ਅਤੇ ਨਵੇਂ ਜਮਹੂਰੀ ਭਾਰਤ ਦੀ ਅੰਗਰਦੂਤ ਬਣੇਗੀ। ਆਓ ਅਸੀਂ ਸਾਰੇ ਰਲ ਕੇ ਸਿੱਖੀਏ ,ਅਤੇ ਇਸ ਉਦੇਸ਼ ਵਲ ਅਗਾਂਹ ਵਧੀਏ। ਆਉ ਆਪਾਂ ਭਾਰਤੀ ਜਨਤਾ ਦੀ ਲੰਮੇਂ ਸਮੇਂ ਤੋਂ ਸੰਜੋਈ ਆਸ ਨੂੰ ਅਮਲੀ ਜਾਮਾ ਪੁਆਉਣ ਲਈ ਆਪਣੀ ਸਾਰੀ ਤਾਕਤ ਝੋਂਕ ਦੇਈਏ। ਇਕ ਹੋਂ ਆਪਾਂ ਹੋਣਾ ਹੀ ਹੈ—ਇਹ ਸਾਡਾ ਪਾਰਟੀ ਬਣਨ ਦੀ ਪੰਦਰ੍ਹਵੀਂ ਵਰ੍ਹੇ ਗੰਢ ਤੇ ਸਭ ਤੋਂ ਵੱਧ ਢੁੱਕਵਾਂ ਪੱਕਾ ਇਰਾਦਾ ਹੈ।

## 4. ਅੱਖਾਂ ਨਾ ਮੀਚੋ—ਸੰਜੀਦਾ ਬਣੋ

ਸਮਤਾ ਮਾਰਚ 84 'ਚ ਛਪੀ ਰਵਿੰਦਰ ਲੁਧਿਆਨਾ ਦੀ ਚਿੱਠੀ ਬੀਤੇ ਦੇ ਮੁਲਅੰਕਣ ਦੇ ਢੰਗ ਬਾਰੇ ਇਨਕਲਾਬੀ ਸਫਾਂ ਨੂੰ ਜੋ ਸੱਦਾ ਦਿੰਦੀ ਹੈ। ਕਟੜਪੰਥੀ ਤੇ ਸੰਕੀਰਣਤਾ-ਵਾਦੀ ਪਹੁੰਚ ਦਾ ਪ੍ਰਗਟਾਅ ਹੀ ਹੈ। ਉਨ੍ਹਾਂ ਜਿਸ ਅੱਠ ਦੱਸ ਬੰਦਿਆਂ ਦੀ ਆਲ ਇੰਡੀਆ ਪਾਰਟੀ ਦੇ ਤਮਾਸ਼ੇ ਨੂੰ ਬੰਦ ਕਰਨ ਖੱਲ੍ਹਾ ਸੱਦਾ ਦਿੱਤਾ ਹੈ ਉਸਦਾ ਸਬੰਧ ਰੈਵੋਲੂਸ਼ਨਰੀ ਕਮਿਊਨਿਸਟ ਪਾਰਟੀ ਭਾਰਤ ਤੋਂ ਹੈ। ਰਵਿੰਦਰ ਜੀ ਜੇ ਸੰਸਾਰ-ਇਨਕਲਾਬ ਤੇ ਭਾਰਤੀ ਇਨਕਲਾਬੀ ਲਹਿਰ ਨੂੰ ਵਿਕਸਤ ਹੁੰਦੇ ਦੇਖਣਾ ਹੈ ਤਾਂ ਉਨ੍ਹਾਂ 'ਅੱਠ ਦਸ ਬੰਦਿਆਂ' ਦੀ ਪਾਰਟੀ ਦੀਆਂ ਪੁਜ਼ੀਸ਼ਨਾਂ ਨੂੰ ਵੀ ਦੇਖਣਾ ਪਵੇਗਾ।

ਸੰਸਾਰ ਇਨਕਲਾਬੀ ਕਮਿਊਨਿਸਟ ਲਹਿਰ ਵਿਚ ਵਿਚਾਰਧਾਰਕ ਰੱਟੇ ਦੇ ਸੁਆਲ 1976 ਵਿਚ ਕਾਮਰੇਡ ਮਾਉ ਦੀ ਮੌਤ ਤੋਂ ਪਿਛੋਂ ਚੀਨ ਵਿਚ ਸਰਮਾਏਦਾਰਾ ਧਿਰ ਤੇਂਗ ਸ਼ਾਓ ਪਿੰਗ ਵਲੋਂ 'ਤਿੰਨ ਦੁਨੀਆ ਦੇ ਸਿਧਾਂਤ' ਦੇ ਨਾਲ ਸ਼ੁਰੂ ਹੋਇਆ ਹੈ। ਸੰਸਾਰ ਪੱਧਰ ਤੇ ਚੱਲੇ ਇਸ ਵਿਚਾਰਧਾਰਕ ਘੋਲ ਵਿਚੋਂ ਸੰਸਾਰ ਕਮਿਊਨਿਸਟ ਲਹਿਰ ਦੀਆਂ ਦਰੁਸਤ ਪੁਜ਼ੀਸ਼ਨਾਂ ਨਿਖਾਰਨ ਵਿਚ R. C. P. U. S. A. ਨੇ ਜੋ ਹਿੱਸਾ ਪਾਇਆ ਹੈ ਸਲਾਹੁਣਯੋਗ ਹੈ। 1980 ਦੀ ਪਤਝੜ 'ਚ ਜਾਰੀ ਕੀਤੇ ਤੇਰਾਂ ਦੇਸ਼ਾਂ ਦੇ ਕਮਿਊਨਿਸਟ ਇਨਕਲਾਬੀਆਂ ਵੱਲੋਂ ਸਾਂਝੇ ਬਿਆਨ (ਜੋ ਪੰਜਾਬੀ 'ਚ ਜੈਕਾਰਾ ਪ੍ਰਕਾਸ਼ਨ ਨੇ ਛਾਪਿਆ ਸੀ) ਸੰਸਾਰ ਇਨਕਲਾਬੀ ਲਹਿਰ ਦੀ ਏਕਤਾ ਵੱਲ ਪੁਟਿਆ ਕਦਮ ਹੋ ਨਿਬੜਿਆ। ਕੌਮਾਂਤਰੀ ਕਮਿਊਨਿਸਟ ਲਹਿਰ ਦੀ

ਏਕਤਾ ਲਈ ਬੁਨਿਆਦੀ ਅਸੂਲ ਨਾਮੀ ਦਸਤਾਵੇਜ ਜੋ ਅਮਰੀਕਾ ਤੇ ਚਿੱਲੀ ਦੀਆਂ ਪਾਰਟੀਆਂ ਵਲੋਂ ਜਾਰੀ ਕੀਤੀ ਗਈ ਸੀ, ਵਿਚਾਰਧਾਰਕ ਸੁਆਲਾਂ ਤੇ ਰੁੱਟਿਆਂ ਤੇ ਕਮਿ. ਇਨਕਲਾਬੀਆਂ ਦੀਆਂ ਦਰੁਸਤ ਪੁਜੀਸ਼ਨਾਂ ਤੇ ਸਪੱਸ਼ਟ ਨਿਖੇੜਿਆਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਕੌਮਾਂਤਰੀ ਕਮਿਊਨਿਸਟ ਇਨਕਲਾਬੀ ਗਰੁੱਪ ਤੇ ਪਾਰਟੀਆਂ ਸਿਰ ਤੋੜ ਕੋਸ਼ਿਸ਼ਾਂ 'ਚ ਜੁੱਟੀਆਂ ਹੋਈਆਂ ਹਨ ਤੇ ਖਾਸ ਮਜ਼ਬੂਤ ਕਰਨ ਲਈ ਬੀਤੇ ਦੀਆਂ ਰਹੀਆਂ ਕਮਜ਼ੋਰੀਆਂ ਤੇ ਉਂਗਲਾਂ ਰੱਖਣੀਆਂ ਨਾਕਾਰਾਤਮਕ ਪਹੁੰਚ ਨਹੀਂ। ਸਗੋਂ ਇਨ੍ਹਾਂ ਸੁਆਲਾਂ ਨੂੰ ਅੱਖਾਂ ਬੰਦ ਕਰਕੇ ਦੇਖਣਾ ਕਟੜਪੰਥੀ ਸੋਚ ਦੀ ਨਿਸ਼ਾਨੀ ਹੈ, ਜਿਸ ਦੀ ਸ਼ਿਕਾਰ ਰਾਵਿੰਦਰ ਦੀ ਧਿਰ ਹੈ। ਇਹ ਸਭ ਕੁਝ ਰਵਿੰਦਰ ਜੀ ਰੁਮਾਂਟਿਕ ਪੱਧਰ ਤੇ 'ਛੇਤੀ ਛਤੀ ਇਨਕਲਾਬ ਲਿਆਉਣ ਲਈ ਨਹੀਂ ਹੋ ਰਿਹਾ ਅਤੇ ਨਾ ਹੀ ਲੰਮੀਆਂ ਤਾਣ ਕੇ ਸੌਣ ਨਾਲ ਹੋਣਾ ਹੈ। ਲੜ ਹੈ ਅੱਜ ਸੰਸਾਰ ਦੀ ਇਨਕਲਾਬੀ ਲਹਿਰ ਨੂੰ, ਬੀਤੇ ਬਾਰੇ ਡੂੰਘਾਈ ਤੇ ਗੰਭੀਰਤਾ ਨਾਲ ਸੋਚਦਿਆਂ ਇਸ ਨੂੰ ਦਰਪੇਸ਼ ਸੁਆਲਾਂ ਤੇ ਦਰੁਸਤ ਸਮਝ ਨਿਤਾਰਨ ਦੀ। ਇਥੇ ਰਾਵਿੰਦਰ ਜੀ ਤੇ ਹੋਰ ਸਾਥੀਆ ਨੂੰ 'ਅੱਠ ਦਸ ਬੰਦਿਆਂ' ਦੀ ਪਾਰਟੀ RCPI ਦੀਆਂ ਮੌਜੂਦਾ ਸੰਸਾਰ ਹਾਲਤ ਦੇ ਕੀਤੇ ਵਿਸ਼ਲੇਸ਼ਨ ਤੇ ਜੇ ਫਰਕ ਲਗਦੇ ਹਨ ਤਾਂ ਉਹ ਬਹਿਸ ਵਿਚ ਪੈ ਸਕਦੇ ਹਨ। ਪਰ 'ਤਮਾਸ਼ਾ ਬੰਦ ਕਰਨ' ਦਾ ਸੱਦਾ ਮਹਿਜ਼ ਕਟੜਪੰਥੀਪੁਣੇ ਦੀ ਹੀ ਨਿਸ਼ਾਨੀ ਹੈ। ਜੇ ਇਨ੍ਹਾਂ ਸਾਥੀਆਂ ਨੇ RCP ਦੀਆਂ ਮਹੱਤਵਪੂਰਨ ਲਿਖਤਾਂ 'ਕਮਿਊਨਿਸਟ ਕੌਮਾਂਤਰੀ ਦੀ ਲੋੜ ਕਿਉਂ' ਨਵੰਬਰ 82, ਕੌਮਾਂਤਰੀ ਕਮਿਊਨਿਸਟ ਲਹਿਰ ਦੀ ਉਸਾਰੀ ਦੇ ਸੁਆਲ ਬਾਰੇ, ਜਨਵਰੀ 84, "ਸੰਸਾਰ ਦੀ ਅਜੋਕੀ ਵਿਸਫੋਟਕ ਹਾਲਤ ਬਾਰੇ ਨਿਰਣਾ ਵਿਸ਼ੇਸ਼ ਮੌਕਾ ਮੇਲ ਬਾਰੇ ਦਰੁਸਤ ਸਮਝ (ਅਜਿਹੇ ਇਤਿਹਾਸਕ ਮੌਕਾ ਮੇਲ ਕਦੇ ਕਦਾਈਂ ਆਉਂਦੇ ਹਨ (ਮਈ ਤੇ ਜੂਨ 83 ਦੇ ਜੈਕਾਰੇ) ਅਤੇ ਕਮਿਊਨਿਸਟ ਕੌਮਾਂਤਰੀ ਤੇ ਵਿਸ਼ੇਸ਼ ਜੈਕਾਰਾ ਪੜ੍ਹੀਆਂ ਹੁੰਦੀਆਂ ਤੇ ਪੜ੍ਹਨ ਪਿਛੋਂ ਵਿਚਾਰੀਆਂ ਹੁੰਦੀਆਂ ਤਾਂ ਉਹ 8-10 ਬੰਦੇ ਦੀ ਪਾਰਟੀ ਨਾ ਭਹਿੰਦੇ। ਕੌਮਾਂਤਰੀ ਕਮਿਊਨਿਸਟ ਲਹਿਰ ਦੀਆਂ ਵਿਚਾਰਧਾਰਕ ਪੁਜੀਸ਼ਨਾਂ ਨੂੰ RCPI ਨੇ ਤਾਂ ਸਾਰੇ ਇਨਕਲਾਬੀ ਹਲਕਿਆ ਦੇ ਸਾਹਮਣੇ ਰੱਖਣ ਦਾ ਜੁਰਅਤਮੰਦ ਕਦਮ ਰਖਿਆ ਹੈ। ਰਾਵਿੰਦਰ ਹੋਰੀਂ, ਕੋਈ ਕਿਤੇ ਹੈ ਤਾਂ ਬਹਿਸ ਵਿਚ ਪੈਣ! ਹਕੀਕਤਾਂ ਵੱਲ ਆਉ ਦੇ ਕਮਿਊਨਿਸਟ ਹਮੇਸ਼ਾ ਹਕੀਕਤਵਾਦੀ ਹੁੰਦੇ ਹਨ ਨਾਕਾਰਾਆਤਮਕਵਾਦੀ ਨਹੀਂ ਸਗੋਂ ਹਕੀਕਤਾਂ ਤੋਂ ਅੱਖਾਂ ਮੀਟਣਾ ਕੱਟੜ-ਪੰਥੀਆਂ ਦੀ ਨਿਸ਼ਾਨੀ ਹੈ।

ਭਾਰਤੀ ਇਨਕਲਾਬੀ ਲਹਿਰ ਦੇ ਰਟਿਆਂ ਤੇ ਦਰਪੇਸ਼ ਸੁਆਲਾਂ ਬਾਰੇ RCPI ਆਪਣੀ ਪੁਜੀਸ਼ਨ ਲੈ ਕੇ ਆਈ ਹੈ। ਜਿਸ ਤੇ ਬਹਿਸ ਕੇਂਦਰਤ ਕਰਨੀ ਚਾਹੁੰਦੀ ਹੈ। ਨਕਸਲਵਾੜੀ ਦੀ ਬਗਾਵਤ ਤੋਂ ਪਿਛੋਂ 1970 'ਚ ਸੀ. ਪੀ ਆਈ. ਐਮ. ਐਲ. ਦਾ ਬਣਨਾ ਇਕ ਸ਼ੁਭ ਆਗਮਨ ਸੀ ਪਰ CPI,ML ਭਾਰਤੀ ਇਨਕਲਾਬ ਦੇ ਪ੍ਰੋਗਰਾਮ ਵਿਚ ਕਈ ਕਮਜ਼ੋਰੀਆਂ ਛੁਪਾਈ ਬੈਠੀ ਸੀ। ਇਹੀ ਕਾਰਨ ਹੈ, 1970 ਤੋਂ ਲੈ ਕੇ 1984 ਤਕ ਲਹਿਰ ਖਿੰਡਾਂ ਦਾ ਸ਼ਿਕਾਰ ਹੁੰਦੀ ਗਈ। ਇਹ ਕਮਜ਼ੋਰੀਆਂ ਭਾਰਤੀ ਸਮਾਜ ਦੇ ਜਮਾਤੀ ਵਿਸ਼ਲੇਸ਼ਨ ਤੇ ਇਥੋਂ ਦੇ ਆਰਥਕ ਵਿਸ਼ਲੇਸ਼ਨ ਦੇ ਇਨਕਲਾਬ ਦੇ ਰਾਹ ਨਾਲ ਸੰਬੰਧਤ ਹਨ ਜਿਨ੍ਹਾਂ ਉਤੇ RCPI ਨੇ ਉਂਗਲ ਧਰੀ ਹੈ। ਅਸੀਂ ਭਾਰਤੀ ਇਨਕਲਾਬੀਆਂ ਨੇ ਚੀਨ ਦੀ ਹੂ-ਬ-ਹੂ ਨਕਲ ਕੀਤੀ ਸੀ। ਨਾ ਸਾਡੇ ਪਾਸ ਇਥੋਂ ਦਾ ਸਹੀ ਆਰਥਕ ਵਿਸ਼ਲੇਸਨ ਹੀ ਸੀ ਨਾ ਹੀ ਜਮਾਤੀ ਵਿਸ਼ਲੇਸ਼ਨ ਸੀ। ਇਨਕਲਾਬ ਦਾ ਰਾਹ ਕਦਾਚਿਤ ਵੀ ਇਥੋਂ ਦੀਆਂ ਹਾਲਤਾਂ ਦੇ ਫਿੱਟ ਨਹੀਂ ਸੀ। ਇਹੀ ਕਾਰਨ ਹੈ ਦੇਸ਼ ਦੇ ਅਨੇਕਾਂ ਭਾਗਾਂ ਵਿਚ ਉਨੀਆਂ ਛੋਟੀਆਂ ਛੋਟੀਆਂ ਲਹਿਰਾਂ ਅੰਤ ਨੂੰ ਲਹਿਰ ਨੂੰ ਖਿੰਡਾਉਨ ਵੱਲ ਵਧੀਆਂ, 16 ਸਾਲਾਂ ਦਾ ਤਜਰਬਾ ਇਹੀ ਹੈ। ਬੀਰ ਭੂਮ, ਸ਼੍ਰੀ ਕਾਕੂਲਮ, ਭੋਜਪੁਰ,ਆਧਰਾਂ ਤੇ ਮਹਾਰਾਸ਼ਟਰ ਦੀਆਂ ਕਿਸਾਨੀ ਲਹਿਰਾਂ ਕਿਨ੍ਹਾਂ ਹੀ ਕੁਝ ਗਿਣਿਆ ਜਾ ਸਕਦਾ ਹੈ। RCPI ਨੇ ਭਾਰਤੀ ਹਾਲਤਾਂ ਦਾ ਠੋਸ ਅਧਿਐਨ ਕਰਕੇ ਇਹ ਗੱਲ ਨੋਟ ਕੀਤੀ ਹੈ ਕਿ ਦੂਜੀ ਸੰਸਾਰ ਜੰਗ ਪਿਛੋਂ ਸਾਮਰਾਜ ਦੇ ਨਵਬਸਤੀਵਾਦ ਦੇ ਪਰਦੇ ਹੇਠ ਹੋਏ ਦੇਸ਼ 'ਚ ਖੇਤੀ ਅਤੇ ਸਨਅਤ ਦੇ ਵਿਕਾਸ ਤੇ ਖਾਸ ਕਰਕੇ ਖੇਤੀ ਚ ਆਏ ਮਸ਼ੀਨੀ ਇਨਕਲਾਬ ਨੇ ਇਥੋਂ ਦੀ ਪੁਰਾਣੀ ਜਮਾਤੀ ਬਣਤਰ ਨੂੰ ਤਬਦੀਲ ਕੀਤਾ ਹੈ ਅਤੇ ਜਗੀਰਦਾਰ ਜਮਾਤ ਪੇਂਡੂ ਸਰਮਾਏਦਾਰੀ 'ਚ ਤਬਦੀਲ ਹੋਈ ਹੈ। ਇਸ ਦੇਸ਼ ਨੂੰ ਅਰਧ ਜਗੀਰੂ ਅਰਧ ਬਸਤੀਵਾਦ ਕਹਿਣਾ ਦਰੁਸਤ ਹੈ। ਇਥੇ ਇਨਕਲਾਬ ਦਾ ਰਾਹ ਚੀਨ ਵਰਗਾ ਨਹੀਂ ਸਗੋਂ ਸਾਨੂੰ ਦੇਸ਼ ਵਿਆਪੀ ਆਮ ਬਗਾਵਤ ਦੀ ਤਿਆਰੀ 'ਚ ਜੁਟਣਾ ਚਾਹੀਦਾ ਹੈ। ਜ਼ਰਈ ਖੇਤਰ ਚਲੇ ਆਉਂਦੇ 'ਜ਼ਮੀਨ ਹਲਵਾਹਕ' ਦੇ ਨਾਹਰੇ ਨੂੰ ਉਠਾਉਣਾ ਇਥੇ ਕਦਾਚਿਤ ਦਰੁਸਤ ਨਹੀਂ ਸਗੋਂ 'ਸਾਨੂੰ ਜ਼ਰਈ ਖੇਤਰ 'ਚ ਸਾਂਝੇ ਫਰਮਾਂ ਦਾ ਨਾਹਰਾ ਚੱਕਣਾ ਪਵੇਗਾ। ਵਿਸਥਾਰ ਲਈ RCPI ਦੀਆਂ ਲਿਖਤਾਂ ਪੜੀਆਂ ਜਾ ਸਕਦੀਆਂ ਹਨ। ਜੇ ਪੰਜਾਬ ਦੇ ਕੱਟੜ ਪੰਥੀ RCPI ਦੀਆਂ ਵਜ਼ਨਦਾਰ ਪੁਜ਼ੀਸ਼ਨਾਂ ਨੂੰ ਬਿਨਾ ਦਲੀਲਾਂ ਤੋਂ ਬਹਿਸ ਕੀਤਿਆਂ ਸਿਰਫ ਅਖਾਂ ਬੰਦ ਕਰਕੇ 'ਤਮਾਸ਼ੇ ਨੂੰ ਬੰਦ' ਕਰਨ ਦੀ ਰੱਟ ਲਾਉਂਦੇ ਹਨ ਤਾਂ ਮਾਫ ਕਰਨਾ ਓਹ ਅਜੇਹੀ ਬੀਮਾਰੀ ਨੂੰ ਅਜੇ ਵੀ ਚੰਬੜੇ ਬੈਠੇ ਹਨ ਜਿਸ ਨੇ ਲਹਿਰ ਦਾ ਸੌਲਾਂ

ਸਾਲ ਨੁਕਸਾਨ ਹੀ ਕਰਵਾਇਆ । ਇਥੋਂ ਇਹ ਦਸਣਾ ਵੀ ਕੁਥਾਂ ਨਹੀਂ ਕਿ RCPI ਵਲੋਂ ਚਲਾਈ ਦੇਸ਼ ਵਿਆਪੀ ਪਾਰਟੀ ਉਸਾਰੀ ਲਈ ਹੋਰਾਂ ਗਰੁੱਪਾਂ ਨਾਲ ਬਹਿਸ ਨਾਲ ਦੇਸ਼ ਦੇ ਸਭ ਤੋਂ ਵਡੇ ਗਰੁਪ (RC,CPIML) ਮਾਸ ਲਾਈਨ ਗਰੁਪ ਨੇ ਹਕੀਕਤਾਂ ਨੂੰ ਦੇਖਣ ਵਲ ਖੁਸ਼ਗਵਾਰ ਮੋੜਾ ਕੱਟਿਆ ਹੈ, ਉਨ੍ਹਾਂ ਦੇ ਗੁਪਤ ਪਰਚ ਲਿਬਰੇਸ਼ਨ ਦੀ ਸੰਪਾਦਕੀ ਜੋ ਇਸ ਵਾਰ ਜੈਕਾਰੇ 'ਚ ਛਾਪੀ ਹੈ ਮਾਰੂ ਇਨਕਲਾਬੀ ਲਹਿਰ ਦੇ ਹਿਤੈਸ਼ੀਆਂ ਨੂੰ ਪੜ੍ਹਨ ਦੀ ਸਿਫਾਰਸ਼ ਕਰਾਂਗੇ ।

ਸੁਆਲ ਸਿਰਫ਼ ਇਹ ਹੀ ਨਹੀਂ ਹੁੰਦਾ ਕਿ ਉਹ 'ਅੱਠ ਜਾਣੇ' ਹਨ ਤੇ ਦੇਸ਼ ਦਾ ਸੰਸਾਰ ਦਾ ਨਿਰਣਾ ਕਿਵੇਂ ਦਰੁਸਤ ਕਰ ਲਿਆ ਸਗੋਂ ਦਿਮਾਗ ਇਥੇ ਲਾਉਣਾ ਚਾਹੀਦਾ ਹੈ ਕਿ ਹਕੀਕਤਾਂ ਕੀ ਹਨ । (ਭਾਵੇਂ ਉਹ ਅੱਠ ਜਾਣੇ ਨਹੀਂ) ਪੰਜਾਬ ਦੀ ਇਨਕਲਾਬੀ ਲਹਿਰ ਚੋਂ ਮੁਕਾਬਲਤਨ ਮਜ਼ਬੂਤ ਧਿਰ ਹੈ । ਤਿੰਨ ਪੇਪਰ, ਜੈਕਾਰਾ, ਕਰਾਂਤੀਪਥ, The Communist View Point ਚਲਾ ਰਹੇ ਹਨ ਇਨਕਲਾਬੀ ਨੌਜਵਾਨਾ ਦੀ ਜਥੇਬੰਦੀ ਕਮਿਊਨਿਸਟ ਯੂਥ ਲੀਗ, ਟੀਚਰ, ਤੇ ਮਜ਼ਦੂਰ ਫਰੰਟਾਂ ਤੇ ਕੰਮ ਕਰ ਰਹੀਆਂ ਵੱਡੀਆਂ ਸਫਾਂ ਲਈ ਬੈਠੀ ਹੈ । ਕੌਮਾਂਤਰੀ ਕਮਿਊਨਿਸਟ ਉਸਾਰਨ ਤੇ ਦੇਸ਼ ਵਿਆਪੀ ਪਾਰਟੀ ਉਸਾਰਨ ਲਈ ਸਿਰਤੋੜ ਕੋਸ਼ਿਸ਼ਾਂ 'ਚ ਜੁੱਟੀ ਹੋਈ ਹੈ । ਇਹ ਹਕੀਕਤ ਨੂੰ ਸਿਰਫ ਅੱਠ ਜਾਣਿਆਂ ਦੀ ਧਿਰ ਕਹਿ ਕੇ ਸਾਰਨਾ ਸਿਰਫ ਕਟੜ ਪੰਥੀਆਂ ਨੂੰ ਵਿਰਸੇ 'ਚ ਮਿਲੀ ਗੁੜ੍ਹਤੀ ਦਾ ਪ੍ਰਗਟਾਅ ਹੀ ਹੈ ।

ਸੁਆਲ ਹੈ ਕਿ ਭਾਰਤੀਤੇ ਸੰਸਾਰ ਇਨਕਲਾਬੀ ਲਹਿਰ ਨੂੰ ਅਗੇ ਵਧਾਉਣ ਲਈ ਜੋ ਉਹ ਪੁਜ਼ੀਸ਼ਨਾਂ ਲੈ ਕੇ ਆਏ ਹਨ ਉਹਨਾਂ 'ਚ ਕਿੰਨਾਂ ਕੁ ਵਜ਼ਨ ਹੈ । ਭਾਰਤੀ ਇਨਕਲਾਬ ਦੇ ਪ੍ਰੋਗਰਾਮ ਦਾ ਖਰੜਾ ਸੰਸਾਰ ਦੀਆਂ ਵਿਸਫੋਟਕ ਹਾਲਤਾਂ ਬਾਰੇ ਨਿਰਣਾ, ਦੇਸ਼ ਦਾ ਆਰਥਕ ਨਿਰਣਾ ਅਤੇ ਪੰਜਾਬ ਦੇ ਮੋਰਚੇ ਬਾਰੇ ਸਿਧਾਂਤਕ ਤੇ ਜਮਾਤੀ ਵਿਸ਼ਲੇਸ਼ਨ ਵਾਲੀ ਦਰੁਸਤ ਸਮਝ ਨੌਜਵਾਨਾ ਅਤੇ ਵਿਦਿਆਰਥੀਆਂ ਦੀ ਮਾਰਗ ਦਿਸ਼ਾ ਬਾਰੇ R C P ਦਾ ਮੱਤ, ਕੌਮਾਂ ਦੇ ਸੁਆਲ ਬਾਰੇ ਮਾਰਕਸੀ ਲੈਨਿਨੀ ਨਜ਼ਰੀਆ, ਅਧਿਆਪਕਾਂ ਦਾ ਸਮਾਜ 'ਚ ਰੋਲ, ਫਿਰਕਾਪ੍ਰਸਤੀ ਦੇ ਵਿਰੋਧ ਕਰਨ ਲਈ ਮਾਰਕਸੀ ਲੈਨਿਨੀ ਪੈਂਤੜੇ ਤੇ ਖੜਨਾ, ਕਿਸਾਨੀ ਲਹਿਰ ਦੀ ਉਸਾਰੀ ਦੀ ਸਮੱਸਿਆ ਬਾਰੇ, ਆਦਿ ਕੁਝ ਮਹੱਤਵਪੂਰਨ ਲਿਖਤਾਂ ਹਨ । ਕੀ ਰਾਵਿੰਦਰ ਜੀ ਦੀ ਧਿਰ ਜਾਂ ਹੋਰ ਧਿਰਾਂ ਪੰਜਾਬ 'ਚ ਬਹਿਸ ਵਿਚ ਪਈਆਂ ਹਨ ਤੇ ਉਨ੍ਹਾਂ R C P ਦੇ ਤਮਾਸ਼ੇ ਨੂੰ ਬੰਦ ਕਰਨ ਦਾ ਦਲੇਰਾਨਾਂ ਕਦਮ ਕਿਉਂ ਨਹੀਂ ਚੁਕਿਆ ? ਭਾਰਤੀ ਇਨਕਲਾਬੀ ਪ੍ਰਤੀ ਸੰਜੀਦਾ ਧਿਰਾਂ ਨੂੰ ਲੰਬੀਆਂ ਤਾਣ ਕੇ ਸੌਣਾ ਹੀ ਆਉਂਦਾ ਹੈ ਜਾਂ ਫਿਰ ਕਦੀ ਕਦੀ ਇਹ 'ਉਚਰ' ਦਿੰਦੇ ਨੇ ਤਮਾਸ਼ਾ ਬੰਦ ਕਰੋ'

ਹਕੀਕਤਾਂ ਤੋਂ ਅੱਖਾਂ ਮੀਟਣਾ ਕਟੜਪੰਥੀ ਸੋਚ ਦੀਆਂ ਜੜ੍ਹਾਂ ਵਿਚ ਪਸਰਿਆ ਕੈਂਸਰ ਰੂਪੀ ਜ਼ਹਿਰ ਹੈ । ਜੋ ਤਮਾਸ਼ੇ ਨੂੰ ਬੰਦ ਕਰਨ ਦੀਆਂ ਟਾਹਰਾਂ ਮਾਰ ਕੇ ਸਾਰਦਾ ਹੈ । ਹਕੀਕਤਾਂ ਤੇ ਬੋਲਣ ਸਮੇਂ ਉਸ ਦਾ ਮੂੰਹ ਬੰਦ ਹੋ ਜਾਂਦਾ ਹੈ ਬੱਤੀ ਦੇ ਬੱਤੀ ਦੰਦ ਮਿਚ ਜਾਂਦੇ ਹਨ । ਅਸੀਂ ਇਨਕਲਾਬੀ ਲਹਿਰ ਦੇ ਹਜ਼ਾਰਾਂ ਹਮਦਰਦਾਂ ਨੂੰ ਅੱਜ ਲਹਿਰ ਨੂੰ ਦਰਪੇਸ਼ ਸੁਆਲਾਂ ਨੂੰ ਗੰਭੀਰ ਹੋ ਕੇ ਵਿਚਾਰਨ ਤੇ ਬਹਿਸ ਕਰਨ ਦਾ ਸੱਦਾ ਦੇਵਾਂਗੇ ਤਾਂ ਜੋ ਇਨਕਲਾਬੀ ਲਹਿਰ ਨੂੰ ਚੁੰਬੜੀਆਂ ਕੱਟੜਪੰਥੀ ਕੈਂਸਰ ਰੂਪੀ ਨਾ ਮੁਰਾਦ ਬੀਮਾਰੀਆਂ ਤੋਂ ਖਹਿੜਾ ਛੁਡਾ ਕੇ ਅਗੇ ਵਧਿਆ ਜਾ ਸਕੇ । ਜਿਸ ਦਾ ਸ਼ਿਕਾਰ ਰਾਵਿੰਦਰ ਲੁਧਿਆਨਾ ਹੈ ।

## 5. ਅੰਨਦਾਤਾ ਤੇ ਭਿਖਾਰੀ

ਸਮਤਾ ਜਿਵੇਂ ਨਾ ਕਿਵੇਂ ਪੜ੍ਹ ਲਈਦਾ ਹੈ । ਪਿਛਲੇ ਮਹੀਨੇ 'ਪਾਠਕ-ਲੇਖਕ ਫੋਰਮ' ਵਿਚ ਪ੍ਰੋਫੈਸਰ ਭਾਰਦਵਾਜ ਦੇ ਲੇਖ 'ਅੰਨਦਾਤਾ ਕਿ ਭਿਖਾਰੀ' ਉਤੇ ਕਾਫੀ ਬਹਿਸ ਹੋਈ ਹੈ, ਜਿਸ ਵਿੱਚ ਪ੍ਰੋਫੈਸਰ ਦੀ ਉਪਭਾਵੁਕਤਾ ਤੇ ਬੇਸਮਝੀ ਉਤੇ ਕਈ ਸੱਜਣਾਂ ਨੇ ਸਵਾਲ ਉਠਾਏ ਹਨ । ਗੱਲ ਠੀਕ ਹੀ ਹੈ । ਕਿਸਾਨ ਲਈ ਤਾਂ ਏਥੇ ਸਾਰੇ ਗਿਆਨੀਆਂ-ਵਿਗਿਆਨੀਆਂ ਕੋਲ ਦੁਖ-ਦਰਦ ਹੈ ਪਰ ਕਿਸਾਨ ਦੇ ਸਾਥੀ ਕਾਮੇ ਲਈ ਕੋਈ ਨਹੀਂ ਸੋਚਦਾ । ਉਸ ਦਾ ਢਿੱਡ ਤਾਂ ਬੱਸ ਨਾਅਰਿਆਂ ਨਾਲ ਹੀ ਭਰ ਦਿੱਤਾ ਜਾਂਦਾ ਹੈ ।

ਬਚਪਨ 'ਚ ਬੜੇ ਔਖੇ ਦਿਨ ਦੇਖੇ । ਸੀਰੀ ਪਿਓ ਨਾਲ ਸਣੇ ਭੈਣਾਂ-ਭਰਾਵਾਂ ਤੇ ਮਾਂ ਦੇ ਕਿਸਾਨਾਂ ਦੇ ਘਰ ਤੇ ਖੇਤੀਂ ਕੰਮ ਕਰਨਾ । (ਸਾਰੇ ਕੰਮਾਂ ਦਾ ਤਾਂ ਨਾਂ ਲੈਣਾ ਵੀ ਸ਼ਰਮਨਾਕ ਲੱਗਦਾ ਹੈ ।) ਬਾਪੂ ਤਾਂ ਕਦੀ ਕਦੀ ਹੀ ਘਰ ਸੌਂਦਾ ਸੀ ਮੈਂ ਕਿਸਾਨਾਂ ਦੇ ਘਰੋਂ ਟੱਬਰ ਲਈ ਰਾਤ ਦੀ ਰੋਟੀ ਲੈਣ ਜਾਂਦਾ । ਖਾਲਸ ਜੱਟੀ ਭਾਗੋ, ਜੋ ਮੂੰਹੋਂ ਪੁੱਤ-ਪੁੱਤ ਕਹਿੰਦੀ ਨਾ ਥੱਕਦੀ, ਮੈਨੂੰ ਮੁੱਖ ਤੇ ਹੀ ਖੜੋਣ ਲਈ ਆਖ ਦਿੰਦੀ । ਰੋਟੀ-ਦਾਲ ਇੰਝ ਫੜਾਉਂਦੀ ਜਿਵੇਂ ਵਿਆਹ ਦਾ ਬਚਿਆ-ਖੁਚਿਆ ਤੇ ਸੜਿਆ ਮਾਲ ਢੇਰ ਉਤੇ ਉਲੱਦੀਦਾ ਹੈ । ਉਦੋਂ ਇਨ੍ਹਾਂ ਗੱਲਾਂ ਦਾ ਐਨਾ ਪਤਾ ਨਹੀਂ ਸੀ । ਬੱਸ ਖਾਣ ਨੂੰ ਮਿਲ ਜਾਣਾ ਤੇ ਅਸੀਂ ਸਾਰੇ ਚਿੱਥ-ਚਬਤ ਕੇ ਰਾਤ ਕੱਟ ਲੈਂਦੇ । ਦਿਨ ਚੜ੍ਹੇ ਤਾਂ ਉਹੀ ਧੰਦਾ ਫਿਰ ਸ਼ੁਰੂ ।

ਕਿਸੇ ਨਾ ਕਿਸੇ ਤਰ੍ਹਾਂ ਦੱਸਵੀਂ ਤੱਕ ਪੜ੍ਹ ਗਿਆ । ਬਾਪੂ ਨੇ ਤਿੰਨ-ਚਾਰ ਸਾਲ ਘੋਖ-ਪਰਖ ਕੇ 'ਸ਼ਾਹੀ ਨੌਕਰੀ' ਮੇਰਾ ਮੁਤਲਬ ਫੌਜ 'ਚ ਭਰਤੀ ਕਰਵਾ ਦਿੱਤਾ । ਹੌਲੀ ਹੌਲੀ ਸਮਝ ਆਈ ਤਾਂ ਬੀਤੇ ਬਾਰੇ ਸੋਚ ਕੇ ਬੜਾ ਘਾਟਾ

ਆਉਂਦਾ ਇਨਸਾਨ ਨੇ ਅਮੁੱਲਾ-ਜਨਮ ਧਾਰ ਕੇ ਵੀ ਜੇਕਰ ਇਹੋ ਨਰਕ ਭੋਗਣਾ ਹੈ ਤਾਂ ਜੀਣਾ ਕਿਸ ਅਰਥ। ਫੇਰ ਮਨੁੱਖ ਰਾਹੀਂ ਐਨੀ ਖੋਜ ਤੇ ਤਰੱਕੀ, ਗਿਆਨ-ਵਿਗਿਆਨ ਦਾ ਕੀ ਮਤਲਬ। ਹੁਣ ਵੀ ਛੁੱਟੀ ਦੌਰਾਨ ਮੁਹੱਲੇ ਦੇ ਲੋਕਾਂ ਦੀ ਹਾਲਤ ਬਾਰੇ ਦੇਖ-ਸੁਣ ਕੇ ਡੁੱਬ-ਡੁੱਬ ਜਾਈਦਾ ਹੈ। ਹਰ ਘਰ ਕਿਸੇ ਨਾ ਕਿਸੇ ਕਿਰਸਾਨ ਦਾ ਮੁਲੱਮ ਕਰ ਰਿਹਾ ਹੈ ਤੇ ਹਾਲਤ ਪਹਿਲਾਂ ਨਾਲੋਂ ਵੀ ਭੈੜੀ। ਸੱਚੀ ਗੱਲ ਹੈ, ਕੌਣ ਕਹਿੰਦਾ ਕਿ ਸਾਡੇ ਗੁਲਾਮੀ ਦੀ ਪ੍ਰਥਾ ਨਹੀਂ। ਦੇਸ਼ ਭਾਵੇਂ ਆਜ਼ਾਦ ਹੋ ਗਿਆ ਪਰ ਕੰਮੀ-ਕਮੀਣਾਂ ਦੇ ਗਲੋਂ ਗੁਲਾਮੀ ਦਾ ਜੂਲਾ ਨਹੀਂ ਲੱਥਾ। ਉਸੇ ਘਰ, ਜਿਥੇ ਬਚਪਨ 'ਚ ਭਾੜੇ ਦੇ ਟੱਟੂ ਵਾਂਗ ਕੰਮ ਕਰੀਦਾ ਸੀ, ਨੌਕਰ ਹੋ ਜਾਣ ਬਾਅਦ ਮੇਰੀ ਕਦਰ ਥੋੜ੍ਹੀ ਵਧ ਗਈ ਹੈ। ਮੈਨੂੰ ਕੁਰਸੀ ਵੀ ਮਿਲ ਜਾਂਦੀ ਹੈ ਪਰ ਬਾਪੂ ਲਈ ਉਹੋ ਰੱਤਾ-ਤੱਪੜ। ਤੋ ਵੀ ਸਮਝਦਾ, ਮੈਂ ਟੋਭੇ 'ਚੋਂ ਨਿਕਲ ਕੇ ਖੂਹ 'ਚ ਡਿੱਗਾ ਹਾਂ। ਫੌਜ 'ਚ ਛੋਟੇ ਰੈਂਕ ਵਾਲਿਆਂ ਲਈ ਤਾਂ ਪੱਕੀ ਗੁਲਾਮੀ ਵਾਲੀ ਹੀ ਗੱਲ ਹੈ। ਸਾਹਬ ਲੋਕ ਸਾਨੂੰ ਇੰਝ ਸਮਝਦੇ ਹਨ ਜਿਵੇਂ ਅਸੀਂ ਮਨੁੱਖ ਨਾ ਹੋ ਕੇ ਪਸ਼ੂ ਹੋਈਏ, ਗੱਡੇ ਅੱਗੇ ਜੁੱਪੇ ਹੋਏ। ਬੰਦੂਕ, ਜੋ ਸਾਡੀ ਤਾਕਤ ਬਨਣੀ ਚਾਹੀਦੀ ਹੈ, ਉਹੀ ਸਾਡੇ ਹੱਥਾਂ-ਪੈਰਾਂ ਦੀ ਬੇੜੀ ਪਈ ਹੈ। ਉਤੋਂ ਪੜ੍ਹਿਆਂ-ਲਿਖਿਆਂ ਤੇ ਪ੍ਰੋਫੈਸਰਾਂ ਨੂੰ ਮਸ਼ਕਰੀਆਂ ਸੁੱਝਦੀਆਂ ਨੇ।

ਖੈਰ ! ਮੇਰੇ ਬਹੁਤੇ ਰੰਜ ਨੂੰ ਤਾਂ ਗੁਰਨਾਮ ਸਿੰਘ ਤੇ ਗੁਰਸੀਤ 'ਕੱਲਰ ਅਜਰੀ ਨੇ ਹੀ ਜ਼ੁਬਾਨ ਦੇ ਦਿੱਤੀ ਹੈ। ਨਾਲ ਹੀ ਮੈਂ ਆਪਣੇ ਸਾਥੀ 'ਇੱਕ ਫੌਜੀ ਜਵਾਨ' ਦਾ ਰਿਣੀ ਹਾਂ, ਜੀਹਨੇ ਆਪਣੇ ਸਿਰਲੇਖ ਇੱਕ ਨਾਅਰੇ ਦਾ 'ਚੀਰਹਰਣ' ਹੇਠ ਕੁੱਝ ਸਤਰਾਂ ਲਿਖ ਕੇ ਪ੍ਰੋ: ਸਾਹਿਬ ਦੀ ਅੰਨ੍ਹੀ ਸ਼ਰਧਾ ਉਤੇ ਕਿੰਤੂ ਕੀਤਾ ਹੈ।

ਗਾਂਧੀ ਨਗਰ ਤੋਂ ਇਕ ਫੌਜੀ

**6.** ਸਮਤਾ ਮਾਰਚ (84) 'ਚ ਪ੍ਰੋ: ਭਾਰਦਵਾਜ ਦਾ ਲੇਖ, ਨਾ ਹੋ ਕੇ ਬੇਤੁਕੀਆਂ ਜ਼ਿਆਦਾ ਭੇਰਾ ਹੈ। ਪ੍ਰੋ: ਭਾਰਦਵਾਜ ਸਾਹਿਬ ਕਿਸਾਨੀ ਸੰਬੰਧੀ ਲਿਖਦੇ ਹਨ "......ਓ ਭੋਲਿਆ, ਮੈਂ ਕੋਈ ਗਲਤ ਗੱਲ ਕਿਹਾ ਸੀ ! ਸੱਚ ਜਾਣੀ ਤੇਰੇ ਨਾਲੋਂ ਮੰਗਤਾ ਵੀ ਕਈ ਦਰਜੇ ਚੰਗਾ ਹੈ 'ਨਹੀਂ' ਯਕੀਨ ਤੇ ਤੂੰ ਹੀ ਦਸ ਕਿ ਆੜਤੀਏ ਦੀ ਦੁਕਾਨ 'ਤੇ ਤੁਸੀਂ 'ਇਵੇਂ' ਹੀ ਜਾਂਦੇ ਹੋ ਕਿ ਨਹੀਂ.. ." "ਪਤਾ ਨਹੀਂ ਇਹ ਕਿਧਰ ਦੀ ਇਨਕਲਾਬੀ ਦਲੀਲ ਹੈ (ਇਹ "ਧਰਮਯੁੱਧ' ਲਈ ਦਲੀਲ ਤਾਂ ਹੋ ਸਕਦੀ ਹੈ) ਜੇ ਕੋਈ ਬੰਦਾ ਕੁਰਸੀ ਦੀ ਲਾਲਸਾ ਪਿਛੇ ਡਿੱਗ ਪਏ ਤਾਂ ਜ਼ਰੂਰੀ ਨਹੀਂ ਉਹਦੀਆਂ ਲਿਖਤਾਂ ਨਾਲ ਸਮਤਾ ਵਰਗੇ ਪਰਚੇ ਦੇ ਵਰ੍ਹੇ ਕਾਲੇ ਕੀਤੇ ਜਾਣ। ਜਿਸ ਭਾਰਦਵਾਜ ਨੇ 'ਜ਼ਬਰ' ਨੂੰ ਤੱਕ ਕੇ ਸਰਕਾਰੀ ਨੌਕਰੀ ਤੋਂ ਅਸਤੀਫਾ ਦਿਤਾ ਸੀ ਉਸਨੂੰ ਅੱਜ ਪੰਜਾਬ 'ਚ ਹੋ ਰਹੇ ਬੇਗੁਨਾਹ ਲੋਕਾਂ ਦੇ ਕਤਲਾਂ 'ਚ ਕਿਹੜਾ ਕਸੂਰ ਦਿਸਦਾ ? ਜਿਨ੍ਹਾਂ ਦੀਆਂ ਪਲੈਨਾਂ ਉਸ ਦੀ 'ਕੰਪਲੈਕਸ' 'ਚ ਬਣਦੀਆਂ ਹਨ ਜਿਸਦੀ ਜੀ ਹਜ਼ੂਰੀ 'ਚ ਅਜਕਲ ਪ੍ਰੋ: ਸਾਹਿਬ ਹਨ, ਅਜ ਉਹਨਾਂ ਦੀ ਜ਼ਮੀਰ ਕਿਉਂ ਨਹੀਂ ਉਹਨਾਂ ਨੂੰ ਵੰਗਾਰਦੀ, ਉਹ ਕਿਉਂ ਨਹੀਂ ਬਾਹਰ ਆਉਂਦੇ ਜਿਸ ਕਚਘਰੜ ਦਲਦਲ ਨੂੰ ਛੱਡ। ਸ਼ਾਇਦ ਉਹ ਨੇੜੇ ਭਵਿਖ 'ਚ ਬਨਣ ਵਾਲੀ ਸਰਕਾਰ ਦੇ ਮੁੱਖ ਮੰਤਰੀ ਦੇ 'ਸਲਾਹਕਾਰ' ਦੇ ਸੁਪਨੇ ਲੈ ਰਹੇ ਹੋਣ।

ਸਾਧਾਰਨ ਲੋਕ ਤੇ ਹਿੱਟ ਲਿਸਟ———ਹਾਂ ਸਾਨੂੰ ਸਚਮੁੱਚ ਹੁਣ ਇਸ ਰਾਹ ਤੁਰਨਾ ਪਵੇਗਾ, ਅਸੀਂ ਜਿਹੜੇ ਆਪਣੇ ਆਪਨੂੰ ਇਨਕਲਾਬੀ ਸਮਝਦੇ ਹਾਂ, ਇਹ ਚੈਲਿੰਜ ਕਰਨਾ ਪਵੇਗਾ, "......ਅਜ ਤੋਂ ਤੇਰਾ ਨਾਂ ਸਾਡੀ ਹਿੱਟ ਲਿਸਟ ਤੇ ਹੈ।' ਨਹੀਂ ਇਤਿਹਾਸ ਨੇ ਸਾਨੂੰ ਕਦੀ ਵੀ ਮੁਆਫ਼ ਨਹੀਂ ਕਰਨਾ।

ਕਹਾਣੀਆਂ ਦੋਵੇਂ ਵਧੀਆ ਹਨ। ਕਵਿਤਾ ਭਾਗ ਵੀ ਚੰਗਾ ਹੈ। —ਬਲਬੀਰ ਪਰਵਾਨਾ

**7.** 'ਸਮਤਾ' ਆਪਣੀ ਸਰਲਤਾ, ਸਪਸ਼ਟਤਾ ਤੇ ਅਕੱਟਤਾ ਆਦਿ ਗੁਣਾਂ ਕਰਕੇ ਪਾਰਟੀਆਂ ਵਲੋਂ ਉਲਝੇਵਿਆਂ ਦਾ ਸ਼ਿਕਾਰ ਕਰੇ ਉਦਾਸੀਨਤਾ ਵੱਲ ਸਰਕ ਰਹੇ ਖੱਬੀ ਲਹਿਰ ਦੇ ਹਜ਼ਾਰਾਂ ਹਮਦਰਦਾਂ ਵਿਚ ਨਵੀਂ ਕਿਸਮ ਦੀ ਉਸਾਰੂ ਹਲਚਲ ਪੈਦਾ ਕਰਨ ਦੀ ਭੂਮਿਕਾ ਨਿਭਾ ਰਿਹਾ ਹੈ। ਇਹ ਪਰਚਾ ਸਾਨੂੰ ਉਹੀ ਕੁੱਝ ਦੇ ਰਿਹਾ ਹੈ ਜਿਸਦੀ ਸੱਚਮੁੱਚ ਬੜੀ ਲੋੜ ਸੀ। ਬਹੁਤੇ ਨੁਕਤੇ ਤੁਹਾਡੇ ਤੇ ਪਾਠਕਾਂ ਵਲੋਂ ਅਜਿਹੇ ਉਠਾਏ ਗਏ ਹਨ ਜੋ ਅਸੀਂ ਲੀਡਰਾਂ ਤੇ ਸਰਗਰਮ ਕਾਰਕੁਨਾਂ ਤੋਂ (ਸੱਭ ਧਿਰਾਂ ਦੇ) ਐਵੇਂ ਖਾਹ-ਮੁਖਾਹ ਦੀ ਝਿਜਕ ਕਾਰਨ ਕਦੀ ਵੀ ਪੁੱਛ ਨਹੀਂ ਸਕੇ ਤੇ ਅੰਦਰੋ-ਅੰਦਰ ਰਿੱਝਦੇ ਰਹੇ।

ਕਈ ਵਾਰ ਇੰਜ ਜਾਪਦਾ ਹੈ ਕਿ ਜ਼ਾਤ ਪਾਤ ਦੇ ਵਿਰੁੱਧ ਬੋਲਣ ਵਾਲੇ ਖੁਦ ਕਿਸੇ ਜ਼ਾਤ ਦੇ ਪੱਖਪਾਤੀ ਹੋ ਕੇ ਬੋਲਣ ਲਗਦੇ ਹਨ। ਇਸਦੀ ਉਦਾਹਰਣ ਸਮਤਾ ਫੋਰਮ ਵਿਚ ਅਕਸਰ ਛਪਣ ਵਾਲਾ ਗੁਰਨਾਮ ਸਿੰਘ ਹੈ ਜਿਸਨੂੰ ਕਿ ਖੱਬੀਆਂ ਪਾਰਟੀਆਂ ਵਿਰੁੱਧ ਮੌਜੂਦਾ ਪ੍ਰਬੰਧ ਨਾਲੋਂ ਵੀ ਵੱਧ ਸ਼ਿਕਾਇਤ ਹੈ। ਉਹ ਆਪਣੇ ਇਕ ਪੜ੍ਹੇ ਲਿਖੇ ਬਾਲਮੀਕ ਪਰਿਵਾਰ 'ਚੋਂ ਹੋਣ ਦੀ ਦੁਹਾਈ ਪਾਉਂਦਾ ਹੈ ਤੇ ਉਹਨੂੰ ਵੱਡਾ ਦੁੱਖ ਹੈ ਕਿ ਜੱਟ ਕਾਮਰੇਡ ਉਨ੍ਹਾਂ ਨੂੰ ਤੇ ਉਹਦੇ ਵਰਗਿਆਂ ਨੂੰ ਆਪਣੀਆਂ ਕੁੜੀਆਂ ਕਿਉਂ ਨਹੀਂ ਵਿਆਹੁੰਦੇ ? ਕਾਮਰੇਡ ਬਨਣ ਲਈ ਬੁਰਜੂਆ ਸਿਆਸਦਾਨਾਂ ਵਾਂਗ ਲੱਖਾਂ ਰੁਪੈ ਖਰਚ ਕੇ ਇਲੈਕਸ਼ਨ ਨਹੀਂ ਲੜਨੀ ਪੈਂਦੀ। ਕੋਈ ਵੀ ਆਪਣੀ ਹਿੰਮਤ ਤੇ ਲਗਨ ਨਾਲ ਚੰਗਾ ਕਾਮਰੇਡ ਬਨਣ ਲਈ ਯਤਨਸ਼ੀਲ ਹੋ ਸਕਦਾ

Registered with the Registrar, News Papers, Vide No MA/12397-D dated 18.4 80
Post Office No. P/AR—133

ਹੈ, ਗੁਰਨਾਮ ਸਿੰਘ ਵੀ। 'ਪਾਰਟੀਆਂ' ਉਤੇ ਖਿਝਣ ਤੇ ਫਤਵੇ ਦੇਣ ਦੀ ਥਾਂ ਸਾਨੂੰ ਚਾਹੀਦਾ ਇਹ ਹੈ ਕਿ ਜਿਸ ਧਿਰ ਤੋਂ ਸਾਨੂੰ ਉਮੀਦਾਂ ਹਨ, ਉਸ ਵਿਚ ਸ਼ਾਮਲ ਹੋ ਕੇ ਉਹਨੂੰ ਸੁਪਨਿਆਂ ਦੇ ਹਾਣ ਦੀ ਬਣਾਉਣ ਲਈ ਤਾਣ ਲਾਈਏ।

ਸੰਸਕਾਰਾਂ ਦੀ ਸਾਰੇ ਸਮੂਹਾਂ ਤੇ ਡੂੰਘੀ ਜਕੜ ਹੋਣਾ ਕੁਦਰਤੀ ਹੈ। ਕਾਮਰੇਡ ਕੋਈ ਅਕਾਸ਼ੋਂ ਉਤਰੇ ਜੀਵ ਨਹੀਂ ਹਨ। ਪਰ ਇਹ ਉੱਕਾ ਹੀ ਸੰਭਵ ਨਹੀਂ ਕਿ ਜ਼ਾਤ ਪਾਤ ਦੀ ਲਾਹਨਤ ਦਾ ਜਿੰਨਾ ਸ਼ਿਕਾਰ ਬਾਕੀ ਦਾ ਸਮਾਜ ਹੈ ਕਾਮਰੇਡ ਵੀ ਤੇ ਜਿਸ ਤਰ੍ਹਾਂ ਉਸੇ ਤਰ੍ਹਾਂ ਹੀ ਹੋਣ। ਕਮਿਊਨਿਸਟ ਕਿਸੇ ਵੀ ਸਮਾਜ ਦੀ ਖੁਸ਼ਕਿਸਮਤੀ ਹੁੰਦੇ ਹਨ। ਉਨ੍ਹਾਂ ਕਾਰਨ ਸਮਾਜ ਦੀ ਖਲੋਤ ਟੁੱਟਦੀ ਹੈ ਲੋਕ ਬਿਹਤਰੀ ਵੱਲ ਨੂੰ ਰੁਚਿਤ ਹੁੰਦੇ ਹਨ। (ਕਮਿਊਨਿਸਟ ਬਣਨ ਵੱਲ ਵਧਣਾ ਹੀ ਆਮ ਲੋਕਾਂ ਤੋਂ ਕੁੱਝ ਨਾ ਕੁਝ ਚੰਗਾ ਮਨੁੱਖ ਬਣਨ ਦੀ ਸਥਿਤੀ ਹੈ)

ਜਿਥੋਂ ਤੀਕ ਜਾਂਤਪਾਤ ਦਾ ਸਬੰਧ ਹੈ। ਇਸ ਨੂੰ ਹਟਾ ਵੀ ਕਮਿਊਨਿਸਟਾਂ ਤੋਂ ਬਿਨਾਂ ਹੋਰ ਕੋਈ ਨਹੀਂ ਸਕਦਾ, ਨਾ ਧਾਰਮਕ ਲਹਿਰਾਂ, ਨਾ ਕੋਈ ਕਾਨੂੰਨ। ਅਸੀਂ ਵੀ ਦੇਖਿਆ ਹੈ ਤੇ ਹੋਰ ਸਭ ਨੇ ਵੀ ਦੇਖਿਆ ਹੈ ਕਿ ਜਿਥੇ ਜਿਥੇ ਹੀ ਖੱਬੀ ਧਿਰ ਦਾ ਹੋਲਡ ਬਣਿਆ ਹੈ। ਉਨਾਂ ਉਨ੍ਹਾਂ ਹੀ ਇਲਾਕਿਆਂ ਵਿਚ ਜ਼ਾਤੀ ਵੱਲੋਂ ਦੂਜੇ ਲੋਕਾਂ ਦਾ ਇਸ ਪੱਖੋਂ ਜੀਵਨ ਸੁਖਾਵਾਂ ਹੋਇਆ ਹੈ, ਪੂਰੀ ਤਰ੍ਹਾਂ ਇਸ ਲਾਹਨਤ ਦਾ ਸਫਾਇਆ ਕਾਫੀ ਸਟੇਟ ਉਤੇ ਕਿਰਤੀ ਸ਼੍ਰੇਣੀ ਦੇ ਕਬਜ਼ੇ ਤੋਂ ਪਹਿਲੀ ਉਮੀਦਣਾ, ਘੋਰ ਨਾ ਸਮਝੀ ਹੈ। ਕਾਮਰੇ?(ਜੋ ਜੱਟ ਹਨ) ਜੇ ਅਜੇ ਗੁਰਨਾਮ ਹੋਰਾਂ ਨੂੰ ਧੀਆਂ ਨਹੀਂ ਦੀ ਸਕੇ ਤਾਂ ਇਸ ਦੇ ਵੀ ਬੜੇ ਠੋਸ ਕਾਰਨ ਮੌਜੂਦ ਹਨ। ਛੜੱਪਿਆਂ ਨਾਲ ਸੰਸਕਾਰ ਤੋੜ ਕੇ ਜਨ ਜੀਵਨ ਵਿਚ ਰਮੇਂ ਰਹਿ ਸਕਣ ਦੀ ਸੰਭਾਵਨਾ ਰੱਖਣਾ। ਨਿਰਾ ਪੂਰਾ ਬਚਕਾਨਾ ਜੋਸ਼ ਹੀ ਹੋ ਸਕਦਾ ਹੈ, ਲਾਹੇਵੰਦਾ ਅਮਲ ਨਹੀਂ ਹੋ ਸਕਦਾ। ਖੱਬੀ ਧਿਰ ਤੇ ਪ੍ਰਸਾਰ ਅਤੇ ਵਿਕਾਸ ਦੇ ਅਗਲੇ ਪੜਾਵਾਂ ਤੇ ਜ਼ਰੂਰ ਇਹ ਸੰਭਵ ਹੋ ਸਕੇਗਾ। ਪਰ ਗੁਰਨਾਮ ਸਿੰਘ ਜੋ ਵਿਸ਼ਾ ਕੋਈ ਵੀ ਹੋਵੇ ਆਪਣੀ ਸਦੀਵੀ ਘਤੂਸ ਕੱਢਣ ਦਾ ਰਾਹ ਲੱਭ ਹੀ ਲੈਂਦਾ ਹੈ। ਮਈ ਅੰਕ ਵਿਚ ਉਸਨੇ ਹੋਰ ਵੀ ਅਜੀਬ ਗਾਂਧੀ ਥਿਊਰੀ ਪੇਸ਼ ਕਰ ਦਿਤੀ ਹੈ। ਪੈਦਾਵਾਰ ਦੇ ਵਿਕੇਂਦਰੀ ਕਰਣ ਨਾਲ ਕਿਸੇ ਸਮਾਜ ਦਾ ਵਿਕਾਸ ਨਹੀਂ ਹੁੰਦਾ। ਉਪਭੋਗਤਾ ਲਈ ਪੈਦਾਵਾਰ ਕਰਨਾ ਜਗੀਰੂ ਆਰਥਥਤਾ ਵਿਚ ਹੀ ਸੰਭਵ ਸੀ ਜਿਸ ਜੁੱਗ ਵਿਚ ਅਸੀਂ ਹਾਂ, ਉਸ ਵਿਚ ਮੰਡੀ ਤੋਂ ਮੁਕਤ ਹੋਣ ਦੀ ਗੱਲ ਭਰਮ ਜਾਂ ਮੂਰਖਤਾ ਹੀ ਹੈ। ਉਂਜ ਵੀ ਜੁਲਾਹਿਆਂ ਚਮਿਆਰਾਂ ਨੂੰ ਨਿਰਾ "ਮਾਣ ਦੇਣਾ" ਨਾਲ ਕੋਈ ਸਮੱਸਿਆ ਹੱਲ ਨਹੀਂ ਹੋ ਸਕਦੀ ਜਿਵੇਂ ਉਹ ਸਮਝਦਾ ਹੈ। ਗੁਰਨਾਮ ਦਾ ਦਾਅਵਾ ਹੈ ਕਿ ਮਾਣ ਨਾ ਮਿਲਣ ਕਾਰਨ ਹੀ ਉਹ ਪਿੰਡ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ। ਇਹ ਸਮਾਜ ਦੀ ਰੀਤ ਆਰਥਕਤਾ ਨੂੰ ਦੂਜੇ ਨੰਬਰ ਤੇ ਸੁੱਟਣ ਵਾਲੀ ਸਮਝ ਹੈ। ਏਨੀ ਕੁ ਸਮਝ ਰੱਖਣ ਵਾਲੇ ਜਦ ਕਾਮਰੇਡਾਂ ਦੁਆਲੇ ਛਿੱਤਰਲਾਹੀ ਫਿਰਦੇ ਹਨ ਤਾਂ ਵੇਖਣ ਵਾਲੇ ਨੂੰ ਸ਼ਰਮ ਆਉਂਦੀ ਹੈ। **ਲਖਵਿੰਦਰ ਸਿੰਘ 'ਹੁੰਦਲ'**

## 8. ਸਪਸ਼ਟੀਕਰਣ

ਮਾਰਚ, 84 'ਚ ਛਪੀ ਮੇਰੀ ਚਿੱਠੀ ਦੇ ਸੰਦਰਭ 'ਚ ਸਤਿਕਾਰਤ ਮਾਨ ਸਿੰਘ ਢੀਂਡਸਾ ਨੇ ਅਪ੍ਰੈਲ ਅੰਕ 'ਚ ਜੋ ਕੁਝ ਕਿਹਾ ਹੈ, ਮੈਂ ਉਸ ਬਾਰੇ ਕੁਝ ਸਪਸ਼ਟੀਕਰਣ ਦੇਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਤਾਂ ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਕ ਬਜ਼ੁਰਗ ਅਤੇ ਲੇਖਕ ਦੇ ਤੌਰ 'ਤੇ ਮੈਂ ਸੇਖੋਂ ਸਾਹਿਬ ਦਾ ਆਦਰ ਕਰਦਾ ਹਾਂ ਤੇ ਕਰਦਾ ਰਹਾਂਗਾ ਪਰ ਵਿਚਾਰਧਾਰਕ ਪੱਖ ਤੋਂ ਜੇ ਵੀਰ ਢੀਂਡਸਾ ਇਹ ਉਮੀਦ ਕਰੇ ਕਿ ਮੈਂ ਸੇਖੋਂ ਸਾਹਿਬ ਦੇ ਮੁਖ਼ਾਰਬਿੰਦ 'ਚੋਂ ਨਿਕਲੀ ਹਰ ਗੱਲ ਨੂੰ ਦਰੁਸਤ ਮੰਨ ਲਵਾਂ ਤਾਂ ਇਹ ਉਸਦੀ ਗਲਤ ਫ਼ਹਿਮੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਵਡੇਰੀ ਉਮਰ ਦਾ ਮਨੁੱਖ ਮਾਨਸਿਕ ਤੌਰ 'ਤੇ ਵੀ ਪ੍ਰੌੜ ਹੋਵੇ।

ਜਿੱਥੋਂ ਤੱਕ ਸੇਖੋਂ ਸਾਹਿਬ ਦੇ ਮਾਰਕਸਵਾਦ ਦਾ ਸਬੰਧ ਹੈ ਉਹ ਸੀ.ਪੀ.ਆਈ. ਅਤੇ ਐਮ. ਤੋਂ ਅਗਾਂਹ ਨਹੀਂ ਵੇਖ ਸਕਿਆ। ਤ੍ਰਿਪੁਰਾ ਜਾਂ ਪੱਛਮੀ ਬੰਗਾਲ ਵਿਚ ਸੀ.ਪੀ.ਆਈ. ਜਾਂ ਐਮ. ਦੀਆਂ ਸਰਕਾਰਾਂ ਬਨਣ ਨੂੰ ਹੀ ਮਾਰਕਸਵਾਦ ਦੀ ਸਫਲਤਾ ਕਹਿਣ ਵਾਲੇ ਸੇਖੋਂ ਸਾਹਿਬ ਦੀ ਸੋਚ ਤੇ ਹੱਸਿਆ ਹੀ ਜਾ ਸਕਦਾ ਹੈ।

ਜਿੱਥੋਂ ਤੱਕ ਮਾਰਕਸਵਾਦ ਨੂੰ ਵਿਸ਼ੇਸ਼ ਸੱਭਿਆਚਾਰਕ ਪ੍ਰਸੰਗ ਵਿਚ ਲਾਗੂ ਕਰਨ ਦਾ ਸੁਆਲ ਹੈ ਕੋਈ ਸੱਚਾ-ਸੁੱਚਾ ਮਾਰਕਸਵਾਦੀ ਏਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ। ਮਾਰਕਸ ਦੇ ਫ਼ਲਸਫ਼ੇ ਦਾ ਵਿਸ਼ੇਸ਼ ਗੁਣ ਹੈ ਹੀ ਇਹ ਕਿ ਉਹ ਸਮਾਂ, ਸਥਾਨ ਤੇ ਹਾਲਤਾਂ ਨੂੰ ਘੋਖ ਕੇ ਤੇ ਫਿਰ ਵਿਗਿਆਨਕ ਫ਼ਲਸਫ਼ਾ ਲਾਗੂ ਕਰਨ ਲਈ ਕਹਿੰਦਾ ਹੈ। ਜੇ ਸੇਖੋਂ ਸਾਹਿਬ ਦੇ ਦਿਮਾਗ 'ਚ ਇਹ ਗੱਲ ਦੇਰ ਬਾਅਦ ਆਈ ਹੈ ਤਾਂ ਇਸਨੂੰ ਉਨ੍ਹਾਂ ਦੇ ਸੋਚਣ ਢੰਗ ਦੀ ਸੀਮਾ ਹੀ ਕਿਹਾ ਜਾ ਸਕਦਾ ਹੈ।

ਜਿਥੋਂ ਤਕ ਮੇਰੇ ਇਸ ਦੋਸਤ ਨੇ ਇਹ ਗੱਲ ਕਹੀ ਕਿ ਰੁਪਿੰਦਰ ਨੂੰ ਸੇਖੋਂ ਸਾਹਿਬ ਦੀ ਵਿਅੰਗਆਤਮਿਕ ਬੋਲੀ ਦੀ ਸਮਝ ਨਹੀਂ ਆਈ ਤਾਂ ਮੈਂ ਪੁੱਛਣਾ ਚਾਹੁੰਨਾਂ ਮੇਰੇ ਵੀਰ ਤੋਂ ਕਿ ਦੋਸਤ ! ਸੇਖੋਂ ਸਾਹਿਬ ਪੰਜਾਬੀ 'ਚ ਹੀ ਬੋਲੇ ਸਨ ਨਾ...? ਪੰਜਾਬੀ ! ਜੋ ਮੇਰੀ ਮਾਂ ਬੋਲੀ ਹੈ ਫੇਰ ਨਾ ਸਮਝ ਆਉਣ ਵਾਲੀ ਕਿਹੜੀ ਗੱਲ ਸੀ। ਬਾਕੀ ਵਾਕਆਊਟ ਕਰਕੇ ਆਉਣ ਵਾਲੇ ਵੀਹ ਜਣੇ ਸਨ ਕੀ ਉਨ੍ਹਾਂ ਸਾਰਿਆਂ ਨੂੰ ਸੇਖੋਂ ਸਾਹਿਬ ਦੀ ਬੋਲੀ ਦੀ ਸਮਝ ਨੀ ਆਈ।

**—ਰੁਪਿੰਦਰ ਮਾਨ**